

Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 30
November 1, 2017
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


**ਅਦਾਰਾ 'ਦੇਸ਼ ਦੁਆਬਾ' ਵੱਲੋਂ ਆਪਣੇ ਪਾਠਕਾਂ, ਪ੍ਰਸ਼ੰਸਕਾਂ, ਇਸ਼ਤਿਹਾਰਦਾਤਵਾਂ ਅਤੇ ਕੁੱਲ ਲੁਕਾਈ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਨਗਰ ਕੀਰਤਨ ਅਤੇ ਗੁਰਤਾਗੱਦੀ ਦਿਵਸ ਦੀਆ ਲੱਖ-ਲੱਖ ਵਧਾਈਆਂ**



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜਨੋ ਅਤੇ ਸਿੱਖ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ, ਨਗਰ ਕੀਰਤਨ ਅਤੇ ਗੁਰਤਾਗੱਦੀ ਦਿਵਸ 5 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। **(ਹੋਰ ਜਾਣਕਾਰੀ ਲਈ ਅੰਦਰ ਇਸ਼ਤਿਹਾਰ ਦੇਖੋ)**

# ਸਿੱਖ ਟੈਂਪਲ ਟੈਰਾ ਬੁਇਨਾ (ਯੂਬਾ ਸਿਟੀ) ਵਿਖੇ ਆਤਮਰਸ ਕੀਰਤਨ ਦਰਬਾਰ ਸਜਾਏ ਗਏ

**ਯੂਬਾ ਸਿਟੀ (ਡੀ. ਡੀ. ਬੀ.)–** ਸਿੱਖ ਟੈਂਪਲ (ਗੁਰਦੁਆਰਾ ਸਾਹਿਬ) ਟੈਰਾ ਬੁਇਨਾ ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਦਿਹਾੜਾ ਅਤੇ ਜੁੱਗੋ-ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ 38ਵੇਂ ਮਹਾਨ ਨਗਰ ਕੀਰਤਨ ਸਬੰਧਤ ਲਗਾਤਰ ਹੋ ਰਹੇ ਸ੍ਰੀ ਅਖੰਡ ਪਾਠ ਜੀ ਦੇ ਪਾਠ ਦੌਰਾਨ ਲੰਘੇ ਐਤਵਾਰ 29 ਅਕਤੂਬਰ ਨੂੰ ਸ਼ਾਮ ਦੇ ਦੀਵਾਨਾਂ ਸਮੇਂ ''ਆਤਮ ਰਸ ਕੀਰਤਨ ਦਰਬਾਰ'' ਸਜਾਇਆ ਗਿਆ। ਇਸ ਦੌਰਾਨ ਭਾਰੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ।



ਗੁਰੂ ਘਰ ਦੇ ਸੀਨੀਅਰ ਵਾਈਸ ਸੈਕਰੇਟਰੀ ਸ. ਗੁਰਮੇਜ ਸਿੰਘ ਗਿੱਲ ਨੇ ਸਟੇਜ ਦੀ ਸੇਵਾ ਸੰਭਾਲਦਿਆਂ ਵੱਖ-ਵੱਖ ਰਾਗੀ, ਢਾਡੀ ਜਥਿਆਂ ਅਤੇ ਬੁਲਾਰਿਆਂ ਨੂੰ ਸਟੇਜ 'ਤੇ ਸੱਦਾ ਦਿੱਤਾ। ਅੱਜ ਦੇ ਵਿਸ਼ੇਸ਼ ਦੀਵਾਨ 'ਚ ਢਾਡੀ ਜਥਾ ਲਖਵਿੰਦਰ ਸਿੰਘ ਤੇ ਉਹਨਾਂ ਦੇ ਸਾਥੀ, ਭਾਈ ਇਕਬਾਲ ਸਿੰਘ ਕਥਾਵਾਚਕ, ਭਾਈ ਹਰਚਰਨ ਸਿੰਘ ਖਾਲਸਾ, ਸਾਬਕਾ ਹਜ਼ੂਰੀ ਰਾਗੀ ਜਥਾ ਸ੍ਰੀ ਸੱਚਖੰਡ ਹਰਿਮੰਦਰ ਸਾਹਿਬ ਅਮ੍ਰਿਤਸਰ, ਭਾਈ ਮਨਜੀਤ ਸਿੰਘ ਜੀ ਦਾ ਜਥਾ ਪਠਾਨਕੋਟ ਵਾਲੇ ਅਤੇ ਭਾਈ ਹਰਪ੍ਰੀਤ ਸਿੰਘ ਸਾਬਕਾ ਹਜ਼ੂਰੀ ਰਾਗੀ ਜਥਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਇਲਾਵਾ ਗੁਰੂ ਘਰ ਦਾ ਜਥਾ ਭਾਈ ਸਾਹਿਬ ਭਾਈ ਮਨੋਹਰ ਸਿੰਘ ਜੀ ਰਾਗੀ ਜਥਾ ਅਦਿ ਨੇ ਬਹੁਤ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਹਨਾਂ ਰਾਗੀ ਸਿੰਘ ਸਾਹਿਬਾਨ ਨੇ :

ਮੇਰੇ ਮਾਧਉ ਜੀ ਸਤਿਸੰਗਤਿ ਮਿਲੇ ਸਿ ਤਰਿਆ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧ ਸੰਗਤਿ ਤਰਿ ਜਾਹਿਗਾ॥
ਆਵਹੁ ਸਿਖ ਸਤਿਗੁਰ ਕੇ ਪਿਅਰਿਹੈ ਗਾਵਹੁ ਸਚੀ ਬਾਣੀ॥

***(ਬਾਕੀ ਖਬਰ ਦੇਖੋ ਸਫਾ 28 ਤੇ ਅਤੇ ਹੋਰ ਤਸਵੀਰਾਂ ਦੇਖੋ ਸਫਾ 35 'ਤੇ)***



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Jaspreet Singh
Attorney at Law USA
Over 18 years of Legal Experience
USA Immigration
Citizenship, Green Card
Deportation defense
Political Asylum
Specilized in
Detention cases, Artists
Singers P3 visas
Priest R1 visas
Investor EB 5 visas
L1 Business visas
Family law
Criminal Defense cases.

Offices
New York: 37-18 73 Street Suite # 401 Jackson Heights Ny 11372 Phone : 718-533-8444
Fremont: 44790 S Grimmer Blvd # 208 Fremont CA 94538 Phone : 510-657-6444
Fresno: 4491 W Shaw ave # 131 Fresno CA 93711 Phone : 559-271-5511
Sacramento: 2901 W Capitol ave West Sacramento CA 95691 Phone : 916-385-2288
Jaspreet Singh
Email : jaspreetsinghlawoffice@gmail.com

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

RE/MAX Gold
Each Office Independently Owned and Operated
Cell: 916-628-2210
Fax: 916-745-3424
Office: 916-285-1000
Dil Nijjar
REALTOR ®
CalBRE # 01418648
Email: Dil.Realtor@gmai,.com
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

2081 Arena Blvd # 100 Sacramento, CA 95834

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539






ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ



Late
Sh. Lahori Ram
Comissioner



## ਸਵਰਗਵਾਸੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦਾ ਪਰਿਵਾਰ



ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈ**



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

ਪਿਛਲੇ 34 ਸਾਲਾਂ ਤੋਂ ਪੰਜਾਬੀਆਂ ਦਾ ਮਨਭਾਉਂਦਾ

**ਕੈਸ਼ ਫੈਬਰਿਕਸ**


## ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS

### ਸਾੜੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram


ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ 'ਇੰਡੀਆ ਮਾਰਕੀਟ ਅਤੇ ਇੰਡੀਆ ਬਾਜ਼ਾਰ ਵੱਲੋਂ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈ**


## INDIA MARKET

SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

## INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price

Free Estimates Free Towing

510- 733- 2222

1421 Industrial PKWY West#F Hayward, CA 94544



ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ।



ਜਸਵੀਰ ਸਿੰਘ ਤੱਖਰ ਆਪਣੀ ਸਪੁੱਤਰੀ ਅਤੇ ਸਪੁੱਤਰ ਨਾਲ

TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532




ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ



ਸੁਰਿੰਦਰ ਕੋਕਾ






ਸੰਤ ਜਰਨੈਲ ਸਿੰਘ ਭਿੰਡਰਾਂਵਾਲੇ






ਜਨਰਲ ਸੁਬੇਗ ਸਿੰਘ

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਉਘੇ ਕਿਸਾਨ, ਸਮਾਜ ਸੇਵਕ ਅਤੇ ਪੱਤਰਕਾਰ **ਹਰਦਿਆਲ ਸਿੰਘ ਥਿਆੜਾ** ਅਤੇ ਸਮੂਹ ਥਿਆੜਾ ਪਰਿਵਾਰ ਵੱਲੋਂ **ਲੱਖ-ਲੱਖ ਵਧਾਈ**




ਹਰਦਿਆਲ ਸਿੰਘ ਥਿਆੜਾ





ਦੇਸ਼ ਦੁਆਬਾ

# ਪੰਜਾਬ ਦੇ ਪਿੰਡਾਂ ਦੀ ਦੁਰਦਸ਼ਾ

ਪੰਜਾਬ ਹੀ ਨਹੀਂ ਬਲਕਿ ਸਾਰੇ ਭਾਰਤ ਵਿਚ ਦਿਹਾਤੀ ਇਲਾਕਿਆਂ ਨੂੰ ਇੰਨੀ ਤਵੱਜੋਂ ਨਹੀਂ ਮਿਲੀ, ਜਿੰਨੀ ਸ਼ਹਿਰਾਂ ਨੂੰ ਮਿਲੀ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਪਿੰਡਾਂ ਤੋਂ ਪਲਾਇਨ ਜਾਰੀ ਹੋ ਗਿਆ ਅਤੇ ਸ਼ਹਿਰਾਂ ਦੀ ਆਬਾਦੀ ਲਗਾਤਾਰ ਵੱਧ ਰਹੀ ਹੈ। ਪ੍ਰਵਾਸ ਕਰਨ ਦੀ ਪੰਜਾਬੀਆਂ ਦੀ ਲਲਕ ਕਾਰਨ ਕਈ ਪਿੰਡਾਂ ਵਿਚ ਬਹੁਤ ਸਾਰੇ ਘਰਾਂ ਨੂੰ ਜਿੰਦਰੇ ਵੱਜੇ ਪਏ ਹਨ। ਇੰਨਾ ਹੀ ਨਹੀਂ ਪਿੰਡਾਂ ਵਿਚ ਸਕੂਲ, ਡਿਸਪੈਂਸਰੀਆਂ, ਹਸਪਤਾਲ, ਬੈਂਕ, ਡਾਕ, ਪਬਲਿਕ ਟਰਾਂਸਪੋਰਟ ਹਾਲੇ ਤੱਕ ਵੀ ਚੰਗੀ ਤਰ੍ਹਾਂ ਨਹੀਂ ਪਹੁੰਚ ਸਕਿਆ।

ਹਾਲ ਹੀ ਵਿਚ ਆਏ ਇਕ ਖੋਜ ਪ੍ਰਾਜੈਕਟ 'ਪੰਜਾਬ ਦੇ ਦਿਹਾਤੀ ਇਲਾਕਿਆਂ ਵਿੱਚ ਮਜ਼ਦੂਰ ਔਰਤ ਪਰਿਵਾਰਾਂ ਦਾ ਆਰਥਿਕ, ਸਮਾਜਿਕ ਤੇ ਰਾਜਸੀ ਵਿਸ਼ਲੇਸ਼ਣ' ਦੇ ਤਹਿਤ ਮਾਝਾ, ਦੋਆਬਾ ਅਤੇ ਮਾਲਵਾ ਖੇਤਰਾਂ ਦੇ ਪਿੰਡਾਂ ਦਾ ਸਾਲ 2016-17 ਵਿੱਚ ਸਰਵੇਖਣ ਕੀਤਾ ਗਿਆ। ਇਸ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਸਰਕਾਰ ਅਤੇ ਸਮਾਜ ਦੀ ਪਿੰਡਾਂ ਤੇ ਦਿਹਾਤੀ ਵਸਨੀਕਾਂ ਪ੍ਰਤੀ ਬੇਰੁਖ਼ੀ ਤੇ ਅਣਗਹਿਲੀ ਕਾਰਨ ਪਿੰਡ ਖੋਲ਼ੇ ਬਣਦੇ ਜਾ ਰਹੇ ਹਨ। ਪਿੰਡਾਂ ਦੇ ਲੋਕ ਮਿਆਰੀ ਸਿੱਖਿਆ, ਸਿਹਤ ਤੇ ਰੁਜ਼ਗਾਰ ਸਹੂਲਤਾਂ ਲਈ ਸ਼ਹਿਰਾਂ ਜਾਂ ਵਿਦੇਸ਼ਾਂ ਵੱਲ ਪਰਵਾਸ ਕਰਦੇ ਜਾ ਰਹੇ ਹਨ। ਇਸ ਤੱਥ ਦੀ ਪੁਸ਼ਟੀ ਸਹਿਜ ਹੀ ਪਿੰਡਾਂ ਦੇ ਘਰਾਂ, ਸਕੂਲਾਂ, ਹਸਪਤਾਲਾਂ ਅਤੇ ਹੋਰ ਸਾਂਝੀਆਂ ਥਾਵਾਂ ਦੀ ਦੁਰਦਸ਼ਾ ਵੇਖ ਕੇ ਹੋ ਜਾਂਦੀ ਹੈ। ਮਾਝਾ, ਦੋਆਬਾ ਅਤੇ ਮਾਲਵਾ ਖ਼ਿੱਤਿਆਂ ਦੇ ਪਿੰਡਾਂ ਵਿੱਚ ਕਈ ਘਰਾਂ ਨੂੰ ਜਿੰਦਰੇ ਲੱਗੇ ਹੋਏ ਹਨ। ਕਈ ਘਰ ਅਜਿਹੇ ਹਨ ਜਿਨ੍ਹਾਂ ਵਿੱਚ ਰੌਣਕ ਨਹੀਂ, ਇਕੱਲੇ ਬਜ਼ੁਰਗ, ਨੌਕਰ ਜਾਂ ਰਿਸ਼ਤੇਦਾਰੀਆਂ ਵਿੱਚੋਂ ਲੋੜਵੰਦ ਪਰਿਵਾਰ ਰਹਿ ਰਹੇ ਹਨ। ਇਨ੍ਹਾਂ ਘਰਾਂ ਦੇ ਮਾਲਕ ਆਪਣੇ ਬੱਚਿਆਂ ਦੀ ਪੜ੍ਹਾਈ ਜਾਂ ਨੌਕਰੀਆਂ/ਕਾਰੋਬਾਰਾਂ ਲਈ ਸ਼ਹਿਰਾਂ ਵਿੱਚ ਚਲੇ ਗਏ ਜਾਂ ਫਿਰ ਉਹ ਰੋਜ਼ੀ-ਰੋਟੀ ਲਈ ਵਿਦੇਸ਼ਾਂ ਵਿੱਚ ਪਰਵਾਸ ਕਰ ਗਏ ਹਨ। ਕਿਸੇ ਮੌਕੇ ਪਿੰਡਾਂ ਵਿੱਚ ਸਕੂਲਾਂ ਦੇ ਵਿਕਾਸ ਲਈ ਪੇਂਡੂ ਵਾਸੀ ਰਲ-ਮਿਲ ਕੇ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਉਂਦੇ ਸਨ। ਜੇ ਸਕੂਲਾਂ ਦੇ ਵਿਕਾਸ ਸੰਬੰਧੀ ਕੰਮਾਂ ਵਿੱਚ ਕੋਈ ਅੜਿੱਕਾ ਬਣਦਾ ਤਾਂ ਪਿੰਡ ਵਾਸੀ ਆਪਣਾ ਬਣਦਾ ਵਿਰੋਧ ਦਰਜ ਕਰਾਉਂਦੇ ਸੀ। ਨਤੀਜੇ ਵਜੋਂ ਵਿਕਾਸ ਕੰਮ ਫਿਰ ਲੀਹ ਉਪਰ ਆ ਜਾਂਦਾ ਸੀ। ਇਨ੍ਹਾਂ ਸਕੂਲਾਂ ਵਿੱਚੋਂ ਪੜ੍ਹੇ ਵਿਦਿਆਰਥੀ ਦੇਸ਼-ਵਿਦੇਸ਼ਾਂ ਵਿੱਚ ਮਾਣਮੱਤੇ ਅਹੁਦਿਆਂ ਤਕ ਪਹੁੰਚੇ। ਹੁਣ ਇਹ ਸਕੂਲ ਪਹਿਲਾਂ ਵਰਗੇ ਨਹੀਂ ਰਹੇ ਤੇ ਇਨ੍ਹਾਂ ਵਿੱਚ ਸਿਰਫ ਗ਼ਰੀਬਾਂ ਦੇ ਬੱਚੇ ਹੀ ਪੜ੍ਹਦੇ ਹਨ। ਗ਼ਰੀਬ ਮਾਪੇ ਆਪਣੇ ਬੱਚਿਆਂ ਨੂੰ ਵੱਡੇ ਖ਼ਰਚਿਆਂ ਵਾਲੇ ਸਕੂਲਾਂ ਵਿੱਚ ਦਾਖ਼ਲ ਕਰਾਉਣ ਦਾ ਸੁਪਨਾ ਵੀ ਨਹੀਂ ਲੈ ਸਕਦੇ। ਨਤੀਜੇ ਵਜੋਂ ਪੇਂਡੂ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਹੀ ਘੱਟ ਗਈ ਹੈ।

ਤੇਜ਼ੀ ਨਾਲ ਵੱਧ ਰਿਹਾ ਸ਼ਹਿਰੀਕਰਨ ਭਾਰਤੀ ਸਮਾਜ ਦੇ ਨਕਸ਼ੇ ਨੂੰ ਵਿਗਾੜ ਰਿਹਾ ਹੈ। ਇਸ ਕਾਰਨ ਸ਼ਹਿਰਾਂ ਤੇ ਭਾਰ ਵੱਧ ਰਿਹਾ ਹੈ ਅਤੇ ਪਿੰਡ ਖਾਲੀ ਹੋ ਰਹੇ ਹਨ। ਜਦਕਿ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਭਾਰਤ ਪਿੰਡਾਂ ਦਾ ਦੇਸ਼ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-47

## ਗੁਰੂ ਨਾਨਕ ਸਾਹਿਬ ਨੇ ਨੀਚਾਂ ਨੂੰ ਊਚ ਕਿਵੇਂ ਕੀਤਾ?



ਅਵਤਾਰ ਸਿੰਘ ਮਿਸ਼ਨਰੀ
510-432-5827

ਇੱਕ ਓਅੰਕਾਰ ਦਾ ਉਪਦੇਸ਼ ਦੇ ਕੇ, ਬਾਬੇ ਨਾਨਕ ਨੇ ਮੰਨੂੰ ਵਰਗੇ ਮੁਤਸਬੀ ਬਾਮਣਾਂ ਅਤੇ ਮੁਲਾਣਿਆਂ ਵੱਲੋਂ ਦੁਰਕਾਰੇ, ਆਰਥਿਕ ਪੱਖੋਂ ਕਮਜੋਰ ਲੋਗਾਂ, ਜਿਨ੍ਹਾਂ ਨੂੰ ਇਹ ਨੀਚ ਬਣਾ ਜਲੀਲ ਕਰਦੇ, ਬਰਾਬਰ ਸਤਿਕਾਰਦੇ ਹੋਏ, ਫੁਰਮਾਨ ਜਾਰੀ ਕੀਤਾ-ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ਼॥(੧੫) ਪਹਿਲ ਕਦਮੀ ਕਰਦੇ ਨੀਚ ਜਾਤ ਮੰਨੇ ਗਏ ਭਾਈ ਮਰਦਾਨਾ ਜੀ ਨੂੰ ਆਪਣਾ ਭਾਈ ਬਣਾ ਨਿਵਾਜਿਆ। ਭਾਈ ਲਾਲੋ ਕਿਰਤੀ ਤਰਖਾਣ ਦੀ ਕੋਧਰੇ ਦੀ ਰੋਟੀ ਅੰਮ੍ਰਿਤ ਕਹਿ ਖਾਣੀ ਅਤੇ ਉੱਚਜਾਤੀ ਮਲਕ ਭਾਗੋ ਦੇ ਮਾਲ ਪੂੜੇ ਪਕਵਾਨ ਭਰੀ ਸਭਾ ਵਿੱਚ ਠੁਕਰਾਉਣੇ ਇਸੇ ਕੜੀ ਦਾ ਹਿੱਸਾ ਹਨ। ਧਾਰਮਿਕ ਕਠੜਵਾਦ ਤੋਂ ਉੱਪਰ ਉਠ, ਮੰਦਰਾਂ, ਮਸਜਦਾਂ ਅਤੇ ਜੋਗੀ ਮੱਠਾਂ, ਹਿੰਦੂ ਤੀਰਥਾਂ ਅਤੇ ਮੁਸਲਮਾਨਾਂ ਦੇ ਮੱਕੇ ਆਦਿਕ ਧਰਮ ਅਸਥਾਨਾਂ 'ਤੇ ਜਾ ਕੇ ਦ੍ਰਿੜਤਾ ਨਾਲ ਕਹਿਣਾ ਹਿੰਦੂ-ਮੁਸਲਮਾਨ ਆਦਿਕ ਵਾਲੇ ਝਗੜੇ ਛੱਡੋ, ਅਸੀਂ ਸਾਰੇ ਇਨਸਾਨ ਹਾਂ। ਗੁਰੂ ਨਾਨਕ ਦੇ ਪੰਜਵੇਂ ਜਾਂਨਸ਼ੀਨ ਗੁਰੂ ਅਰਜਨ ਸਾਹਿਬ ਨੇ ਵੀ ਇਸ ਦੀ ਪ੍ਰੋੜਤਾ ਕਰਦੇ ਫੁਰਮਾਇਆ-ਨਾ ਹਮ ਹਿੰਦੂ ਨਾ ਮੁਸਲਮਾਨ॥ ਅਲਾਹ ਰਾਮ ਕੇ ਪਿੰਡੁ ਪਰਾਨ॥ (1136) ਉਪ੍ਰੋਕਤ ਸਭ ਨੂੰ ਸਭ ਥਾਂਵਾਂ ਤੇ ਜਾ ਕੇ ਸਾਂਝਾ ਉਪਦੇਸ਼ ਦਿੱਤਾ ਕਿ-ਏਕੁ ਪਿਤਾ ਏਕਸ ਕੇ ਹਮ ਬਾਰਿਕ॥ (੬੧੧) ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥(੨੬੮) ਸਾਡਾ ਸਭ ਦਾ ਮਾਤਾ ਪਿਤਾ ਇੱਕ ਤੇ ਅਸੀਂ ਸਾਰੇ ਉਸੇ ਦੇ ਪੈਦਾ ਕੀਤੇ ਬੱਚੇ ਬੱਚੀਆਂ ਹਾਂ।



ਆਓ ਅਖੌਤੀ ਜਾਤ-ਪਾਤ ਊਚ ਨੀਚ ਬਾਰੇ ਗੁਰੂ ਬਾਬਾ ਨਾਨਕ ਦੇ ਜਾਂਨਸ਼ੀਨਾਂ ਅਤੇ ਰੱਬੀ ਭਗਤਾਂ ਦੇ ਉਪਦੇਸ਼ ਵੀ ਵੀਚਾਰੀਏ। ਇਸ ਜਾਤਿ-ਪਾਤਿ ਤੇ ਵਰਣ-ਵੰਡ ਦਾ ਭਰਵਾਂ ਖੰਡਣ ਭਾਵੇਂ ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਵਰਗੇ ਕ੍ਰਾਂਤੀਕਾਰੀ ਭਗਤਾਂ ਅਤੇ ਸੂਫੀ ਫਕੀਰਾਂ ਨੇ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਕੇ ਬੜੀ ਤਨਦੇਹੀ ਨਾਲ ਕਰਦੇ ਹੋਏ ਕਿਹਾ ਕਿ-ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭਿ ਬੰਦੇ॥ ਏਕੁ ਨੂਰ ਤੇ ਸਭਿ ਜਗ ਉਪਜਿਆ ਕਉਣ ਭਲੇ ਕਉਣ ਮੰਦੇ॥(੧੩੪੯)ਜੌ ਤੂੰ ਬ੍ਰਾਹਮਣ ਬ੍ਰਾਹ-ਮਣੀ ਜਾਇਆ॥ਤਉ ਆਨ ਬਾਟ ਕਾਹੇ ਨਹੀ ਆਇਆ॥ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥ ਕਹੁ ਕਬੀਰ ਜੋ ਬ੍ਰਹਮ ਬੀਚਾਰੈ॥ ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ(੩੨੪) ਭਾਵ ਜੇ ਤੂੰ ਉਚ ਜਾਤੀ ਸੀ ਅਤੇ ਤੂੰ ਬ੍ਰਾਹਮਣੀ ਦੇ ਪੇਟ ਤੋਂ ਪੈਦਾ ਹੋਇਆ ਸੀ ਤਾਂ ਜਿਸ ਰਸਤੇ ਔਰਤ ਹੋਰਨਾਂ ਨੂੰ ਜਨਮ ਦਿੰਦੀ ਹੈ ਤੂੰ ਉਸ ਰਸਤੇ ਕਿਊਂ ਪੈਦਾ ਹੋਇਆ? ਤੇਰਾ ਪੈਦਾ ਹੋਣ ਦਾ ਰਸਤਾ ਵੀ ਹੋਰ ਹੋਣਾ ਚਾਹੀਦਾ ਸੀ।ਸਾਡੇ ਵਿੱਚ ਕਿਵੇਂ ਲਹੂ ਤੇ ਤੇਰੇ ਵਿੱਚ ਦੁੱਧ ਹੈ? ਭਾਵ ਸਾਰੀ ਸ੍ਰਿਸ਼ਟੀ ਦੇ ਮਨੁੱਖਾਂ ਅੰਦਰ ਖੂਨ ਲਾਲ ਰੰਗ ਦਾ ਹੀ ਹੈ ਜੋ ਤੇਰੇ ਵਿੱਚ ਤੇ ਸਾਡੇ ਵਿੱਚ ਵੀ ਲਾਲ ਹੈ ਫਿਰ ਤੂੰ ਬ੍ਰਾਹਮਣ ਤੇ ਅਸੀਂ ਸ਼ੂਦਰ ਕਿਵੇਂ ਹੋਏ? ਸਾਡੇ ਵਿੱਚ ਤਾਂ ਬ੍ਰਹਮ ਦੀ ਵਿਚਾਰ ਕਰਨ ਵਾਲਾ ਹੀ ਬ੍ਰਾਮਣ ਮੰਨਿਆਂ ਜਾਂਦਾ ਹੈ। ਇਉਂ ਭਗਤਾਂ ਨੇ ਜਾਤਿ-ਪਾਤਿ ਵਿਰੁੱਧ ਪ੍ਰਚਾਰ ਕੀਤਾ ਪਰ ਬੋਲ ਬਾਲਾ ਬ੍ਰਾਹਮਣ ਦਾ ਹੋਣ ਕਰਕੇ ਅਤੇ ਬ੍ਰਾਹਮਣ ਮੁਗਲੀਆ ਹਕੂਮਤ ਦਾ ਝੋਲੀ ਚੁੱਕ ਹੋਣ ਕਰਕੇ ਵਕਤੀਆ ਹਕੂਮਤ ਦੇ ਕੰਨ ਇਨ੍ਹਾਂ ਕ੍ਰਾਂਤੀਕਾਰੀ ਭਗਤਾਂ ਵਿਰੁੱਧ ਭਰੇ ਕਿ ਇਹ ਲੋਕ ਹਕੂਮਤ ਲਈ ਖਤਰਾ ਹਨ ਇਨ੍ਹਾਂ ਦੀ ਬੁਲੰਦ ਅਵਾਜ਼ ਨੂੰ ਇੱਥੇ ਹੀ ਦਬਾ ਦਿੱਤਾ ਜਾਵੇ। ਇਵੇਂ ਹਕੂਮਤ ਕੋਲੋਂ ਸੱਚ ਦੇ ਮੁਤਲਾਸ਼ੀਆਂ ਨੂੰ ਤਸੀਹੇ ਵੀ ਦਵਾਏ। ਇਨ੍ਹਾਂ ਦੇ ਇਤਿਹਾਸ ਵਿੱਚ ਵੀ ਰਲਾ ਪਾ ਦਿੱਤਾ ਗਿਆ ਅਗਰ ਗੁਰੂ ਨਾਨਕ ਸਾਹਿਬ ਇਨ੍ਹਾਂ ਭਗਤਾਂ ਦੀ ਰਚਨਾ ਨਾਂ ਸੰਭਾਲਦੇ ਤਾਂ ਉਹ ਵੀ ਇਨ੍ਹਾਂ ਜਾਤਿ ਅਭਿਮਾਨੀਆਂ ਨੇ ਰੱਦੂ-ਬੱਦੂ ਕਰ ਦੇਣੀ ਸੀ ਜੋ ਬਾਬੇ ਨਾਨਕ ਨੇ ਪੋਥੀ ਸਾਹਿਬ ਵਿੱਚ ਸੰਭਾਲ ਲਈ ਅਤੇ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤੀ।

ਕੀ ਸਾਡੇ ਪ੍ਰਮਾਤਮਾਂ ਵੀ ਵੱਖਰੇ-ਵੱਖਰੇ ਹਨ? ਕੀ ਊਚ-ਨੀਚ, ਜਾਤਾਂ-ਪਾਤਾਂ ਨੂੰ ਮੰਨਣ ਵਾਲੇ ਪ੍ਰਮਾਤਮਾਂ ਦੀ ਜਾਤਿ ਦੱਸ ਸਕਦੇ ਹਨ? ਜੇ ਨਹੀਂ ਤਾਂ ਪ੍ਰਮਾਤਮਾਂ ਦੀ ਪੈਦਾ ਕੀਤੀ ਮਨੁੱਖਾ ਜਾਤਿ (ਇਨਸਾਨੀਅਤ) ਨੂੰ ਵਰਣ-ਵੰਡ ਵਿੱਚ ਵੰਡ ਕੇ ਕਿਉਂ ਮਨੁੱਖਤਾ ਦੀਆਂ ਵੰਡੀਆਂ ਪਾਈ ਜਾ ਰਹੇ ਹਨ? ਗੁਰੂ ਸਾਹਿਬ ਤਾਂ ਕਹਿ ਰਹੇ ਹਨ ਕਿ-ਜਾਤਿ ਕਾ ਗਰਬੁ ਨ ਕਰਿ ਮੂਰਖ ਗਾਵਾਰਾ॥ ਇਸੁ ਗਰਬ ਤੇ ਚਲਹਿ ਬਹੁਤਿ ਵਿਕਾਰਾ॥(੧੧੨੭) ਹੇ ਮੂਰਖ ਗਵਾਰ ਤੂੰ ਉੱਚੀ ਜਾਤਿ ਦਾ ਹੰਕਾਰ ਕਿਉਂ ਕਰਦਾ ਹੈਂ ਜੋ ਬਹੁਤੇ ਵਿਕਾਰਾਂ ਨੂੰ ਪੈਦਾ ਕਰਦਾ ਹੈ। ਜਾਤੀ ਦੈ ਕਿਆ ਹਥਿ ਸਚਿ ਪਰਖੀਐ॥ ਮਹੁਰਾ ਹੋਵੈ ਹਥਿ ਮਰੀਐ ਚਖੀਐ॥(੧੪੨) ਗੁਰੂ ਜੀ ਦੋ ਟੂਕ ਫੈਸਲਾ ਕਰਦੇ ਹਨ ਕਿ ਉੱਚੀ ਜਾਤਿ ਵਾਲੇ ਦੇ ਹੱਥ ਵਿੱਚ ਜੇ ਜ਼ਹਿਰ ਹੈ ਤਾਂ ਚੱਖਣ ਤੇ ਉਹ ਮਰੇਗਾ ਹੀ ਇਹ ਨਹੀ ਕਿ ਉੱਚੀ ਜਾਤਿ ਉਸ ਨੂੰ ਬਚਾ ਲਵੇਗੀ। ਸਾਰੀ ਮਨੁੱਖਤਾ ਵਿੱਚ ਰੱਬ ਦੀ ਹੀ ਜੋਤਿ ਹੈ ਜੋ ਇਨਸਾਨੀ ਏਕਤਾ ਦਾ ਅਕੱਟ ਸਬੂਤ ਦੇ ਰਹੀ ਹੈ-ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭਿ ਮਹਿ ਚਾਨਣੁ ਹੋਇ॥(੬੬੩) ਪ੍ਰਭੂ ਨੂੰ ਭੁਲਣ ਵਾਲਾ ਹੀ ਕਮਜਾਤਿ ਹੈ ਅਤੇ ਨਾਮ ਵਿਹੂਣਾ ਹੀ ਨੀਵੀਂ ਜਾਤਿ ਵਾਲਾ ਹੈ-ਖਸਮ ਵਿਸਾਰਹਿ ਤੇ ਕਮਜਾਤਿ॥ ਨਾਨਕ ਨਾਵੈ ਬਾਝੁ ਸਨਾਤਿ॥(੩੪੯) ਗੁਰੂ ਰਾਮਦਾਸ ਜੀ ਨੇ ਉਨ੍ਹਾਂ ਭਗਤਾਂ ਦਾ ਜਿਕਰ ਕੀਤਾ ਜਿਨ੍ਹਾਂ ਨੂੰ ਜਾਤਿ ਅਭਿਮਾਨੀ ਬ੍ਰਾਹਮਣ ਆਦਿਕ ਨੀਚ ਜਾਤਿ ਕਹਿ ਕੇ ਦੁਰਕਾਰਦੇ ਅਤੇ ਉਨ੍ਹਾਂ ਦਾ ਪ੍ਰਛਾਵਾਂ ਤੱਕ ਲੈਣਾ ਮਾੜਾ ਸਮਝਦੇ ਸਨ। ਉਹ ਰੱਬ ਦਾ ਨਾਮ ਜਪ ਕੇ ਅਤੇ ਚੰਗੇ ਕਰਮ ਕਰਕੇ ਉੱਚੇ-ਸੁੱਚੇ ਹੋ ਗਏ, ਲੋਕ ਉਨ੍ਹਾਂ ਦੀ ਸੇਵਾ ਅਤੇ ਸੰਗਤਿ ਕਰਨ ਲੱਗ ਪਏ, ਰੱਬ ਨੇ ਉਨ੍ਹਾਂ ਦੀ ਕੋਈ ਨੀਵੀ ਜਾਤਿ ਨਾ ਦੇਖੀ ਸਗੋਂ ਉਨ੍ਹਾਂ ਨੂੰ ਆਪਣੀ ਗਲਵਕੜੀ ਵਿੱਚ ਲੈ ਪਿਆਰ ਕੀਤਾ-ਨੀਚ ਜਾਤਿ ਹਰਿ ਜਪਦਿਆ ਉਤਮ ਪਦਵੀ ਪਾਇ॥ ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥੧॥ ਰਵਿਦਾਸੁ ਚਮਾਰੁ

(ਬਾਕੀ ਸਫਾ 24 'ਤੇ)

# ਗ੍ਰਾਮੋਫੋਨ ਮਸ਼ੀਨਾਂ ਤੇ ਤਵੇ ਰੱਖਣ ਦਾ ਸ਼ੌਕੀ 'ਸੁਖਵਿੰਦਰ ਸਿੰਘ ਅਟਵਾਲ'



ਤਸਵਿੰਦਰ ਸਿੰਘ ਬੜੈਚ
98763-22677

'ਤਵਿਆਂ ਵਾਲਾ ਵਾਜਾ' ਜੋ ਗ੍ਰਾਮੋਫੋਨ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਰਿਹਾ ਹੈ, ਕਿਸੇ ਵੇਲੇ ਲੋਕਾਂ ਦੇ ਮਨੋਰੰਜਨ ਦਾ ਸਭ ਤੋਂ ਵੱਡਾ ਜ਼ਰੀਆ ਹੁੰਦਾ ਸੀ। ਇਹਦੇ ਬਿਨਾਂ ਗੀਤ-ਸੰਗੀਤ ਦੀ ਕਲਪਨਾ ਨਹੀਂ ਸੀ ਕੀਤੀ ਜਾ ਸਕਦੀ। ਵੱਖ-ਵੱਖ ਕਲਾਕਾਰਾਂ ਦੀਆਂ ਸੁਰੀਲੀਆਂ ਆਵਾਜਾਂ ਵਾਲਾ ਕਾਲੇ ਰੰਗ ਦਾ ਰਿਕਾਰਡ ਜਦੋਂ ਗ੍ਰਾਮੋਫੋਨ ਮਸ਼ੀਨ 'ਤੇ ਚੱਲਦਾ ਤਾਂ ਹਰ ਕੋਈ ਨਸ਼ਿਆਂ ਜਾਂਦਾ ਸੀ। ਪੁਰਾਣੇ ਸਮਿਆਂ 'ਚ ਜੇ ਵਿਆਹ ਵਾਲੇ ਘਰ ਕੋਠੇ 'ਤੇ ਸਪੀਕਰ ਨਾ ਲੱਗਾ ਹੁੰਦਾ ਤਾਂ ਵਿਆਹ ਨੂੰ ਅਧੂਰਾ ਸਮਝਿਆ ਜਾਂਦਾ ਸੀ। ਜਦੋਂ ਪਿੰਡ ਵਿਚ ਕਿਸੇ ਦੇ ਵਿਆਹ-ਸ਼ਾਦੀ ਹੁੰਦੀ ਤਾਂ ਘਰ ਦੀ ਛੱਤ ਉੱਪਰ ਖੜ੍ਹੀਆਂ ਕੀਤੀਆਂ ਦੋ ਮੰਜੀਆਂ ਜਾਂ ਵਿਹੜੇ ਵਿਚ ਉੱਗੇ ਪੌਦਿਆ, ਰੁੱਖਾਂ ਉੱਪਰ ਸਪੀਕਰ ਗੂੰਜ ਰਿਹਾ ਹੁੰਦਾ ਤਾਂ ਇਹ ਇਸ ਗੱਲ ਦੀ ਗਵਾਹੀ ਭਰ ਦਿੰਦਾ ਕਿ ਇਸ ਘਰ ਵਿਚ ਮੁੰਡੇ ਦੀ ਮੰਗਣੀ ਜਾਂ ਵਿਆਹ ਜਾਂ ਫਿਰ ਹੋਰ ਕੋਈ ਖੁਸ਼ੀ ਦਾ ਸਮਾਗਮ ਹੋਣ ਜਾ ਰਿਹਾ ਹੈ। ਮਾਨੋਂ ਤਵਿਆਂ ਵਾਲਾ ਵਾਜਾ ਖੁਸ਼ੀ ਦੇ ਸਮਾਗਮਾਂ ਵਿਚ ਖੂਬ ਰੌਣਕਾਂ ਭਰਨ ਵਾਲੇ ਬਿਗਲ ਦਾ ਕੰਮ ਦਿੰਦਾ। ਸਪੀਕਰ ਪਿੰਡ ਵੱਲ ਨੂੰ ਮੂੰਹ ਕਰਕੇ ਟੰਗਿਆ ਜਾਂਦਾ ਸੀ, ਜਿਸ ਦਾ ਸਵੀਪ ਹੇਠਾਂ ਰੱਖੀ ਤਵੇ ਵਾਲੀ ਮਸ਼ੀਨ ਨਾਲ ਹੁੰਦਾ ਸੀ। ਵਿਆਹ-ਸ਼ਾਦੀ ਮੌਕੇ ਸਪੀਕਰ ਵਾਲਾ ਜਦੋਂ ਵਿਆਹ ਵਾਲੇ ਘਰ ਮਸ਼ੀਨ ਵਿਚ ਰਿਕਾਰਡ ਲਗਾਉਂਦਾ ਸੀ ਤਾਂ ਵਿਆਹ ਦਾ ਮਾਹੌਲ ਹੀ ਵੱਖਰਾ ਬਣ ਜਾਂਦਾ ਸੀ। ਸਪੀਕਰ ਵਾਲੇ ਦੀ ਵੀ ਬੜੀ ਕਦਰ ਹੁੰਦੀ ਸੀ, ਉਹਦੀ ਖੂਬ ਖਾਤਰਦਾਰੀ ਕੀਤੀ ਜਾਂਦੀ, ਤਾਂ ਜੁ ਮਨਭਾਉਂਦੇ ਗਾਣੇ ਸੁਣੇ ਜਾ ਸਕਣ। ਸਪੀਕਰ ਵਾਲਾ ਕਈ ਦਿਨ ਪਹਿਲਾ ਹੀ ਆਪਣਾ ਸੰਦੂਕ ਤੇ ਹੋਰ ਸਾਧਨ ਲੈ ਕੇ ਵਿਆਹ ਵਾਲੇ ਘਰ ਪੁੱਜ ਜਾਂਦਾ ਸੀ। ਜੰਝ ਵਾਲੇ ਵਿਸ਼ੇਸ ਕਰਕੇ ਸਪੀਕਰ ਵਾਲੇ ਨੂੰ ਨਾਲ ਲਿਜਾ ਕੇ ਰੌਣਕ ਭਰਿਆ ਮਾਹੌਲ ਸਿਰਜ ਦਿੰਦੇ। ਸਮੇਂ ਦੀ ਕਰਵਟ ਨਾਲ ਕਈ ਕਿਸਮ ਦੇ ਨਵੀਨ ਸਾਊਂਡ ਸਿਸਟਮ ਆ ਜਾਣ ਕਾਰਨ ਤਵਿਆਂ ਵਾਲਾ ਵਾਜਾ ਲਗਭਗ ਗਾਇਬ ਹੀ ਹੋ ਚੁੱਕਾ ਹੈ। ਪਰ ਕਈ ਉੱਦਮੀ ਲੋਕ ਅਜਿਹੀਆਂ ਵਿਰਾਸਤੀ ਵਸਤੂਆਂ ਨੂੰ ਸੰਭਾਲਣ ਦੇ ਯਤਨ ਵਿਚ ਲੱਗੇ ਹੋਏ ਹਨ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਤੋਂ ਜਾਣੂ ਹੋ ਸਕਣ। ਇਨ੍ਹਾਂ ਉੱਦਮੀਆਂ ਵਿਚੋਂ ਹੀ ਜਿਲ੍ਹਾ ਮੋਗਾ ਦੇ ਸਹਿਰ ਧਰਮਕੋਟ ਦਾ ਵਸਨੀਕ ਸੁਖਵਿੰਦਰ ਸਿੰਘ ਅਟਵਾਲ ਹੈ, ਜਿਸ ਨੇ ਅਨੇਕਾਂ ਕਿਸਮ ਦੀਆਂ ਪੁਰਾਣੀਆਂ ਗ੍ਰਾਮੋਫੋਨ ਮਸ਼ੀਨਾਂ ਅਤੇ ਪੰਜਾਬੀ ਸੰਗੀਤ ਦੇ ਅਣਮੋਲ ਕਲਾਕਾਰਾਂ ਦੇ ਪੁਰਾਣੇ ਗੀਤਾਂ ਦੇ ਤਵਿਆਂ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਉਸ ਕੋਲ ਇਸ ਸਮੇਂ ਤਿੰਨ ਮਸ਼ੀਨਾਂ ਚਾਬੀ ਨਾਲ ਚੱਲਣ ਵਾਲੀਆਂ ਅਤੇ ਦੋ ਬਿਨਾਂ ਚਾਬੀ ਵਾਲੀਆਂ ਹਨ। ਜੇਕਰ ਉਸ ਵੱਲੋਂ ਇਕੱਠੇ ਕੀਤੇ ਹੋਏ ਪੁਰਾਣੇ ਗੀਤਾਂ ਤੇ ਲੋਕ ਗੀਤਾਂ ਦੇ ਪੱਥਰ ਤੇ ਪਲਾਸਟਿਕ ਦੇ ਛੋਟੇ-ਵੱਡੇ ਤਵਿਆਂ ਦੇ ਸੰਗ੍ਰਹਿ ਵੱਲ ਝਾਤ ਮਾਰੀਏ ਤਾਂ ਇਨ੍ਹਾਂ ਤਵਿਆਂ ਦੀ ਗਿਣਤੀ ਚਾਰ ਸੌ ਦੇ ਕਰੀਬ ਬਣਦੀ ਹੈ। ਸੁਖਵਿੰਦਰ ਸਿੰਘ ਅਟਵਾਲ ਕੋਲ ਸੰਭਾਲੇ ਪੁਰਾਣੇ ਤਵਿਆਂ ਵਿਚ ਪੰਜਾਬ ਦੇ ਮਸ਼ਹੂਰ ਗਾਇਕ ਤੇ ਗਾਇਕਾਂ ਸੁਰਿੰਦਰ ਛਿੰਦਾ ਤੇ ਗੁਲਸ਼ਨ ਕੋਮਲ ਦੇ ਗੀਤ 'ਰੱਖ ਲੈ ਕਲੀਂਡਰ ਯਾਰਾਂ' ,'ਇਕ ਮਹੀਨਾ ਜੇਠ ਦਾ'। ਜਗਜੀਤ ਜੀਰਵੀ ਦਾ 'ਨੱਚਣ ਵਾਲੇ ਦੀ ਅੱਡੀ'। ਲੱਖੀ ਵਣਜਾਰਾ ਦਾ 'ਮੱਖਣਾ ਵੇ ਘੁੰਡ ਚੱਕ ਦੇ'। ਜਸਵੰਤ ਸੰਦੀਲਾ ਤੇ ਪ੍ਰਮਿੰਦਰ ਸੰਧੂ ਦੇ ' ਔਖੀ ਹੋਗੀ ਕੰਧ ਟੱਪਣੀ', 'ਬਾਹਰ ਲੱਗਿਆ ਕਰਫਿਊ'। ਕਰਨੈਲ ਗਿੱਲ ਤੇ ਪ੍ਰੀਤੀ ਬਾਲਾ ਦਾ 'ਛੜਾ ਦਿੱਲੀਉ ਮਸ਼ੀਨ ਲੈ ਆਇਆ'। ਸੁਰਿੰਦਰ ਕੌਰ ਤੇ ਰੰਗੀਲਾ ਜੱਟ ਦਾ 'ਭਾਂਡੇ ਕਲੀ ਕਰਾ ਲੋ'। ਸੁਦੇਸ਼ ਕਪੂਰ ਤੇ ਵੀਰ ਚੰਦ ਗੋਪੀ ਦਾ ' ਹੱਥ ਲਾ ਕੇ ਵੇਖ ਮਿੱਤਰਾ'। ਚਮਕੀਲਾ ਤੇ ਅਮਰਜੋਤ ਦਾ 'ਖੂੰਡੇ ਨੂੰ ਤੇਲ ਲਾ ਕੇ ਰੱਖਿਆ'। ਮੁਹੰਮਦ ਸਦੀਕ ਤੇ ਰਣਜੀਤ ਕੌਰ ਦੇ 'ਲੁਧਿਆਣੇ ਮੁੰਡਾ ਪੜ੍ਹਦਾ','ਮਿੱਤਰਾ ਦੀ ਖੰਘ ਵਿਚ ਖੰਘ ਬੱਲੀਏ'। ਹਰਚਰਨ ਗਰੇਵਾਲ ਤੇ ਸੁਰਿੰਦਰ ਕੌਰ ਦਾ 'ਲੱਕ ਹਿੱਲੇ ਮਜਾਜਣ ਜਾਂਦੀ ਦਾ'। ਲਾਲ ਚੰਦ ਯਮਲਾ ਜੱਟ ਦਾ 'ਮੈਂ ਕੀ ਪਿਆਰ ਵਿਚੋਂ ਖੱਟਿਆ'। ਕਰਮਜੀਤ ਧੂਰੀ ਦਾ 'ਮਿੱਤਰਾਂ ਦੀ ਲੂਣ ਦੀ ਡਲੀ' ਮੌਜੂਦ ਹਨ। ਜਿਨ੍ਹਾਂ ਹੋਰ ਗਾਇਕਾਂ ਦੇ ਗੀਤ ਉਸ ਕੋਲ ਹਨ ਉਨ੍ਹਾਂ ਵਿਚ ਪ੍ਰਕਾਸ ਕੌਰ, ਸੁਰਿੰਦਰ ਕੌਰ, ਸੀਤਲ ਸਿੰਘ, ਨਰਿੰਦਰ ਬੀਬਾ, ਸਵਰਨ ਲਤਾ, ਹਰਨੇਕ ਸਿੰਘ ਨੇਕ, ਆਸਾ ਸਿੰਘ ਮਸਤਾਨਾ, ਕੁਲਦੀਪ ਮਾਣਕ,ਸੀਮਾ, ਦੀਦਾਰ ਸੰਧੂ, ਅਮਰ ਨੂਰੀ, ਗੁਰਮੀਤ ਬਾਵਾ, ਕ੍ਰਿਪਾਲ



(ਬਾਕੀ ਸਫਾ 24 'ਤੇ)

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ ਸਜਾਏ ਅੱਠਵੇ ਨਗਰ ਕੀਰਤਨ ਦੌਰਾਨ ਖਾਲਸਾਈ ਰੰਗ ਚਮਕਿਆ

**ਫਰਿਜ਼ਨੋ (ਕੈਲੀਫੋਰਨੀਆਂ) ਕੁਲਵੰਤ ਧਾਲੀਆਂ / ਨੀਟਾ ਮਾਛੀਕੇ :-** ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਜਿਸ ਨੂੰ ਦਮਦਮੀ ਟਕਸਾਲ ਦੀ ਰਹਿਨੁਮਾਈ ਅੰਦਰ ਚਲਾਇਆ ਜਾ ਰਿਹਾ ਹੈ। ਇਸ ਗੁਰੂਘਰ ਵੱਲੋਂ ਸਮੂੰਹ ਸਿੱਖ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਤ ਅੱਠਵਾਂ ਨਗਰ ਕੀਰਤਨ ਕੀਤਾ ਗਿਆ। ਜਿਸ ਦੀ ਸੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਦੀਵਾਨ ਦੀ ਸਮਾਪਤੀ ਬਾਅਦ ਹੋਈ। ਗੁਰੂ ਘਰ ਦੇ ਦਰਬਾਰ ਸਾਹਿਬ ਵਿੱਚ ਹਜ਼ੂਰੀ ਜੱਥੇ ਤੋਂ ਇਲਾਵਾ ਗੋਰੇ ਸਿੰਘਾ ਦਾ ਕੀਰਤਨੀ ਜੱਥਾ ਅਤੇ ਹੋਰ ਬਹੁਤ ਸਾਰੇ ਕੀਰਤਨੀ ਜੱਥਿਆ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਨਾਲ ਨਿਹਾਲ ਕੀਤਾ। ਗੁਰੂਘਰ ਦੇ ਬਾਹਰ ਨਗਰ ਕੀਰਤਨ ਵਿੱਚ ਸਾਮਲ ਸੰਗਤਾਂ ਕੇਸ਼ਰੀ, ਨੀਲੀਆਂ, ਹਰੀਆਂ, ਪੀਲੀਆਂ ਅਤੇ ਹੋਰ ਬਹੁਤ ਰੰਗਾ ਦੇ ਨਜ਼ਾਰੇ ਪੇਸ਼ ਕਰਦੀਆਂ ਦਸਤਾਰਾ ਅਤੇ ਦੁਪੱਟਿਆ ਨੇ ਜਿਵੇਂ ਸਾਰੇ ਫਰਿਜ਼ਨੋ ਸ਼ਹਿਰ ਨੂੰ ਹੀ ਖਾਲਸਾਈ ਰੰਗ ਵਿੱਚ ਰੰਗ ਦਿੱਤਾ ਹੋਵੇ। ਟਰੱਕਾਂ ਤੇ ਸਜੇ ਹੋਏ ਵੱਖੋ ਵੱਖ ਤਰ੍ਹਾਂ ਦੇ ਸੁਨੇਹੇ ਪੇਸ਼ ਕਰਦੇ ਫਲੋਟਾ ਨੇ ਵਿਲੱਖਣ ਨਜਾਰਾ ਪੇਸ਼ ਕੀਤਾ। ਪੰਜਾਬ ਦੇ ਮਹੌਲ ਵਾਂਗ ਦੁਕਾਨਦਾਰਾਂ ਵੱਲੋਂ ਅਨੇਕਾ ਦੁਕਾਨਾਂ ਵੀ ਸੰਗਤਾ ਲਈ ਖਿੱਚ ਦਾ ਕੇਂਦਰ ਬਣੀਆਂ



ਨਜ਼ਰ ਆ ਰਹੀਆਂ ਸਨ। ਲਾਉਡ ਸਪੀਕਰਾ ਵਿੱਚ ਗੂੰਜਦੇ ਬੋਲੇ ਸੋ ਨਿਹਾਲ ਦੇ ਜੈਕਾਰਿਆ ਨਾਲ ਜਿਵੇਂ ਅਸਮਾਨ ਗੂੰਜ ਰਿਹਾ ਸੀ। ਨਗਰ ਕੀਰਤਨ ਦੀ ਸੁਰੂਆਤ ਆਪਸੀ ਭਾਈਚਾਰਕ ਸਾਂਝ ਦਾ ਸਬੂਤ ਦਿੰਦੇ ਹੋਏ ਸਭ ਤੋਂ ਮੂਹਰੇ ਨਗਾਰਾ ਫਿਰ ਅਮੈਰੀਕਨ ਝੰਡਾ, ਕੈਲੀਫੋਰਨੀਆਂ ਦਾ ਝੰਡਾ ਅਤੇ ਖਾਲਸੇ ਦਾ ਕੇਸ਼ਰੀ ਨਿਸ਼ਾਨ ਸਾਹਿਬ ਦੁਆਰਾ ਅਗਵਾਈ ਕਰਦੇ ਹੋਏ ਪੰਜ ਪਿਆਰੇ ਕਰ ਰਹੇ ਸਨ। ਖੂਬਸੂਰਤ ਤਰੀਕੇ ਨਾਲ ਸਜੇ ਫਲੋਟ ਉਪਰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਪਾਲਕੀ ਵਿੱਚ ਸ਼ਸੋਭਿਤ ਸਨ। ਪੰਜ ਪਿਆਰੇ ਅਤੇ ਨਿਸਾਨਚੀ ਸਿੰਘ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ।

ਸੰਗਤਾਂ ਭਾਰੀ ਉਤਸਾਹ ਅਤੇ ਸਰਧਾ ਨਾਲ ਪਾਲਕੀ ਸਾਹਿਬ ਦੇ ਪਿਛੇ ਪੈਦਲ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਜਿਸ ਬਾਅਦ ਫਲੋਟ ਚਲ ਰਹੇ ਸਨ। ਕੈਲੇਫੋਰਨੀਆਂ ਗਤਕਾ ਦਲ ਦੇ ਸਿੰਘਾ ਦੇ ਜਬਰਦਸਤ ਗੱਤਕੇ ਦੇ ਜੌਹਰ ਵੀ ਵੇਖਣ ਯੋਗ ਸਨ। ਗੁਰੂਘਰ ਅਤੇ ਪਾਰਕ ਵਿੱਚ ਪੜਾਅ ਦੌਰਾਨ ਥਾਂ-ਥਾਂ 'ਤੇ ਸੁਆਦਿਸ਼ਟ ਲੰਗਰਾ ਦੇ ਪ੍ਰਬੰਧ ਸਨ। ਹੈਲੀਕਾਪਟਰ ਦੁਅਰਾ ਹੋਈ ਫੁੱਲਾ ਦੀ ਵਰਖਾ ਨੇ ਮਹੌਲ ਨੂੰ ਹੋਰ ਵੀ ਅਲੌਕਿਕ ਬਣਾਇਆ। ਨਗਰ ਕੀਰਤਨ ਨੇ ਆਪਣਾ ਮਿਥਿਆ ਪੈਂਡਾ ਤੈਹ ਕਰਦੇ ਹੋਏ ਫੌਲਰ ਸ਼ਹਿਰ ਦੇ ਪੈਨਜ਼ਕ ਪਾਰਕ ਵਿੱਚ ਪੜਾਅ ਕੀਤਾ। ਗੁਰੂ ਘਰ ਤੋਂ ਫੌਲਰ ਸ਼ਹਿਰ ਦਾ ਸਫਰ ਕਾਫੀ ਲੰਮਾ ਹੈ। ਪਰ ਸੰਗਤਾਂ ਨੇ ਬਹੁਤ ਹੀ ਸਰਧਾ ਭਾਵਨਾ ਨਾਲ ਨਾਮਿ ਸਮਰਨ ਕਰਦੇ ਹੋਏ ਤਹਿ ਕੀਤਾ। ਅੰਤ ਗੁਰੂ ਘਰ ਵਾਪਸ ਪਰਤਣ 'ਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹੋਏ ਸਮਾਪਤ ਹੋਇਆ।

# ਅਮਰੀਕਾ ਦੇ ਸੂਬੇ ਐਰੀਜ਼ੋਨਾ ਵਿੱਚ ਸਿੱਖ ਡਰਾਈਵਰ 'ਤੇ ਹਮਲਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆ-** ਫਰਿਜ਼ਨੋ ਨਿਵਾਸੀ ਇੰਦਰਜੀਤ ਸਿੰਘ ਬਰਾੜ ਜਿਹੜੇ ਕਿ ਪਿਛਲੇ ਲੰਮੇ ਸਮੇਂ ਤੋਂ ਅਮਰੀਕਾ ਵਿੱਚ ਟਰੱਕ ਚਲਾ ਕਹੇ ਹਨ, ਕੱਲ ਸ਼ਾਮੀ ਵੈਂਨਸਲੋ ਐਰੀਜ਼ੋਨਾ ਵਿੱਖੇ ਫਲਾਇੰਗ ਜੇ ਟਰੱਕ ਸਟਾਪ ਤੇ ਨਫ਼ਰਤ ਨਾਲ ਭਰੇ ਇੱਕ ਮੈਕਸੀਕਨ ਮੂਲ ਦੇ ਡਰਾਈਵਰ ਵੱਲੋਂ ਉਹਨਾਂ ਤੇ ਓਸ ਵਕਤ ਹਮਲਾ ਕਰ ਦਿੱਤਾ ਗਿਆ ਜਦੋਂ ਉਹ 31 ਨੰਬਰ ਪੰਪ ਤੇ ਆਪਣੇ ਟਰੱਕ ਵਿੱਚ ਤੇਲ ਭਰਾ ਰਹੇ ਸਨ। ਇੰਦਰਜੀਤ ਬਰਾੜ ਦੇ ਦੱਸਣ ਮੁਤਾਬਕ ਜਦੋਂ ਉਹ ਟਰੱਕ ਸਟਾਪ ਤੇ ਤੇਲ ਭਰਾਉਣ ਲਈ ਰੁੱਕੇ ਤਾਂ ਉੱਥੇ ਕਾਫੀ ਵੱਡੀਆਂ ਲਾਈਨਾਂ ਲੱਗੀਆਂ ਹੋਈਆਂ ਸਨ, ਕਿ ਇੱਕ ਟਰੱਕ ਜੋ ਉਹਨਾਂ ਦੇ ਮੂਹਰੇ ਸੀ ਉਹਨੇ ਪੰਪਾਂ 'ਚੋਂ ਟਰੱਕ ਬੈਕ ਕਰਕੇ ਕੱਢਣ ਦੀ ਕੋਸ਼ਿਸ਼ ਕੀਤੀ ਤੇ ਮਗਰ ਇੰਦਰਜੀਤ ਦਾ ਟਰੱਕ ਸੀ ਜਦੋਂ ਉਹਦਾ ਟ੍ਰੇਲਰ ਇੰਦਰਜੀਤ ਦੇ ਟਰੱਕ ਦੇ ਨੇੜੇ ਆਇਆ ਤਾਂ ਇੰਦਰਜੀਤ ਨੇ ਹਾਰਨ ਖਿੱਚ ਦਿੱਤਾ ਕਿ ਮੇਰੇ ਟਰੱਕ 'ਚ ਨਾਂ ਮਾਰੇ ਕਿਤੇ..! ਬੱਸ ਫੇਰ ਕੀ ਸੀ ਨਫ਼ਰਤ ਦੀ ਅੱਗ ਤੇ ਪੰਪ ਦੀ ਉਡੀਕ ਵਿੱਚ ਮੱਚਦੇ ਮੈਕਸੀਕੇ ਨੇ ਇੰਦਰਜੀਤ ਨੂੰ ਟਰੱਕ 'ਚੋਂ ਹੇਠਾਂ ਉਤਰਕੇ ਗਾਲੀ ਗਲੋਚ ਕੀਤੀ ਤੇ ਡਰਾਈਵਰ ਸਾਈਡ ਬਾਰੀ ਨੂੰ ਧੱਕੇ ਮਾਰੇ ਪਰ ਇੰਦਰਜੀਤ ਆਪਣੇ ਟਰੱਕ ਵਿੱਚ ਹੀ ਬੈਠਾ ਰਿਹਾ ਤੇ ਜਦੋਂ



ਇੰਦਰਜੀਤ ਦੀ ਤੇਲ ਭਰਾਉਣ ਦੀ ਵਾਰੀ ਆਈ ਤਾਂ ਤੇਲ ਭਰਾਉਂਦੇ ਇੰਦਰਜੀਤ ਨੂੰ ਮਕਸੀਕੇ ਨੇ ਫੇਰ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਪਰ ਇੰਦਰਜੀਤ ਚੁੱਪ ਚਾਪ ਆਪਣਾਂ ਕੰਮ ਕਰੀ ਗਿਆ..! ਉਪਰੰਤ ਜਦੋਂ ਇੰਦਰਜੀਤ ਨੇ ਟਰੱਕ ਦੀ ਬਾਰੀ ਖੋਲ੍ਹਕੇ ਕੰਮ ਵਾਲੇ ਦਸਤਾਨੇ ਕੱਢਣ ਲਈ ਧਿਆਨ ਓਧਰ ਕੀਤਾ ਤਾਂ ਮੈਕਸੀਕੇ ਨੇ ਝਪਟ ਮਾਰਕੇ ਇੰਦਰਜੀਤ ਦੇ ਮੂੰਹ ਤੇ ਪੂਰੇ ਜ਼ੋਰ ਦੀ ਘਸੁੰਨ ਮਾਰ ਦਿੱਤਾ ਜਿਸ ਕਰਕੇ ਇੰਦਰਜੀਤ ਦੇ ਮੂੰਹ ਤੇ ਕਾਫ਼ੀ ਚੋਟ ਲੱਗੀ ਤੇ ਮਕਸੀਕਾ ਟਰੱਕ ਲੈਕੇ ਟਰੱਕ ਸਟਾਪ ਤੋਂ ਭੱਜ ਗਿਆ। ਪੁਲਿਸ ਰਿਪੋਰਟ ਹੋਈ, ਇੰਦਰਜੀਤ ਨੂੰ ਹਸਪਤਾਲ ਲਿਜਾਇਆ ਗਿਆ। ਇੰਦਰਜੀਤ ਘਬਰਾਇਆ ਹੋਇਆ ਹੋਣ ਕਰਕੇ ਟਰੱਕ ਦੀ ਫੋਟੋ ਵੀ ਕਲੀਅਰ ਨਹੀ ਖਿੱਚ ਸਕਿਆ। ਨਾ ਕੰਪਨੀ ਦਾ ਨਾਮ ਨਾ ਹੀ ਲਾਈਸੰਸ ਨੰਬਰ ਪਲੇਟ ਦੀ ਫੋਟੋ ਆਈ ਹੈ। ਹੁਣ ਤਾਂ ਸਿਰਫ ਇਹੀ ਆਸ ਹੈ ਕਿ ਇਹ ਪੂਰੀ ਘਟਨਾ ਸ਼ਾਇਦ ਫਲਾਇੰਗ ਜੇ ਦੇ ਕੈਮਰਿਆਂ ਵਿੱਚ ਕੈਦ ਹੋਈ ਹੋਵੇ, ਉਥੋਂ ਹੀ ਜਾਂਚ ਅੱਗੇ ਵੱਧ ਸਕੇਗੀ। ਇੰਦਰਜੀਤ ਦੇ ਦੱਸਣ ਮੁਤਾਬਿਕ ਮਕਸੀਕੇ ਦਾ ਕੱਦ ਤਕਰੀਬਨ ਪੰਜ ਫੁੱਟ ਅੱਠ ਕੁ ਇੰਚ ਹੈ। ਰੰਗ ਸਾਫ਼ ,ਕਲੀਨ ਸੇਵ, ਪਤਲੇ ਸਰੀਰ ਦਾ ਹੈ। ਆਸ ਕਰਦੇ ਹਾਂ ਕਿ ਇਹ ਜਲਦੀ ਪੁਲਿਸ ਦੀ ਗ੍ਰਿਫ਼ਤ ਵਿੱਚ ਆ ਜਾਵੇਗਾ।

# ਏਜੀਪੀਸੀ ਨੇ ਆਰ. ਐੱਸ. ਐੱਸ. ਵੱਲੋਂ ਕਰਵਾਏ ਜਾ ਰਹੇ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪਰਕਾਸ਼ ਪੂਰਬ ਸਮਾਗਮ ਨੂੰ ਦੱਸਿਆ ਸਿੱਖ ਵਿਰੋਧੀ

**ਕੈਲੀਫ਼ੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਰਾਸ਼ਟਰੀ ਸਵੈ ਸੇਵਕ ਸੰਘ ਦੀ ਰਹਿਨੁਮਾਈ ਹੇਠ ਕਾਰਜਸ਼ੀਲ ਰਾਸ਼ਟਰੀ ਸਿੱਖ ਸੰਗਤ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਸਬੰਧੀ ਨਵੀਂ ਦਿੱਲੀ ਵਿਖੇ ਕਰਵਾਏ ਜਾ ਰਹੇ ਸਮਾਗਮ ਦੀ ਵਿਰੋਧਤਾ ਕਰਦਿਆਂ ਕਿਹਾ ਕਿ ਸਿੱਖ ਕੌਮ ਨੂੰ ਢਾਹ ਲਈ ਆਰ. ਐੱਸ. ਐੱਸ. ਵੱਲੋਂ ਕੋਝੀ ਸਾਜਿਸ਼ ਰਚੀ ਗਈ ਹੈ। ਅੱਜ ਜਾਰੀ ਬਿਆਨ 'ਚ ਸਿੱਖ ਜਗਤ ਨੂੰ ਏਜੀਪੀਸੀ ਦੇ ਪ੍ਰਧਾਨ ਸ: ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਉਹ ਸਾਲ-2004 'ਚ ਸਰੀ ਅਕਾਲ ਤਖ਼ਤ ਸਾਹਿਬ ਦੇ ਜਾਰੀ ਹੋਏ ਸੰਦੇਸ਼ 'ਤੇ ਪਹਿਰਾ ਦੇਣ ਤੇ ਪੰਥ ਵਿਰੋਧੀ ਤਾਕਤਾਂ ਦੇ ਕੂੜ ਪ੍ਰਚਾਰ ਤੋਂ ਬਚਣ। ਉਹਨਾਂ ਸਮੂਹ ਸਿੱਖ ਜਗਤ ਨੂੰ ਤਾਕੀਦ ਕਰਦਿਆਂ ਕਿਹਾ ਕਿ ਸਰੀ ਅਕਾਲ ਤਖ਼ਤ ਸਾਹਿਬ ਵੱਲੋ ਉਕਤ ਸੰਸਥਾ ਸਬੰਧੀ ਇਕ ਸੰਦੇਸ਼ ਵੀ ਜਾਰੀ ਕੀਤਾ ਗਿਆ ਸੀ ਕਿ ਸਿੱਖ ਕੌਮ ਨੂੰ ਨੁਕਸਾਨ ਪਹੁੰਚਾਉਣ ਅਤੇ ਸਿੱਖ ਭਾਈਚਾਰੇ 'ਚ ਦਰਾਰ ਲਿਆਉਣ ਲਈ ਆਰ. ਐੱਸ. ਐੱਸ. ਕੋਝੀ ਹਰਕਤਾਂ 'ਤੇ ਉਤਾਰੂ ਹੈ, ਇਸ ਲਈ ਹਰੇਕ ਸਿੱਖ ਇਸ ਸੰਸਥਾ ਦੀਆਂ ਗਤੀਵਿਧੀਆਂ ਤੋਂ ਸੁਚੇਤ ਰਹਿਣ। ਉਨਾਂ ਕਿਹਾ ਕਿ ਕਰਵਾਏ ਜਾ ਰਹੇ ਇਸ ਸਮਾਗਮ 'ਚ ਕੋਈ ਵੀ ਧਾਰਮਿਕ ਜਥੇਬੰਦੀ, ਸਿੱਖ ਪੰਥ ਤੇ ਸਿੱਖ ਧਾਰਮਿਕ ਸ਼ਖਸੀਅਤਾਂ ਇਸ ਦਾ ਹਿੱਸਾ ਨਹੀਂ ਬਣਨਗੀਆਂ। ਉਨ੍ਹਾਂ ਕਿਹਾ ਕਿ ਸਰੀ ਅਕਾਲ ਤਖ਼ਤ ਸਾਹਹਬ ਵੱਲੋਂ ਜਾਰੀ ਸੰਦੇਸ਼ 'ਚ ਸਪਸ਼ਟ ਕੀਤਾ ਗਿਆ ਹੈ ਕਿ ਸ਼ੱਕੀ ਭੂਹਮਕਾ ਵਾਲੀਆਂ ਜਥੇਬੰਦੀਆਂ ਅਤੇ ਵਿਅਕਤੀਗਤ ਆਦਿਕ ਨੂੰ ਕਿਸੇ ਵੀ ਤਰਾਂ ਕੋਈ ਸਹਿਯੋਗ ਜਾਂ ਮਦਦ ਨਹੀਂ ਦਿੱਤੀ ਜਾ ਸਕਦੀ ਹੈ। ਏਜੀਪੀਸੀ ਤੇ ਉਕਤ ਆਗੂਆਂ ਨੇ ਕਿਹਾ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮੂਹ ਜਗਤ ਦੇ ਸਾਂਝੇ ਗੁਰੂ ਹਨ ਅਤੇ ਉਨ੍ਹਾਂ ਦਾ ਪ੍ਰਕਾਸ਼ ਪੁਰਬ ਰਹਿਤ ਮਰਿਯਾਦਾ ਅਤੇ ਸਮੇਂ ਅਨੁਸਾਰ ਹੀ ਸਾਂਝਾ ਮਨਾਉਣਾ ਚਾਹੀਦਾ ਹੈ ਨਾ ਕਿ ਸਿੱਖ ਕੌਮ 'ਚ ਪਾੜ ਪਾਉਣ ਤੇ ਸਿੱਖੀ ਨੂੰ ਢਾਹ ਲਾਉਣ ਦੀ ਕੋਝੀ ਸਾਜਿਸ਼ ਤਹਿਤ ਮਨਾਉਣਾ। ਉਨ੍ਹਾਂ ਕਿਹਾ ਗੁਰੂ ਸਾਹਿਬਾਨ ਵੱਲੋਂ ਸਮੂਹ ਜਗਤ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਗਿਆ ਹੈ ਅਤੇ ਸੱਚ ਅਤੇ ਮਜ਼ਲੂਮਾਂ ਦੀ ਮਦਦ ਲਈ ਤਲਵਾਰ ਉਠਾਉਣ ਅਤੇ ਜ਼ੁਲਮ ਖ਼ਿਲਾਫ਼ ਡੱਟ ਕੇ ਖੜਨ ਦਾ ਗੁਰੂ ਸਾਹਿਬ ਵੱਲੋਂ ਪਹਿਰਾ ਦਿੱਤਾ ਗਿਆ ਹੈ, ਪਰ ਸਾਡੇ ਸੁਨਹਿਰੇ ਇਤਿਹਾਸ ਨਾਲ ਛੇੜ-ਛਾੜ ਕਰਨ ਦੀ ਕਿਸੇ ਵੀ ਇਜਾਜ਼ਤ ਨਹੀਂ ਹੈ ਅਤੇ ਨਾ ਇਸ ਤਰਾਂ ਦੀਆਂ ਹਰਕਤਾਂ ਨੂੰ ਬਰਦਾਸ਼ਤ ਕੀਤਾ ਜਾਵੇਗਾ।

# ਵਿਲੱਖਣ ਪ੍ਰਭਾਵ ਛੱਡ ਗਿਆ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ

**ਅੰਮ੍ਰਿਤਸਰ –** ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ, ਆਧੁਨਿਕ ਤਕਨੀਕਾਂ ਨਾਲ ਕੀਤੀ ਗਈ ਅਲੌਕਿਕ ਦੀਪਮਾਲਾ, ਡਿਜ਼ੀਟਲ ਆਤਿਸ਼ਬਾਜ਼ੀ ਤੇ ਦੂਰੋਂ ਨੇੜਿਓਂ ਪੁੱਜੇ ਲੱਖਾਂ ਸ਼ਰਧਾਲੂਆਂ ਦਾ ਉਤਸ਼ਾਹ ਸੰਗਤਾਂ ਦੇ ਮਨਾਂ 'ਤੇ ਪਹਿਲੀ ਵਾਰ ਵਿਲੱਖਣ ਪ੍ਰਭਾਵ ਛੱਡ ਗਏ । ਪ੍ਰਕਾਸ਼ ਪੁਰਬ ਮੌਕੇ ਸੰਗਤਾਂ ਦੇਸ਼-ਵਿਦੇਸ਼ ਤੋਂ ਪਹਿਲੀ ਵਾਰ ਏਨੀ ਭਾਰੀ ਗਿਣਤੀ 'ਚ ਪੁੱਜੀਆਂ ਹੋਈਆਂ ਸਨ ਕਿ ਸ਼ਾਮ ਨੂੰ ਪ੍ਰਕਰਮਾ 'ਚ ਤਿਲ ਸੁੱਟਣ ਨੂੰ ਵੀ ਥਾਂ ਨਹੀਂ ਸੀ ਬਚੀ, ਜਿਸ ਕਾਰਨ ਲੱਖਾਂ ਸੰਗਤਾਂ ਨੂੰ ਪ੍ਰਕਰਮਾਂ ਤੋਂ ਬਾਹਰ ਹੀ ਆਤਿਸ਼ਬਾਜ਼ੀ ਤੇ ਦੀਪਮਾਲਾ ਦਾ ਨਜ਼ਾਰਾ ਮਾਨਣਾ ਪਿਆ । ਇਕ ਅਨੁਮਾਨ ਅਨੁਸਾਰ ਗੁਰਪੁਰਬ ਵਾਲੇ ਦਿਨ ਪੰਜ ਲੱਖ ਤੋਂ ਵਧੇਰੇ ਸੰਗਤਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਪਵਿੱਤਰ ਸਰੋਵਰ 'ਚ ਇਸ਼ਨਾਨ ਕੀਤਾ । ਸ਼ਰਧਾਲੂਆਂ ਵਲੋਂ ਸੇਵਾ 'ਚ ਭਰਪੂਰ ਹਿੱਸਾ ਪਾਇਆ ਗਿਆ । ਮੁੰਬਈ ਦੇ ਇਕ ਸ਼ਰਧਾਲੂ ਪਰਿਵਾਰ ਵਲੋਂ 8 ਟਨ ਦੇਸੀ-ਵਿਦੇਸ਼ੀ ਫੁੱਲਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੀ ਕੀਤੀ ਸਜਾਵਟ ਜਿੱਥੇ ਸੰਗਤਾਂ ਲਈ ਖਿੱਚ ਦਾ ਵਿਸ਼ੇਸ਼ ਕੇਂਦਰ ਰਹੀ।ਇਸ ਵਾਰ ਬੈਂਕਾਕ ਤੋਂ 4 ਪ੍ਰਕਾਰ ਦੇ ਔਰਕਿਡ ਫੁੱਲ 1 ਟਨ, ਥਾਈਲੈਂਡ ਤੋਂ ਐਨਥੂਨੀਅਮ ਕਿਸਮ ਦੇ 1 ਹਜ਼ਾਰ ਫੁੱਲ, ਮਲੇਸ਼ੀਆ ਤੇ ਹਿਮਾਚਲ ਪ੍ਰਦੇਸ਼ ਤੋਂ ਕਾਰਨੇਸ਼ੀਅਨ ਦੇ ਟਨ ਫੁੱਲ, ਨਾਗਪੁਰ ਤੋਂ ਲਿੱਲੀ, ਦੇਹਰਾਦੂਨ ਤੋਂ ਗਲੇਡੀਅਸ ਤੇ ਡੇਜ਼ੀ, ਕੋਲਕਾਤਾ ਤੋਂ ਮੈਰੀਗੋਲਡ 2 ਟਨ, ਰਜਨੀਗੰਧਾ, ਸਾਂਤੀ ਪਾਲਮ, ਹਰੀ ਪੱਤੀ ਤੇ ਸ਼ੇਵਾਂਤੀ, ਹਿਮਾਚਲ ਪ੍ਰਦੇਸ਼ ਤੋਂ ਕਰੇਸਥੇਨੀਅਮ ਗੁਲਦਾਊਦੀ, ਹਜ਼ੂਰ ਸਾਹਿਬ ਤੋਂ ਜਰਬੇਰਾ ਡੇਜ਼ੀ, ਪੂਨਾ ਤੋਂ ਚਾਈਨਿਜ਼ ਗੁਲਾਬ ਤੇ ਮੁੰਬਈ ਤੋਂ ਵਾਟਰ ਲਿਲੀ (ਹਾਰ) ਆਦਿ ਸੁੰਦਰ ਫੁੱਲ ਸ਼ਾਮਿਲ ਸਨ ।

# ਗੋਲਡਨ ਪੰਜਾਬ ਕਲੱਬ ਯੂ.ਐਸ.ਏ. ਵਲੋਂ ਸਭਿਆਚਾਰਕ ਪ੍ਰੋਗਰਾਮ 'ਕੱਚ ਦੀਆਂ ਮੁੰਦਰਾਂ' ਦੀ ਸਫ਼ਲ ਪੇਸ਼ਕਾਰੀ





**ਹੇਵਰਡ:** ਬੀਤੇ ਦਿਨੀ ਗੋਲਡਨ ਪੰਜਾਬ ਕਲੱਬ ਯੂ.ਐਸ.ਏ. ਵਲੋਂ ਯੂਨੀਅਨ ਸਿਟੀ ਦੇ ਜੇਮਜ਼ ਲੋਗਨ ਹਾਈ ਸਕੂਲ ਵਿਖੇ ਸਭਿਆਚਾਰਕ ਪ੍ਰੋਗਰਾਮ ' ਕੱਚ ਦੀਆਂ ਮੁੰਦਰਾਂ' ਦੀ ਦਰਸ਼ਕਾਂ ਵਲੋਂ ਭਰਪੂਰ ਸ਼ਲਾਘਾ ਕੀਤੀ ਗਈ।

ਇਹ ਪ੍ਰੋਗਰਾਮ 'ਵਿਰਸੇ ਦੇ ਵਾਰਸਾਂ ਨੂੰ ਵਿਰਸੇ ਨਾਲ ਜੋੜਨ ਦਾ ਸਿਰ ਤੋੜ ਯਤਨ ਸੀ। ਪ੍ਰੋਗਰਾਮ ਦਾ ਅਗਾਜ਼ ਚਰਨਦੀਪ ਸਿੰਘ ਅਤੇ ਗੁਰਜੋਤ ਸਿੰਘ ਨੇ ਢੋਲ ਵਜਾ ਕੇ ਕੀਤਾ ਤਾਂ ਸੱਚਮੁਚ ਇਸ ਤਰ੍ਹਾਂ ਲੱਗਿਆ ਜਿਵੇਂ ਦਮਾਮੇ ਮਾਰਦਾ ਜੱਟ ਵਿਸਾਖੀ ਦੇ ਮੇਲੇ ਵਿਚ ਆ ਗਿਆ ਹੋਵੇ। ਛੋਟੇ ਬੱਚਿਆਂ ਦੀ ਟੀਮ ਫ਼ੁੱਲ ਕਲੀਆਂ ਦੇ ਗਿੱਧੇ ਦੀ ਧਮਾਲ ਨੇ ਸਟੇਜ ਹਿਲਾ ਦਿੱਤੀ। ਸਵਰਨ ਬੱਲ, ਵੀਰਤ ਅਤੇ ਗੁਰਸ਼ਾਨ ਦੀ ਕੋਰਿਓਗ੍ਰਾਫ਼ੀ ਪੰਜਾਬੀ ਵਿਰਸੇ ਦੇ ਬਦਲੇ ਹੋਏ ਰੂਪ ਦੀ ਤਸਵੀਰ ਸੀ। ਅਜੇ ਅਕੈਡਮੀ ਦੇ ਬੱਚਿਆਂ ਵਲੋਂ ਤਿਆਰ ਕੀਤੇ ਗਿੱਧੇ ਅਤੇ ਭੰਗੜੇ ਨੇ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ। ਰਾਇਲ ਭੰਗੜਾ ਟੀਮ ਦੀ ਬਾ-ਕਮਾਲ ਪੇਸ਼ਕਾਰੀ ਤੋਂ ਇਲਾਵਾ ਸੂਫ਼ੀ ਗਾਇਕਾ ਟੀਨਾ ਮਾਨ, ਗਾਇਕਾ ਜੋਤ ਰਣਜੀਤ ਅਤੇ ਸਵੀਟੀ ਸਿੰਘ ਨੇ ਦਰਸ਼ਕ ਕੀਲ ਕੇ ਰੱਖੇ। ਗਾਇਕਾ ਗੁਰਜੀਤ ਜੀਤੀ, ਜਸਵਿੰਦਰ ਧਨੋਆ (ਪੰਜਾਬ ਲੋਕ ਰੰਗ), ਪਰਮਜੀਤ ਕੌਰ, ਸੁਖਵੀਰ ਕੌਰ ਆਦਿ ਨੇ ਨੀਲਮ ਸੈਣੀ ਦੀ ਪੁਸਤਕ' ਸਾਡੀਆਂ ਰਸਮਾਂ ਸਾਡੇ ਗੀਤ ' ਵਿਚੋਂ ਲੋਕ ਗੀਤ ਗਾ ਕੇ ਵਿਆਹ ਵਾਲਾ ਮਹੌਲ ਸਿਰਜ ਦਿੱਤਾ।

ਪ੍ਰੋ. ਬਲਜਿੰਦਰ ਸਿੰਘ ਨੇ ਸਮੂਹ ਮਾਪਿਆਂ ਨੂੰ ਆਪਣੇ ਬੱਚਿਆਂ ਲਈ ਕਲੱਬ ਦੀ ਮੈਂਬਰਸ਼ਿਪ ਲੈਣ ਲਈ ਅਪੀਲ ਕੀਤੀ। ਸਪਾਂਸਰਾਂ ਦਾ ਧੰਨਵਾਦ ਕਰਨ ਲਈ ਲਗਾਤਾਰ ਸਲਾਈਡ ਸ਼ੋ ਚੱਲਦਾ ਰਿਹਾ। ਕਲੱਬ ਵਲੋਂ ਡਾ. ਰੀਆ ਸਿੰਘ, ਸਤਵੰਤ ਸਿੰਘ (ਇੰਸ਼ੌਰੈਂਸ ਏਜੰਟ), ਵਰਲਡ ਫ਼ਾਈਨਾਂਸ਼ੀਅਲ ਗਰੁੱਪ, ਅਜੇ ਅਕੈਡਮੀ ਦੇ ਭੰਗੜਾ ਕੋਚ ਸੁਖਵਿੰਦਰ ਸਿੰਘ ਗੋਗੀ ਅਤੇ ਜਸਪਾਲ ਸਿੰਘ, ਹਰਭਜਨ ਸਿੰਘ ਭੱਜੀ, ਕੁਲਵੰਤ ਨਿੱਝਰ, ਸਰ-ਬਜੀਤ ਸਰਾਓ, ਰਾਜ ਜੋਤ ਇੰਡੀਅਨ ਰੈਸਟੋਰੈਂਟ, ਕਿੱਕੀ ਬਰੋਜ਼, ਲਵਜੋਤ ਕੌਰ ਆਦਿ ਨੂੰ ਸਨਮਾਨ ਚਿੰਨ੍ਹ ਭੇਂਟ ਕੀਤੇ ਗਏ। ਕਲੱਬ ਦੇ ਪ੍ਰਧਾਨ ਸਰਬਜੀਤ ਸਿੰਘ ਗਿੱਲ ਨੇ ਆਏ ਹੋਏ ਦਰਸ਼ਕਾਂ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ।

ਮਨਪ੍ਰੀਤ ਕੌਰ ਨੇ ਯੂਥ ਵਿੰਗ ਦੀ ਪ੍ਰਤੀਨਿਧਤਾ ਕਰਦੇ ਹੋਏ ਰਾਇਲ ਭੰਗੜਾ ਟੀਮ ਨੂੰ ਮੰਚ 'ਤੇ ਆਉਣ ਲਈ ਸੱਦਾ ਦਿੱਤਾ। ਨੀਲਮ ਸੈਣੀ ਨੇ ਮੰਚ ਸੰਚਾਲਨ ਬਾਖ਼ੂਬੀ ਨਿਭਾਇਆ।

**– ਰਿਪੋਰਟ: ਨੀਲਮ ਸੈਣੀ**

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸਤਿਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ 5 ਨਵੰਬਰ ਨੂੰ ਮਨਾਇਆ ਜਾਵੇਗਾ

**ਸੈਕਰਾਮੈਂਟੋ (ਡੀ. ਡੀ. ਬੀ.)** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੇਫੋਰਨੀਆ ਵੱਲੋਂ ਗੁਰੂ ਘਰ ਦੀ ਡਿਵੈਲਪਮੈਂਟ ਲਈ ਜਿੱਥੇ ਯਤਨ ਜਾਰੀ ਹਨ, ਉਥੇ ਸੰਗਤ ਨੂੰ ਗੁਰੂ ਘਰ ਨਾਲ ਜੁੜੇ ਰੱਖਣ ਲਈ ਵੀ ਉਸ ਨਾਲ ਹਰ ਹਫਤੇ ਰਾਬਤਾ ਰੱਖਿਆ ਜਾ ਰਿਹਾ ਹੈ। ਅਜਿਹੀ ਮਿਲਵਰਤਣ ਦੀ ਲੜੀ ਤਹਿਤ ਪ੍ਰਬੰਧਕ ਕਮੇਟੀ ਤੇ ਸੰਗਤਾਂ 'ਚ ਆਪਸੀ ਪਿਆਰ ਗੁਰੂ ਘਰ ਵੱਲ ਨੂੰ ਹਮੇਸ਼ਾ ਖਿੱਚੀ ਰੱਖਦਾ ਹੈ।

ਬੀਤੇ ਐਤਵਾਰ ਗੁਰੂ ਘਰ ਦੇ ਅਨਿਨ ਸ਼ਰਧਾਲੂ ਸ੍ਰੀ ਲਸ਼ਮਣ ਦਾਸ ਬਾਗਲਾ ਜੀ ਤੇ ਉਹਨਾਂ ਦੇ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਜੀ ਦੇ ਪਾਠ ਰਖਵਾਏ ਗਏ ਤੇ ਭੋਗ ਪਾਏ ਜਾਣ ਉਪਰੰਤ ਪਰਿਵਾਰ ਵੱਲੋਂ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ ਗੁਰੂ ਘਰ ਦੇ ਭਾਈ ਹਰਬਲਾਸ ਸਿੰਘ ਝਿੱਗੜ ਜੀ ਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਨੇ ਬਾਗਲਾ ਪਰਿਵਾਰ ਦੀ ਸੁੱਖ ਸ਼ਾਂਤੀ ਤੇ ਖੁਸ਼ਹਾਲੀ ਅਤੇ ਚੜ੍ਹਦੀ ਕਲਾ 'ਚ ਰਹਿਣ ਲਈ ਸਤਿਗੁਰਾਂ ਦੇ ਚਰਨਾਂ 'ਚ ਬੇਨਤੀ ਤੇ ਅਰਦਾਸ ਕੀਤੀ। ਪ੍ਰਬੰਧਕ ਕਮੇਟੀ ਨੇ ਬਾਗਲਾ ਪਰਿਵਾਰ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ।



ਸ੍ਰੀ ਅਮਰ ਦੜੌਚ ਸਟੇਜ ਸਕੱਤਰ ਨੇ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਬਾਗਲਾ ਪਰਿਵਾਰ ਦਾ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਜਾਣ ਅਤੇ ਲੰਗਰਾਂ ਦੀ ਸੇਵਾ ਦਾ ਕੋਟਿ-ਕੋਟਿ ਧੰਨਵਾਦ ਕਰਦਿਆਂ ਸਮੂਹ ਸੰਗਤਾਂ ਨੂੰ ਹੱਥ ਜੋੜ ਸਨਿਮਰ ਬੇਨਤੀ ਕੀਤੀ ਕਿ ਗੁਰੂ ਘਰ ਦੇ ਹਰ ਤਰ੍ਹਾਂ ਦੇ ਕਾਰਜਾਂ ਲਈ ਵੱਧ ਚੜ੍ਹ ਕੇ ਹਿੱਸਾ ਪਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹੋ ਜੀ। ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਆਪ ਜੀ ਦੀ ਤਰ੍ਹਾਂ ਗੁਰੂ ਘਰ ਦੇ ਦਸੜੇ ਹਨ ਜੀ।

ਸ੍ਰੀ ਦੜੌਚਨੇ ਇਸਦੇ ਨਾਲ ਹੀ ਗੁਰੂ ਘਰ ਦੀ ਸਮੂਹ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਕਿ 5 ਨਵੰਬਰ ਦਿਨ ਐਤਵਾਰ ਨੂੰ ਸਤਿਗੁਰੂ ਨਾਨਕ ਦੇਵ ਜੀ ਮਹਾਰਾਜਜੀ ਦਾ ਗੁਰਪੁਰਬ ਦਿਹਾੜਾ ਗੁਰੂ ਘਰ ਵਿਖੇ ਮਨਾਇਆ ਜਾਵੇਗਾ ਅਤੇ 12 ਨਵੰਬਰ ਦਿਨ ਐਤਵਾਰ ਨੂੰ ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਸ਼ਰਧਾ ਪੂਰਵਕ ਮਨਾਇਆ ਜਾਵੇਗਾ।

ਸੋ ਆਪ ਸਭ ਜੀ ਨੇ ਪਰਿਵਾਰਾਂ ਸਮੇਤ ਦੋਵੇਂ ਦਿਨ ਹਾਜ਼ਰੀਆਂ ਭਰਨੀਆਂ ਜੀ ਤੇ ਵੱਧ ਤੋਂ ਵੱਧ ਮਾਇਆ ਦਾ ਦਾਨ ਪਾ ਕੇ ਲੰਗਰਾਂ ਦੀ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹੋਏ ਸਾਨੂੰ ਦਾਸੜਿਆਂ ਨੂੰ ਵੀ ਧੰਨਵਾਦੀ ਬਣਾਉਣਾ ਜੀ।

ਹੋਰ ਵਧੇਰੇ ਜਾਣਕਾਰੀ ਲਈ ਪ੍ਰਬੰਧਕ ਕਮੇਟੀ ਜਾਂ ਗੁਰੂ ਘਰ ਨਾਲ ਸੰਪਰਕ ਕਰ ਲੈਣ ਦੀ ਕਿਰਪਾਲਤਾ ਕਰਨੀ ਜੀ।

## ਗੁਰਪੁਰਬ ਦਿਹਾੜਾ 5 ਨਵੰਬਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮਨਾਇਆ ਜਾਵੇਗਾ

**ਪਿਟਸਬਰਗ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈ-ਲੇਫੋਰਨੀਆ) ਸਤਿਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਦਿਹਾੜਾ ਬਹੁਤ ਉਤਸ਼ਾਹ ਅਤੇ ਸ਼ਰਧਾ ਪੂਰਵਕ 5 ਨਵੰਬਰ ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਮਨਾਉਣ ਜਾ ਰਹੀ ਹੈ। ਗੁਰੂ ਘਰ ਦੇ ਪ੍ਰਧਾਨ ਸ੍ਰੀ ਕਸ਼ਮੀਰੀ ਭਾਟੀਆਅਤੇ ਚੇਅਰਮੈਨ ਸ੍ਰੀ ਰਮੇਸ਼ਸੁੰਮਨ ਨੇ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਕਿ ਆਪ ਸਭ ਗੁਰੂ ਘਰ ਹਾਜ਼ਰੀਆਂ ਭਰ ਕੇ ਸਤਿਗੁਰੂ ਸਾਹਿਬਾਨ ਦੀਆ ਖੁਸ਼ੀਆਂ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕਰੋ ਜੀ। ਇਸ ਦੇ ਨਾਲ ਹੀ ਉਹਨਾਂ ਸਮੂਹ ਗੁਰੂ ਪਿਆਰ ਸਾਧ ਸੰਗਤ ਨੂੰ ਬਹੁਤ ਆਦਰ ਸਹਿਤ ਸਨਿਮਰ ਬੇਨਤੀ ਕੀਤੀ ਕਿ ਆਪ ਸਭ ਦੇ ਸਹਿਯੋਗ ਨਾਲ ਹੀ ਗੁਰੂ ਘਰ ਦੇ ਪਾਰਕਿੰਗ ਲਾਟਸ, ਗੁਰੂ ਘਰ ਦੀ ਨਵੀਂ ਬਿਲਡਿੰਗ ਅਤੇ ਹੋਰ ਕਈ ਪ੍ਰਕਾਰ ਦੀ ਡਿਵੈਲਪਮੈਂਟ ਲਈ ਸੰਪੂਰਨ ਸਹਿਯੋਗ ਰਿਹਾ ਹੈ ਅਤੇ ਸਾਡਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਆਪ ਜੀ ਇਸੇ ਤਰ੍ਹਾਂ ਹੀ ਪਹਿਲਾਂ ਨਾਲੋਂ ਵੀ ਹੋਰ ਵੱਧ ਚੜ੍ਹ ਕੇ ਗੁਰੂ ਘਰ ਲਈ ਡਿਵੈਲਪਮੈਂਟਤੇ ਲੰਗਰਾਂ ਆਦਿ ਦੀ ਸੇਵਾ ਕਰਦੇ ਰਹੋਗੇ। ਹੋਰ ਜਾਣਕਾਰੀ ਲਈ ਦੇਖੋ ਇਸ਼ਤਿਹਾਰ ਸਫਾ ਤੇ।

## ਯੂਬਾ ਸਿਟੀ ਵਿਖੇ ਕਵੀ ਦਰਬਾਰ ਆਯੋਜਿਤ ਕੀਤਾ ਗਿਆ

**ਯੂਬਾ ਸਿਟੀ–** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਯੂਬਾ ਸਿਟੀ/ ਸੈਕਰਾਮੈਂਟੋ ਵੱਲੋਂ ਟੈਰਾ ਬਿਊਨਾ ਗੁਰੂ ਘਰ ਯੂਬਾ ਸਿਟੀ ਵਿਖੇ ਹਰ ਸਾਲ ਦੀ ਤਰ੍ਹਾਂ ਗੁਰੂ ਘਰ ਦੀ ਕਮੇਟੀ ਦੇ ਉਦਮ ਸਦਕਾ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਕਵੀਆਂ ਤੋਂ ਇਲਾਵਾ ਗੁਰੂ ਘਰ ਦੇ ਵਿਚ ਚੱਲ ਰਹੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਵੀ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਸ. ਹਰਭਜਨ ਸਿੰਘ ਢੇਰੀ ਹੋਰਾਂ ਪੰਜਾਬੀ ਸਾਹਿਤ ਤੇ ਚਾਨਣਾ ਪਾਉਣ ਪਿੱਛੋਂ ਪਰਮਿੰਦਰ ਰਾਏ ਖਾਨਖਾਨਾ ਪਾਸੋਂ ਸ਼ਬਦ ਸੁਣਨ ਲਈ ਸੱਦਾ ਦਿੱਤਾ ਜੋ ਉਹਨਾਂ ਨੇ ਹਰਮੋਨੀਅਮ ਨਾਲ ਆਪਣੀ ਸੁਰੀਲੀ ਆਵਾਜ਼ ਵਿਚ ਸ਼ਬਦ ਗਾਇਨ ਕੀਤਾ। ਉਪਰੰਤ ਸਭਾ ਦੇ ਪ੍ਰਧਾਨ ਜਸਵੰਤ ਜੱਸੀ ਸ਼ੀਮਾਰ ਨੇ ਗੁਰੂ ਘਰ ਦੀ ਕਮੇਟੀ ਅਤੇ ਖਾਸ ਤੌਰ ਤੇ ਹਰਭਜਨ ਸਿੰਘ ਢੇਰੀ, ਹਰਬੰਸ ਸਿੰਘ ਜਗਿਆਸੂ, ਸੁਖਦੇਵ ਸਿੰਘ ਹੋਰਾਂ ਦਾ ਖਾਸ ਧੰਨਵਾਦ ਕੀਤਾ, ਜਿਹਨਾਂ ਦੀ ਮਿਹਨਤ ਸਦਕਾ ਵਧੀਆ ਪ੍ਰਬੰਧ ਹੋ ਸਕਿਆ।ਇਸ ਮੌਕੇ ਪਰਮਿੰਦਰ ਰਾਏ ਖਾਨਖਾਨਾ, ਜੀਵਨ ਰੱਤੂ, ਜਸਵੰਤ ਜੱਸੀ ਸ਼ੀਮਾਰ, ਹਰਬੰਸ ਸਿੰਘ ਜਗਿਆਸੂ, ਅਜੈਬ ਚੀਮਾ, ਮਨਜੀਤ ਕੌਰ ਸੇਖੋਂ, ਬੀਬੀ ਸੁਰਜੀਤ ਕੌਰ, ਸੁਖਦੇਵ ਢਿੱਲੋਂ, ਹਰਭਜਨ ਸਿੰਘ ਢੇਰੀ, ਸੁਖਜਿੰਦਰ ਸਿੰਘ, ਜਤਿੰਦਰ ਸਿੰਘ, ਬਲਵੀਰ ਸਿੰਘ ਕਾਲੇਕੇ, ਜੋਗਿੰਦਰ ਸਿੰਘ ਧਾਮੀ, ਲੀਨਾ ਜੌਹਲ, ਜਸਵਿੰਦਰਸਿੰਘ, ਬਲਵੀਰ ਸਿੰਘਕਾਲੇਕੇ, ਜੋਗਿੰਦਰ ਸਿੰਘ, ਫੱਗਣ ਧਾਮੀ, ਮਹਿੰਦਰ ਸਿੰਘ ਧਾਮੀ ਅਤੇ ਹੋਰ ਕਵੀਆਂ ਨੇ ਹਿੱਸਾ ਲਿਆ।



**– ਜਸਵੰਤ ਜੱਸੀ ਸ਼ੀਮਾਰ**


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:
IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

# ਬਕਸੇ ਵਿੱਚ ਪ੍ਰਾਰਥਨਾ ਦਾ ਢੌਂਗ ਕਰਦਾ ਜਾਨ ਗੁਆ ਬੈਠਾ

**ਕੁਆਲਾਲੰਪੁਰ –** ਆਪਣੇ ਆਪ ਨੂੰ ਬਾਬਾ ਦੱਸਣ ਵਾਲੇ ਇਕ ਸ਼ਖਸ ਦੀ ਪ੍ਰਾਰਥਨਾ ਕਰਦੇ ਵਕਤ ਮੌਤ ਹੋ ਗਈ। ਇਹ ਹਾਦਸਾ ਉਦੋਂ ਹੋਇਆ, ਜਦੋਂ ਉਸ ਨੇ ਸਰੀਰ ਅਤੇ ਆਤਮਾ ਨੂੰ ਪਵਿੱਤਰ ਕਰਨ ਲਈ ਖੁਦ ਨੂੰ ਧਾਤੂ ਦੇ ਵੱਡੇ ਡੱਬੇ ਵਿਚ ਬੰਦ ਕਰਵਾਇਆ। ਬਾਬੇ ਦੇ ਸਮਰਥਕਾਂ ਨੇ ਡੱਬੇ ਨੂੰ ਉਤੋਂ ਢੱਕਣ ਲਾਉਣ ਪਿੱਛੋਂ ਉਸ ਨੂੰ ਗਰਮ ਕਰਨਾ ਸ਼ੁਰੂ ਕੀਤਾ ਸੀ, ਜਿਸ ਦੇ ਨਾਲ ਉਹ ਭੁੰਨਿਆ ਗਿਆ ਅਤੇ ਉਸ ਨੂੰ ਦਿਲ ਦਾ ਦੌਰਾ ਪੈ ਗਿਆ।

ਮਲੇਸ਼ੀਆ ਵਿੱਚ 68 ਸਾਲਾ ਲਿਮ ਬਾ ਨੂੰ ਇੱਥੇ 'ਬਲੈਕ ਡਾਗ' ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਉਹ ਪਿਛਲੇ 10 ਸਾਲਾਂ ਤੋਂ ਇਸ ਤਰ੍ਹਾਂ ਨਾਲ ਅਰਦਾਸ ਕਰਦਾ ਆ ਰਿਹਾ ਸੀ। ਦੱਸਿਆ ਗਿਆ ਹੈ ਕਿ ਜਦੋਂ ਉਹ ਖੁਦ ਨੂੰ ਧਾਤੂ ਦੇ ਡੱਬੇ ਵਿਚ ਬੰਦ ਕਰਵਾਉਂਦਾ ਤਾਂ ਬਾਹਰ ਸ਼ਰਧਾਲੂ ਮੌਜੂਦ ਰਹਿੰਦੇ ਸਨ। ਇਸ ਵਾਰ ਇਹ ਅਨੋਖੀ ਪ੍ਰਾਰਥਨਾ ਉਨ੍ਹਾਂ ਦੀ ਜਾਨ ਉੱਤੇ ਭਾਰੂ ਹੋ ਗਈ। ਲਿਮ ਬਾ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪ੍ਰਥਾ ਨਿਭਾਉਣ ਨੂੰ ਤਿਆਰ ਸੀ। ਉਹ ਅਰਦਾਸ ਦੇ ਲਈ ਹੱਥ ਜੋੜ ਕੇ ਬੈਠਾ। ਉੱਤੋਂ ਧਾਤੂ ਦਾ ਵੱਡਾ ਡੱਬਾ ਰੱਖਿਆ ਗਿਆ ਅਤੇ ਇਸ ਦੇ ਹੇਠਾਂ ਕੁੱਝ ਲੱਕੜਾਂ ਬਾਲੀਆਂ ਗਈਆਂ। ਉਹ ਡੱਬਾ ਗਰਮ ਹੁੰਦਾ ਰਿਹਾ ਤੇ ਅੰਦਰ ਭਾਫ ਬਣਦੀ ਰਹੀ। ਅੱਧੇ ਘੰਟੇ ਬਾਅਦ ਲੋਕਾਂ ਦੇਖਿਆ ਕਿ ਬਾਬਾ ਉਸ ਡੱਬੇ ਨੂੰ ਉਪਰ ਵੱਲ ਧੱਕੇ ਦੇ ਰਿਹਾ ਸੀ। ਗੜਬੜ ਦੇ ਸ਼ੱਕ ਉੱਤੇ ਲੋਕਾਂ ਨੇ ਉਸ ਡੱਬੇ ਨੂੰ ਚੁੱਕਿਆ ਤੇ ਬਾਬੇ ਨੂੰ ਬਾਹਰ ਕੱਢਿਆ। ਗਰਮ ਭਾਫ ਨਾਲ ਉਹ ਬੁਰੀ ਤਰ੍ਹਾਂ ਸੜ ਗਿਆ ਸੀ, ਜਿਸ ਤੋਂ ਬਾਅਦ ਉਸ ਨੂੰ ਦਿਲ ਦਾ ਦੌਰਾ ਪਿਆ। ਇਸ ਘਟਨਾ ਬਾਰੇ ਸਥਾਨਕ ਮੀਡੀਆ ਨੂੰ ਲਿਮ ਦੇ ਸਭ ਤੋਂ ਛੋਟੇ ਬੇਟੇ ਕਾਂਗ ਹੁਆਈ (32) ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ 10 ਸਾਲਾਂ ਤੋਂ ਵੱਧ ਸਮੇਂ ਤੋਂ ਏਦਾਂ ਕਰ ਰਹੇ ਸਨ। ਉਸ ਦੌਰਾਨ ਉਨ੍ਹਾਂ ਤੋਂ ਇਲਾਵਾ ਚਾਵਲ, ਮੱਕਾ ਅਤੇ ਸਬਜ਼ੀਆਂ ਵੀ ਵਿੱਚ ਰੱਖੀਆਂ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦਰਸਾਏ ਸੱਚ ਦੇ ਮਾਰਗ 'ਤੇ ਚੱਲਣ ਦੀ ਲੋੜ-ਮੋਦੀ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਹੀ ਨਹੀਂ ਬਲਕਿ ਉਹ ਜਗਤ ਗੁਰੂ ਹਨ । ਉਨ੍ਹਾਂ ਨੇ ਪੂਰੀ ਮਨੁੱਖਤਾ ਦੇ ਕਲਿਆਣ ਲਈ ਸਮਾਨਤਾ ਦਾ ਸੰਦੇਸ਼ ਦਿੱਤਾ ਅਤੇ ਸਾਰੀਆਂ ਜਾਤਾਂ ਨੂੰ ਇਕ ਬਰਾਬਰ ਦੱਸਿਆ । ਸਾਨੂੰ ਉਨ੍ਹਾਂ ਦੇ ਦਿਖਾਏ ਰਸਤੇ ਅਤੇ ਸਿੱਖਿਆਵਾਂ 'ਤੇ ਅਮਲ ਕਰਨਾ ਚਾਹੀਦਾ ਹੈ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੇਡੀਓ 'ਤੇ 'ਮਨ ਕੀ ਬਾਤ' ਦੌਰਾਨ ਦੇਸ਼ ਵਾਸੀਆ ਨੂੰ ਕਿਹਾ ਕਿ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਨੇ ਸੱਚੀ ਮਨੁੱਖਤਾ ਦਾ ਸੰਦੇਸ਼ ਦੇਣ ਲਈ 28,000 ਕਿਲੋਮੀਟਰ ਦੀ ਪੈਦਲ ਯਾਤਰਾ ਕੀਤੀ । 4 ਨਵੰਬਰ ਨੂੰ ਅਸੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾ ਰਹੇ ਹਾਂ । 2019 ਵਿਚ ਅਸੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਜਾ ਰਹੇ ਹਾਂ । ਪ੍ਰਧਾਨ ਮੰਤਰੀ ਨੇ ਪ੍ਰਕਾਸ਼ ਪੁਰਬ ਮੌਕੇ ਦੇਸ਼ ਵਾਸੀਆਂ ਨੂੰ ਵਧਾਈ ਦਿੰਦਿਆ ਕਿਹਾ ਕਿ ਆਓ, ਅਸੀ ਗੁਰੂ ਸਾਹਿਬ ਵਲੋਂ ਦਿੱਤੇ ਸਮਾਨਤਾ ਅਤੇ ਔਰਤ ਸ਼ਕਤੀਕਰਨ ਦੇ ਸੰਦੇਸ਼ ਨੂੰ ਅਪਣਾ ਕੇ ਸਮਾਜ ਅਤੇ ਮਨੁੱਖਤਾ ਦੀ ਭਲਾਈ ਦੇ ਮਾਰਗ 'ਤੇ ਚੱਲੀਏ । ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਆਦਰਸ਼ਾਂ ਅਤੇ ਸਿੱਖਿਆਵਾਂ ਦੇ ਰਸਤੇ 'ਤੇ ਚੱਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।



ਉਨ੍ਹਾਂ ਨੇ ਸਮਾਜ 'ਚ ਸਮਾਨਤਾ ਦੇ ਸੰਦੇਸ਼ ਨੂੰ ਗੱਲਾਂ ਨਾਲ ਨਹੀਂ ਆਪਣੇ ਕਰਮ ਨਾਲ ਕਰਕੇ ਦਿਖਾਇਆ । ਉਨ੍ਹਾਂ ਨੇ ਲੰਗਰ ਚਲਾਇਆ, ਜਿਸ ਨਾਲ ਲੋਕਾਂ 'ਚ ਸੇਵਾ-ਭਾਵਨਾ ਪੈਦਾ ਹੋਈ । ਇਕੱਠੇ ਬੈਠ ਕੇ ਲੰਗਰ ਖਾਣ ਨਾਲ ਲੋਕਾਂ 'ਚ ਏਕਤਾ ਅਤੇ ਸਮਾਨਤਾ ਦੀ ਭਾਵਨਾ ਜਾਗ੍ਰਿਤ ਹੋਈ । ਗੁਰੂ ਜੀ ਨੇ ਔਰਤਾਂ ਦੇ ਸ਼ਕਤੀਕਰਨ ਅਤੇ ਸਨਮਾਨ 'ਤੇ ਜ਼ੋਰ ਦਿੱਤਾ ।

# ਕੈਪਟਨ ਸਰਕਾਰ ਨੂੰ ਕਰਜ਼ ਮੁਆਫ਼ੀ ਲਈ ਫ਼ੌਰੀ 9500 ਕਰੋੜ ਰੁਪਏ ਦੀ ਲੋੜ

**ਚੰਡੀਗੜ੍ਹ –** ਪੰਜਾਬ ਸਰਕਾਰ ਦੁਆਰਾ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਬਾਰੇ ਜਾਰੀ ਤਾਜ਼ਾ ਨੋਟੀਫਿਕੇਸ਼ਨ ਵਿਚ ਕਰਜ਼ਾ ਮੁਆਫ਼ੀ ਲਈ ਹੱਕਦਾਰ ਕਿਸਾਨਾਂ ਬਾਰੇ ਬੜੀ ਭੁਲੇਖਾ ਪਾਊ ਸਥਿਤੀ ਹੈ । ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ ਕਿ ਢਾਈ ਏਕੜ ਤੱਕ ਮਾਲਕੀ ਵਾਲੇ ਕਿਸਾਨਾਂ ਦੇ ਕੁਲ ਕਰਜ਼ੇ ਵਿਚੋਂ ਦੋ ਲੱਖ ਰੁਪਏ ਤੱਕ ਮੁਆਫ ਹੋਣਗੇ, ਪਰ ਇਸ ਤੋਂ ਅੱਗੇ ਨੋਟੀਫਿਕੇਸ਼ਨ ਦੀ ਧਾਰਾ 5.2 'ਚ ਬੜੇ ਭੁਲੇਖਾ ਪਾਊ ਢੰਗ ਨਾਲ ਲਿਖਿਆ ਹੈ ਕਿ ਢਾਈ ਤੋਂ ਪੰਜ ਏਕੜ ਮਾਲਕੀ ਵਾਲੇ ਛੋਟੇ ਕਿਸਾਨ ਜਿਨ੍ਹਾਂ ਦਾ ਕੁੱਲ ਫਸਲੀ ਕਰਜ਼ਾ 2 ਲੱਖ ਰੁਪਏ ਤੱਕ ਹੋਵੇਗਾ, ਨੂੰ ਕਰਜ਼ਾ ਮੁਆਫ਼ੀ ਦੀ ਰਾਹਤ ਮਿਲੇਗੀ । ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਨੂੰ ਜਦ ਇਸ ਘੁੰਡੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਸਪੱਸ਼ਟ ਜਵਾਬ ਸੀ ਕਿ ਢਾਈ ਏਕੜ ਤੱਕ ਵਾਲੇ ਹਰ ਕਿਸਾਨ ਦਾ 2 ਲੱਖ ਰੁਪਏ ਮੁਆਫ ਹੋਵੇਗਾ, ਪਰ ਢਾਈ ਤੋਂ ਪੰਜ ਏਕੜ ਮਾਲਕੀ ਵਾਲੇ ਉਨ੍ਹਾਂ ਕਿਸਾਨਾਂ ਦਾ ਹੀ 2 ਲੱਖ ਤੱਕ ਕਰਜ਼ਾ ਮੁਆਫ ਹੋਵੇਗਾ, ਜਿਨ੍ਹਾਂ ਸਿਰ ਕੁਲ ਕਰਜ਼ਾ 2 ਲੱਖ ਰੁਪਏ ਤੱਕ ਹੋਵੇਗਾ । ਜਿਨ੍ਹਾਂ ਕਿਸਾਨਾਂ ਸਿਰ ਕਰਜ਼ਾ ਦੋ ਲੱਖ ਤੋਂ ਵੱਧ ਹੋਵੇਗਾ, ਉਨ੍ਹਾਂ ਦਾ ਕੋਈ ਕਰਜ਼ਾ ਮੁਆਫ ਨਹੀਂ ਹੋਵੇਗਾ । ਇਸ ਦਾ ਭਾਵ ਹੈ ਕਿ ਦੋ ਲੱਖ ਤੋਂ ਪੰਜ ਰੁਪਏ ਵੱਧ ਕਰਜ਼ੇ ਵਾਲੇ ਕਿਸਾਨ ਦਾ ਧੇਲਾ ਵੀ ਮੁਆਫ ਨਹੀਂ ਹੋਵੇਗਾ । ਸਰਕਾਰੀ ਅਧਿਕਾਰੀਆਂ ਵਲੋਂ ਪਾਈ ਗਈ ਇਸ ਧਾਰਾ ਨਾਲ ਸੀਮਤ ਤੇ ਛੋਟੇ ਕਿਸਾਨਾਂ ਦੇ ਮੁਆਫ ਕੀਤੀ ਜਾਣ ਵਾਲੀ ਰਾਸ਼ੀ ਸੁੰਗੜ ਕੇ 6 ਹਜ਼ਾਰ ਕਰੋੜ ਰੁਪਏ ਦੇ ਨੇੜੇ-ਤੇੜ ਰਹਿ ਜਾਵੇਗੀ । ਪੰਜਾਬ ਸਰਕਾਰ ਨੇ ਸਵਾ ਦਸ ਲੱਖ ਦੇ ਕਰੀਬ ਸੀਮਤ ਤੇ ਛੋਟੇ ਕਿਸਾਨਾਂ ਦਾ 9500 ਕਰੋੜ ਰੁਪਏ ਦੇ ਕਰੀਬ ਕਰਜ਼ਾ ਮੁਆਫ ਕਰਨ ਬਾਰੇ ਕਿਹਾ ਸੀ। ਇਕ ਸੀਨੀਅਰ ਅਧਿਕਾਰੀ ਮੁਤਾਬਿਕ 9500 ਕਰੋੜ ਰੁਪਏ ਵਿਚੋਂ 4500 ਕਰੋੜ ਰੁਪਏ ਤਾਂ ਢਾਈ ਏਕੜ ਮਾਲਕੀ ਵਾਲੇ ਸੀਮਤ ਕਿਸਾਨਾਂ ਦਾ ਕਰਜ਼ਾ ਮੁਆਫ ਹੋਣ ਵਾਲੀ ਰਕਮ ਹੈ । ਬਾਕੀ 5 ਹਜ਼ਾਰ ਕਰੋੜ ਰੁਪਏ ਜੋ ਛੋਟੇ ਕਿਸਾਨਾਂ ਦੇ ਮੁਆਫ ਕਰਨ ਦਾ ਐਲਾਨ ਕੀਤਾ ਸੀ, ਉਹ ਤਾਂ ਨਵੀਂ ਧਾਰਾ ਰਾਹੀਂ ਵੱਟੇ ਖਾਤੇ ਹੀ ਪਾ ਦਿੱਤੇ ਗਏ ਹਨ। ਇਸ ਅਧਿਕਾਰੀ ਦਾ ਕਹਿਣਾ ਹੈ ਕਿ ਢਾਈ ਤੋਂ ਪੰਜ ਏਕੜ ਮਾਲਕੀ ਵਾਲੇ ਕਿਸਾਨ ਵੱਡੇ ਪੱਧਰ 'ਤੇ ਜ਼ਮੀਨ ਠੇਕੇ ਉਪਰ ਲੈ ਕੇ ਖੇਤੀ ਕਰਨ ਵਾਲੇ ਹਨ ਤੇ ਉਨ੍ਹਾਂ ਵਿਚੋਂ ਸਹਿਕਾਰੀ ਤੇ ਸਰਕਾਰੀ ਬੈਂਕਾਂ ਤੇ ਸਹਿਕਾਰੀ ਸਭਾਵਾਂ ਤੋਂ ਲਿਆ ਕਰਜ਼ਾ ਕਿਸੇ ਦਾ ਵੀ ਦੋ ਲੱਖ ਰੁਪਏ ਤੋਂ ਘੱਟ ਨਹੀਂ ਹੋਵੇਗਾ।

# ਸਵਰਗੀ ਅਵਤਾਰ ਸਿੰਘ ਨਮਿਤ ਅੰਤਿਮ ਅਰਦਾਸ ਅਤੇ ਪਾਠ ਦੇ ਭੋਗ ਪਾਏ



**ਯੂਬਾ ਸਿਟੀ–** ਗੁਰੂ ਪਿਆਰੀ ਸਾਧ ਸੰਗਤ ਜੀਓ, ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਬੜੇ ਪਿਆਰੇ ਸ਼ਰਧਾਲੂ ਸ. ਅਵਤਾਰ ਸਿੰਘ ਜੀ ਜਿਹਨਾਂ ਦੀ ਪਿਛਲੇ ਦਿਨੀਂ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ। ਉਹਨਾਂ ਦੀ ਅੰਤਿਮ ਅਰਦਾਸ ਗੁਰੂ ਘਰ ਵਿਖੇ 26 ਅਕਤੂਬਰ ਦਿਨ ਐਤਵਾਰ ਨੂੰ ਕੀਤੀ ਗਈ। ਇਸ ਤੋਂ ਪਹਿਲਾਂ ਮ੍ਰਿਤਕ ਸਰੀਰ ਦਾ ਅੰਤਿਮ ਸੰਸਕਾਰ ਕੀਤਾ ਗਿਆ। ਉਪਰੰਤ ਗੁਰੂ ਘਰ ਵਿਖੇ ਇਲਾਹੀ ਬਾਣੀ ਦੇ ਭੋਗ ਪਾਏ ਗਏ। ਉਪਰੰਤ ਗੁਰ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸਾਧ ਸੰਗਤ ਨੂੰ ਨਿਹਾਲ ਕੀਤਾ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ. ਅਵਤਾਰ ਸਿੰਘ ਦੀ ਬੇਟੀ ਬੀਬੀ ਕੁਲਵਿੰਦਰ ਕੌਰ ਜੀ ਨੂੰ ਪਰਿਵਾਰ ਦੀ ਸਮਾਜਿਕ ਜ਼ਿੰਮੇਵਾਰੀ ਸੌਂਪਦੇ ਹੋਏ ਸਿਰੋਪਾਓ ਬਖਸ਼ਿਸ਼ ਕੀਤੇ ਗਏ।

# ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਗੁਰਦਾਸਪੁਰ ਦੀ ਹੋਈ ਚੋਣ

**ਗੁਰਦਾਸਪੁਰ, (ਬਰਨਾਲ) –**ਜ਼ਿਲਾ ਗੁਰਦਾਸਪੁਰ ਦੇ ਵੱਖ ਵੱਖ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾ ਵਿਚ ਸੇਵਾ ਨਿਭਾ ਰਹੇ ਲੈਕਚਰਾਰਾਂ ਦੀ ਇਕ ਮੀਟਿੰਗ ਇੰਨਸਰਵਿਸ ਟ੍ਰੇਨਿੰਗ ਸੈਂਟਰ ਗੁਰਦਾਸਪੁਰ ਵਿਖੇ ਇਕ ਮੀਟਿੰਗ ਕੀਤੀ ਗਈ ਜਿਸ ਵਿਚ ਭਾਰੀ ਗਿਣਤੀ ਵਿਚ ਲੈਕਚਰਾਰਾਂ ਨੇ ਹਿੱਸਾ ਲਿਆ। ਇਸ ਮੀਟਿੰਗ ਦਾ ਮੁੱਖ ਮਕਸਦ ਸਰਕਾਰੀ ਸਕੂਲ ਲੈਕਚਰਾਰ ਯੂਨੀਅਨ ਗੁਰਦਾਸਪੁਰ ਦਾ ਗਠਨ ਕਰਨਾ ਸੀ। ਇਸ ਮੀਟਿੰਗ ਵਿਚ ਹਾਜਰ ਲੈਕਚਰਾਰ ਦੀ ਆਪਸੀ ਸਹਿਮਤੀ ਨਾਲ ਬਲਰਾਜ ਸਿੰਘ ਬਾਜਵਾ ਲੈਕਚਰਾਰ ਬਾਇਓਲੋਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧੁੱਸਪੜੀ ਨੂੰ ਜ਼ਿਲਾ ਗੁਰਦਾਸਪੁਰ ਦਾ ਪ੍ਰਧਾਨ ਬਣਾਇਆ ਗਿਆ।ਬਾਕੀ ਗੁਰਦਾਸਪੁਰ ਦੀ ਟੀਮ ਵਿੱਚ ਕੁਲਵਿੰਦਰ ਸਿੰਘ ਲੈਕਚਰਾਰ ਦੇੜ ਫੱਤੂਪੁਰ ਨੂੰ ਜਨਰਲ ਸਕੱਤਰ, ਭੁਪਿੰਦਰ ਸਿੰਘ ਲੈਕਚਰਾਰ ਨੌਸ਼ਹਿਰਾ ਮੱਝਾ ਸਿੰਘ ਸੀਨੀਅਰ ਵਾਈਸ ਪ੍ਰਧਾਨ, ਜਗਜੀਤ ਸਿੰਘ ਲੈਕਚਰਾਰ ਹਰਦਰਵਾਲ ਵਾਈਸ ਪ੍ਰਧਾਨ, ਨਰੇਸ਼ ਕੁਮਾਰ ਲੈਕਚਰਾਰ ਅੰਗਰੇਜ਼ੀ ਹਰਦੋਛੰਨੀ ਵਾਈਸ ਪ੍ਰਧਾਨ, ਰਵਿੰਦਰਜੀਤ ਸਿੰਘ ਪੰਨੂ ਸੰਕਰਪੁਰਾ ਵਿੱਤ ਸਕੱਤਰ, ਨਰਿੰਦਰ ਸਿੰਘ ਬਰਨਾਲ ਭੁੱਲਰ ਪ੍ਰੈਸ ਸਕੱਤਰ, ਰਜਿੰਦਰ ਕੁਮਾਰ ਲੈਕਚਰਾਰ ਕਾਲਾਨੰਗਲ ਨੂੰ ਸਕੱਤਰ, ਗੁਰਮੀਤ ਸਿੰਘ ਭੋਮਾ ਕਾਲਮ ਨਵੀਸ ਨੂੰ ਐਡਵਾਈਜਰ, ਹਰਪਾਲ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਿਆਲਗੜ ਨੂੰ ਲੀਗਲ ਐਡਵਾਈਜਰ ਥਾਪਿਆ ਗਿਆ। ਸਟੇਟ ਕਮੇਟੀ ਮੈਂਬਰ ਸੁਖਦੇਵ ਲਾਲ ਬਤੌਰ ਅਬਜਰਵਰ ਪਹੁੰਚੇ ਤੇ ਸਾਰੀ ਕਾਰਵਾਈ ਨੂੰ ਨੋਟ ਕਰਨ ਉਪਰੰਤ ਗੁਰਦਾਸਪੁਰ ਦੀ



ਟੀਮ ਨੂੰ ਮਾਨਤਾ ਦਿਤੀ ਗਈ।

ਇਸ ਤੋ ਇਲਾਵਾ ਸੁਰਿੰਦਰ ਕੌਰ ਲੈਕਚਰਾਰ ਸੇਖਵਾਂ, ਸੁਮਨ ਬਾਲਾ ਲੈਕਚਰਾਰ ਵਡਾਲਾ ਗ੍ਰੰਥੀਆਂ, ਭੁਪਿੰਦਰ ਕੌਰ ਲੈਕਚਰਾਰ ਫਤਿਗੜ੍ਹ ਚੂੜੀਆਂ ਤੇ ਸਤਿੰਦਰ ਕੌਰ ਕਾਹਲੋ ਸਟੇਟ ਐਵਾਰਡੀ ਲੈਕਚਰਾਰ ਅੰਗਰੇਜ਼ੀ ਨੂੰ ਕਾਰਜਕਾਰੀ ਮੈਂਬਰ ਥਾਪਿਆ ਗਿਆ ਹੈ। ਇਸ ਮੌਕੇ ਪਹਿਲਾਂ ਤੋ ਸੇਵਾ ਨਿਭਾ ਰਹੇ ਲੈਕਚਰਾਰ ਯੂਨੀਅਨ ਦੇ ਪ੍ਰਧਾਨ ਤੇ ਇਸ ਵੇਲੇ ਉਪ ਜ਼ਿਲਾ ਸਿੱਖਿਆ ਅਫਸਰ (ਸਸ) ਗੁਰਦਾਸਪੁਰ ਸ੍ਰੀ ਰਵਿੰਦਰਪਾਲ ਸਿੰਘ ਚਾਹਲ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਆ ਗਿਆ। ਇਸ ਮੀਟਿੰਗ ਵਿਚ ਅਜੇ ਅਰੋੜਾ,ਵਰਿੰਦਰ ਸਿੰਘ ਰੰਧਾਵਾ, ਜਤਿੰਦਰ ਸਿੰਘ , ਪ੍ਰੇਮ ਸਿੰਘ ਸਟੇਟ ਐਵਾਰਡੀ, ਜੋਧ ਸਿੰਘ ਸਟੇਟ ਐਵਾਰਡੀ, ਰਜਿੰਦਰ ਸਿੰਘ, ਪ੍ਰੇਮ ਸਿੰਘ, ਅਜਮੇਰ ਸਿੰਘ , ਸੁਖਵਿੰਦਰ ਸਿੰਘ ਦਰਗਾਬਾਦ, ਜਗਜੀਤ ਸਿੰਘ ਹਰਦਰਵਾਲ, ਜੀਵਨ ਸਿੰਘ ਬਟਾਲਾ, ਕੰਸ ਰਾਜ, ਲਖਵਿੰਦਰ ਸਿੰਘ, ਪਰਮਜੀਤ ਸਿੰਘ ਚੀਮਾਂ, ਰਵਿੰਦਰਜੀਤ ਸਿੰਘ ਪੰਨੂ,ਮੰਗਲ ਸਿੰਘ , ਤਰਸੇਮਪਾਲ ਸ਼ਰਮਾ, ਗੁਰਬਚਨ ਸਿੰਘ, ਸ਼ਾਮ ਕੁਮਾਰ ਜੈਤੋਸਰਜਾ, ਰਜਿੰਦਰ ਸਿੰਘ ਮਸਾਣੀਆ, ਜਤਿੰਦਰ ਸਿੰਘ ਮਸਾਣੀਆਂ , ਸ਼ਾਮ ਕੁਮਾਰ, ਚਰਨਜੀਤ ਸਿੰਘ, ਸਰਬਜੀਤ ਸਿੰਘ ਚੱਠਾ, ਰਣਜੀਤ ਸਿੰਘ, ਕਸ਼ਮੀਰ ਸਿੰਘ, ਹਰਜਿੰਦਰ ਸਿੰਘ, ਗੁਰਮੀਤ ਸਿੰਘ ਖਹਿਰਾ, ਜਤਿੰਦਰਬੀਰ ਸਿੰਘ, ਹਰਪ੍ਰੀਤ ਸਿੰਘ, ਗੁਰਦੀਪ ਸਿਘ, ਬਲਵਿੰਦਰ ਸਿੰਘ , ਸੋਮ ਸਿੰਘ ਕਲਾਨੌਰ, ਬਲਜਿੰਦਰ ਸਿੰਘ ਸੇਖਵਾਂ, ਹਰਜਿੰਦਰ ਸਿੰਘ, ਰਾਕੇਸ਼ ਕੁਮਾਰ ਧਾਰੋਵਾਲੀ, ਬਲਬੀਰ ਸਿੰਘ ਗੁਰਦਾਸਪੁਰ , ਅਸ਼ੋਕ ਕੁਮਾਰ ਕਿਲਾ ਟੇਕ ਸਿੰਘ, ਗੁਰਮੀਤ ਸਿੰਘ ਭੋਮਾ ਆਦਿ ਜ਼ਿਲਾ ਗੁਰਦਾਸਪੁਰ ਦੇ ਵੱਖ ਵੱਖ ਸਕੂਲਾਂ ਦੇ ਲੈਕਚਰਾਰ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਬਲਜਿੰਦਰ ਸਿੰਘ ਸੇਖਵਾ ਨੇ ਬਾਖੂਬੀ ਨਾਲ ਨਿਭਾਈ।

# ਨਿਊਯਾਰਕ ਵਿੱਚ ਇਸਲਾਮਿਕ ਸਟੇਟ ਅੱਤਵਾਦੀ ਵਲੋਂ ਕਿਰਾਏ ਦੇ ਟਰੱਕ ਨਾਲ 8 ਆਮ ਰਾਹੀ ਦਰੜ ਕੇ ਮਾਰੇ-ਅੱਤਵਾਦੀ ਜ਼ਿੰਦਾ ਫੜਿਆ

**ਨਿਊਯਾਰਕ, ਅਮਰੀਕਾ ( ਹੁਸਨ ਲੜੋਆ ਬੰਗਾ)–** ਅਮਰੀਕਾ ਵਿੱਚ ਵਾਪਰੀ ਇੱਕ ਹੋਰ ਨਵੀ ਘਟਨਾ ਵਿੱਚ ਇਸਲਾਮਿਕ ਸਟੇਟ ਨਾਲ ਸਬੰਧਤ ਇੱਕ ਅੱਤਵਾਦੀ ਜਿਸਦਾ ਨਾਂ ਸੇਫੁਲੋ ਸੈਪੋਵ ਉਮਰ 29 ਸਾਲ ਜੋ ਟੈਂਪਾ ਫਲੋਰੀਡਾ ਦਾ ਵਸਨੀਕ ਦੱਸਿਆ ਗਿਆ ਹੈ ਨੇ ਮੈਨਹਟਨ ਇਲਾਕੇ ਚ ਅੱਜ ਬਾਦ ਦੁਪਿਹਰ ਇੱਕ ਹੋਮ ਡੀਪੂ ਤੋਂ ਛੋਟਾ ਟਰੱਕ ਕਿਰਾਏ ਲੈ ਕੇ ਇਸ ਘਟਨਾ ਨੂੰ ਇੰਜਾਮ ਦਿੱਤਾ ਇਸ ਟਰੱਕ ਨਾਲ ਉਸਨੇ ਕਿਸੇ ਵੀ ਰਾਹ ਜਾਂਦੇ ਨੂੰ ਨਹੀ ਬਖਸ਼ਿਆ ਤੇ ਹਰੇਕ ਨੂੰ ਦਰੜ ਕੇ ਮਾਰ ਦਿੱਤਾ ਜਿਸ ਕਰਕੇ 8 ਮੌਤਾਂ ਦੀ ਹੁਣ ਤੱਕ ਪੁਸ਼ਟੀ ਹੋ ਚੁੱਕੀ ਹੈ। ਇਹ ਘਟਨਾ ਵਰਲਡ ਟਰੇਡ ਸੈਂਟਰ ਦੇ ਨਜ਼ਦੀਕ ਵਾਪਰੀ । ਇਸ ਘਟਨਾਂ ਦੌਰਾਨ ਪਹਿਲਾਂ ਟਰੱਕ ਕੁਝ ਲੋਕਾਂ ਵਿੱਚ ਮਾਰਿਆ ਫਿਰ ਸਕੂਲ ਦੀ ਬੱਸ ਵਿੱਚ ਲਿਆ ਕੇ ਮਾਰਿਆ ਜੋ ਕਿ ਚੈਂਬਰ ਅਤੇ ਵੈਸਟ ਸਟਰੀਟ ਹੈ ਤੇ ਇਸਦੇ ਕੋਲ ਹੀ ਸਕੂਲ ਪੈਂਦਾ ਹੈ। ਘਟਨਾਂ ਦੇ ਇੰਜਾਮ ਦੌਰਾਨ ਅੱਤਵਾਦੀ ਨੇ ਟਰੱਕ ਨੂੰ ਪੂਰੀ ਸਪੀਡ ਚ ਰੱਖਿਆ ਤਾਂ ਜੋ ਵੱਧ ਤੋਂ ਵੱਧ ਜਾਨੀ ਨੁਕਸਾਨ ਹੋ ਸਕੇ ਘਟਨਾ ਤੋਂ ਬਾਅਦ ਇਸ ਅੱਤਵਾਦੀ ਨੇ "ਅੱਲਾ ਹੂ ਅਕਬਰ" ਦੇ ਨਾਅਰੇ ਵੀ ਲਾਏ। ਨਿਊਯਾਰਕ ਦੇ ਮੇਅਰ ਬਿੱਲ ਦੇ ਬਲੇਸੀਓ ਨੇ ਪ੍ਰੈਸ ਕਨਫਰੰਸ ਵਿੱਚ ਇਸ ਘਟਨਾ ਤੇ ਅਫਸੋਸ ਕਰਦਿਆਂ "ਅੱਤਵਾਦ ਦਾ ਘਨਿਆਉਣਾ ਵਰਤਾਰਾ" ਕਿਹਾ ਤੇ ਨਾਲ ਹੀ ਉਨਾਂ ਮਾਰੇ ਗਏ ਤੇ ਫੱਟੜ ਹੋਏ ਵਿਅਕਤੀਆਂ ਪ੍ਰਤੀ ਦੁਖ ਪ੍ਰਗਟ ਕੀਤਾ। ਇਸ ਘਟਨਾ ਦੌਰਾਨ ਦਰਜਨ ਦੇ ਕਰੀਬ ਵਿਆਕਤੀ ਫੱਟੜ ਦੱਸੇ ਜਾਂਦੇ ਹਨ। ਪੁਲੀਸ ਤੇ ਏਜੰਸੀਆਂ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਇਹ ਸੇਫੁਲੋ ਸੈਪੋਵ ਨਾਂ ਦਾ ਵਿਆਕਤੀ ਦਾ ਪਿਛੋਕੜ ਉਜ਼ਬੇਕਿਸਤਾਨ ਨਾਲ ਸਬੰਧਤ ਹੈ। ਇਸ ਟਰੱਕ ਨੂੰ ਇੱਕ ਬਿਨਾ ਵਰਦੀ ਤੋਂ ਪੁਲੀਸ ਅਫਸਰ ਨੇ ਅੱਤਵਾਦੀ ਦੇ ਗੋਲੀ ਮਾਰ ਕੇ ਰੋਕਿਆ ਤੇ ਅੱਤਵਾਦੀ ਨੂੰ ਜ਼ਿੰਦਾ ਫੜ ਲਿਆ ਗਿਆ ਜਿਸ ਦੇ ਕੋਲੋਂ ਦੋ ਹੈਂਡਗੰਨਾਂ ਵੀ ਫੜੀਆਂ ਗਈਆਂ । ਇਸ ਘਟਨਾ ਤੋਂ





ਬਾਅਦ ਇਲਾਕੇ ਦੇ ਸਾਰੇ ਸਕੂਲ ਬੰਦ ਕਰ ਦਿੱਤੇ ਗਏ । ਇਸ ਘਟਨਾ ਤੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਕਈ ਹੋਰ ਦੇਸ਼ਾਂ ਦੇ ਮੁਖੀਆਂ ਨੇ ਘਟਨਾ ਦੀ ਘੋਰ ਨਿੰਦਾ ਕੀਤੀ ਹੈ।

# ਈਸਾਈ ਮਿਸ਼ਨਰੀਆਂ ਨੂੰ ਭਾਰਤ ਸਰਕਾਰ ਵੀਜ਼ਾ ਦੇਵੇ- ਮੋਦੀ ਨੂੰ ਪੱਤਰ



ਫਰੈਡੀ ਜੋਜ਼ਫ

ਸ਼੍ਰੀ ਫਰੈਡੀ ਜੋਜ਼ਫ ਕਨਵੀਨਰ ਵਿਲੀਅਮ ਕੇਰੀ ਅਵਾਰਡ ਕਮੇਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਈਸਾਈ ਦੇਸ਼ ਭਾਰਤ ਦੇ ਸਾਰੇ ਧਰਮਾਂ ਦੇ ਪ੍ਰਚਾਰਕਾਂ ਨੂੰ ਆਪੋ ਆਪਣੇ ਧਰਮ ਦੇ ਪ੍ਰਚਾਰ ਲਈ ਵੀਜ਼ਾ ਦੇ ਰਹੇ ਹਨ। ਇਹ ਪ੍ਰਚਾਰਕ ਆਪੋ-ਆਪਣੇ ਧਰਮਾਂ ਦਾ ਉੱਥੇ ਪ੍ਰਚਾਰ ਵੀ ਕਰ ਰਹੇ ਹਨ, ਆਪਣੇ ਮੰਦਿਰ ਵੀ ਬਣਾ ਰਹੇ ਹਨ ਤੇ ਧਰਮ ਪਰਿਵਰਤਨ ਵੀ ਕਰ ਰਹੇ ਹਨ।

ਪ੍ਰੰਤੂ ਇਹ ਦੁੱਖ ਦੀ ਗੱਲ ਹੈ ਕਿ ਭਾਰਤ ਸਰਕਾਰ ਵਲੋਂ ਉਨ੍ਹਾਂ ਦੇਸ਼ਾਂ ਦੇ ਈਸਾਈ ਮਿਸ਼ਨਰੀਆਂ ਨੂੰ ਭਾਰਤ ਵਿੱਚ ਆਪਣੇ ਧਰਮ ਦੇ ਪ੍ਰਚਾਰ ਲਈ ਵੀਜ਼ਾ ਨਹੀਂ ਦਿੱਤਾ ਜਾ ਰਿਹਾ। ਇਹ ਉਨ੍ਹਾਂ ਦੇਸ਼ਾਂ ਦੇ ਮਿਸ਼ਨਰੀਆਂ ਅਤੇ ਇਸ ਦੇਸ਼ ਦੇ ਈਸ-ਾਈਆਂ ਨਾਲ ਘੋਰ ਵਿਤਕਰਾ ਹੈ ਜੋ ਵਿਦੇਸ਼ਾਂ ਵਿੱਚ ਬੈਠੀਆਂ ਈਸਾਈ ਰੂਹਾਨੀ ਸ਼ਖਸੀਅਤਾਂ ਦਾ ਅਸ਼ੀਰਵਾਰ ਨਹੀਂ ਲੈ ਸਕਦੇ।

ਇਹ ਈਸਾਈ ਧਰਮ ਦਾ ਵੀ ਅਪਮਾਨ ਹੈ। ਉਨ੍ਹਾਂ ਈਸਾਈ ਮਿਸ਼ਨਰੀਆਂ ਦਾ ਵੀ ਅਪਮਾਨ ਹੈ ਜਿੰਨ੍ਹਾਂ ਨੇ ਇਸ ਦੇਸ਼ ਵਿੱਚ ਉਨੀਵੀਂ ਸਦੀ ਵਿੱਚ ਖੇਤੀ ਪ੍ਰਾਜੈਕਟ, ਇੰਡਸਟਰੀਅਲ ਪ੍ਰਾਜੈਕਟ, ਅਧੁਨਿਕ ਸਿਹਤ ਸੇਵਾਵਾਂ, ਵਿਦਿਅਕ ਸੇਵਾਵਾਂ ਦੀ ਨੀਂਹ ਰੱਖ ਕੇ ਇਸ ਦੇਸ਼ ਨੂੰ ਅਧੁਨਿਕਤਾ ਦੀ ਪਟੜੀ ਤੇ ਪਾਇਆ ਤੇ ਇਸ ਦੇਸ਼ ਵਿਚੋਂ ਅਨਪੜ੍ਹਤਾ, ਛੂਆ-ਛਾਤ, ਜਾਤਪਾਤ, ਤੋਂ ਇਲਾਵਾ ਔਰਤਾਂ ਨੂੰ ਪੈਰ ਦੀ ਜੁੱਤੀ ਸਮਝਣ, ਵਿਧਵਾ ਨੂੰ ਮੁੜ ਵਿਆਹ ਦੀ ਆਗਿਆ ਨਾ ਹੋਣਾ, ਦੇਵਦਾਸੀ ਪ੍ਰੰਪਰਾ ਅਤੇ ਸਤੀ ਦੀ ਰਸਮ ਵਰਗੀਆਂ ਭਿਆਨਕ ਸਮਾਜਿਕ ਬੁਰਾਈਆਂ ਵਿਰੁਧ ਸਫਲ ਅੰਦੋਲਨ ਸ਼ੁਰੂ ਕੀਤੇ।

ਇਹ ਵਿਤਕਰਾ ਦੂਰ ਕੀਤਾ ਜਾਵੇ ਅਤੇ ਵਿਦੇਸ਼ੀ ਈਸਾਈ ਮਿਸ਼ਨਰੀਆਂ ਨੂੰ ਵੀਜ਼ਾ ਦੇਣ ਲਈ ਤੁਰੰਤ ਕਨੂੰਨ ਪਾਸ ਕੀਤਾ ਜਾਵੇ।

---------

# ਰਾਸ਼ਟਰਵਾਦ ਦਾ ਸਹੀ ਮਤਲਬ ਹਿੰਦੂਵਾਦ ਨਹੀਂ: ਡਾ.ਅੰਸਾਰੀ

ਰਾਸ਼ਟਰਵਾਦ ਨੂੰ ਕਿਸੇ ਇਕ ਰੂਪ ਵਿੱਚ ਨਹੀਂ ਦੱਸਿਆ ਜਾ ਸਕਦਾ। ਭਾਰਤ 'ਚ 436 ਤਰਾਂ ਦੇ ਲਿਬਾਸ ਹਨ। 22 ਭਾਸ਼ਾਵਾਂ ਨੂੰ ਸੂਬਾਈ ਭਾਸ਼ਾਵਾਂ ਦਾ ਦਰਜਾ ਮਿਲਿਆ ਹੈ। ਇਸ ਤੋਂ ਇਲਾਵਾ ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਸੈਂਕੜੇ ਬੋਲੀਆਂ ਹਨ। ਇਹ ਸਭ ਹੋਣਾ ਹੀ ਭਾਰਤ ਦੀ ਪਛਾਣ ਹੈ। ਅਜਿਹੇ ਰਾਸ਼ਟਰਵਾਦ ਨੂੰ ਹਿੰਦੂਆਂ ਨਾਲ ਜੋੜਨਾ ਜਾਂ ਫਿਰ ਇਹ ਕਹਿਣਾ ਕਿ ਰਾਮ ਧਰਮ ਹੀ ਰਾਸ਼ਟਰਵਾਦ ਹੈ, ਮੁਸਲਮਾਨ ਨੂੰ ਹਿੰਦੂਵਾਦ ਨੂੰ ਮੰਨਣਾ ਹੋਵੇਗਾ, ਪੂਰੀ ਤਰਾਂ ਗਲਤ ਹੈ''। ਇਹ ਕਹਿਣਾ ਹੈ ਦੇਸ਼ ਦੇ ਸਾਬਕਾ ਉਪ ਰਾਸ਼ਟਰਪਤੀ ਡਾ. ਹਾਮਿਦ ਅੰਸਾਰੀ ਦਾ। ਡਾ. ਅੰਸਾਰੀ ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਕਰਵਾਏ ਰਾਸ਼ਟਰੀ ਵਿਚਾਰ-ਵਟਾਂਦਰਾ ਪ੍ਰੋਗਰਾਮ 'ਚ ਸ਼ਿਰਕਤ ਕਰਨ ਪੁੱਜੇ ਸਨ। ਇਹ ਪ੍ਰੋਗਰਾਮ ਪੰਜਾਬ ਕਲਾ ਭਵਨ ਸੈਕਟਰ-16, ਚੰਡੀਗੜ 'ਚ ਕਰਵਾਇਆ ਗਿਆ ਹੈ।

ਇਸ ਮੌਕੇ ਡਾ. ਹਾਮਿਦ ਅੰਸਾਰੀ ਨੇ ਕਿਹਾ ਕਿ ਪ੍ਰਗਤੀਸ਼ੀਲ ਹੋਣਾ ਸਮਾਜ ਲਈ ਜ਼ਰੂਰੀ ਹੈ। ਜੇ ਸਮਾਜ ਦੀ ਰਫਤਾਰ ਰੁਕ ਜਾਂਦੀ ਹੈ ਤਾਂ ਸਮਾਜ ਦਾ ਵਿਕਾਸ ਨਹੀਂ ਹੋ ਸਕਦਾ। ਭਾਰਤ ਇਕ ਲੋਕਤੰਤਰੀ ਦੇਸ਼ ਹੈ। ਇੱਥੇ ਸਾਡੀ ਵਿਭਿੰਨਤਾ ਹੀ ਰਾਸ਼ਟਰਵਾਦ ਹੈ। ਕਿਸੇ ਨੂੰ ਧਰਮ ਦੇ ਨਾਂ ਤੇ ਰਾਸ਼ਟਰਵਾਦ ਤੋਂ ਵੱਖ ਕਰਨਾ ਠੀਕ ਨਹੀਂ ਹੈ।

ਇਸ ਮੌਕੇ ਖਾਸ ਤੌਰ ਤੇ ਪਹੁੰਚੇ ਕਵੀ ਅਸ਼ੋਕ ਵਾਜਪੇਈ ਨੇ ਕਿਹਾ ਕਿ ਰਾਸ਼ਟਰਵਾਦ ਤਿੰਨ ਤਰਾਂ ਦਾ ਹੈ। ਪਹਿਲਾਂ ਰਾਸ਼ਟਰਵਾਦ ਸਾਰਿਆਂ ਲਈ ਬਰਾਬਰ ਸੀ, ਜਿਸ 'ਚ ਕੋਈ ਭੇਦਭਾਵ ਨਹੀਂ ਹੈ। ਦੂਸਰਾ ਰਾਸ਼ਟਰਵਾਦ ਹਿੰਦੂ ਪ੍ਰਧਾਨ ਹੈ ਅਤੇ ਇਹ ਉਹ ਰਾਸ਼ਟਰਵਾਦ ਹੈ ਜੋ ਕਿ ਸਾਲ 1947 'ਚ ਸਾਹਮਣੇ ਆਇਆ ਸੀ। ਉਸ ਦੇ ਕਾਰਨ ਹੀ ਪਾਕਿਸਤਾਨ ਦਾ ਜਨਮ ਹੋਇਆ ਅਤੇ ਅਸੀਂ ਕਸ਼ਮੀਰ ਦੇ ਰੂਪ 'ਚ ਉਸ ਦਾ ਖਾਮਿਆਜ਼ਾ ਭੁਗਤ ਰਹੇ ਹਾਂ।

ਇਸ ਤੋਂ ਇਲਾਵਾ ਆਖਿਰੀ ਤਰਾਂ ਦਾ ਰਾਸ਼ਟਰਵਾਦ ਮੁਸਲਿਮ ਭਾਈਚਾਰੇ ਨਾਲ ਸਬੰਧਤ ਹੈ। ਇਨਾਂ ਚੋਂ ਸਾਰਿਆਂ ਲਈ ਬਰਾਬਰ ਰਾਸ਼ਟਰਵਾਦ ਦੀ ਨੀਤੀ ਹੀ ਅਹਿਮ ਹੈ। ਜੇ ਰਾਸ਼ਟਰਵਾਦ ਦੀ ਨੀਤੀ ਨਾ ਹੋਵੇ ਤਾਂ ਭਾਰਤ ਦੇ ਕਈ ਟੋਟੇ ਹੋ ਜਾਣਗੇ।

# ਸ਼ੋਕ ਸਮਾਚਾਰ- ਹਰਪਾਲ ਸਿੰਘ ਸੰਘਾ ਨਹੀਂ ਰਹੇ

**ਯੂਬਾ ਸਿਟੀ–** ਦੇਸ਼ ਭਗਤ ਪਰਿਵਾਰਾਂ ਸਨੇਹੀਆਂ ਜਿਹਨਾਂ ਦੇ ਪੁਰਖਿਆਂ ਨੇ ਭਾਰਤੀ ਉਪ ਮਹਾਂਦੀਪ ਦੀ ਅੰਗਰੇਜ਼ ਸਾਮਰਾਜ ਤੋਂ ਬੰਦ ਖਲਾਸੀ ਲਈ ਲਹੂ ਵੀਹਵੇਂ ਸੰਘਰਸ਼ਾਂ ਵਿਚ ਹਿੱਸਾ ਲਿਆ, ਵਿਚ ਇਹ ਖਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਹਰਪਾਲ ਸਿੰਘ ਸੰਘਾ ਜਿਹੜੇ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਜੋ ਗਦਰੀ ਬਾਬਿਆਂ ਨੂੰ ਸਮਰਪਿਤ ਹੈ, ਦੇ ਸਰਕਰਦਾ ਸਰਗਰਮ ਵਰਕਰ ਵੀ ਸਨ 27 ਅਕਤੂਬਰ 2017 ਨੂੰ ਸੰਖੇਪ ਜਿਹੀ ਬਿਮਾਰੀ ਪਿੱਛੋਂ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਰਵਿਦਾਸ ਆਖ ਗਏ ਹਨ। ਇਹਨਾਂ ਦੇ ਬਾਬਾ ਜੀ ਜਥੇਦਾਰ ਵਤਨ ਸਿੰਘ ਜੋ ਜੈਤੋ ਦੇ ਮੋਰਚੇ ਵਿਚ ਗ੍ਰਿਫਤਾਰ ਹੋਏ, ਹੋਰ ਆਜ਼ਾਦੀ ਦੀਆਂ ਲਹਿਰਾਂ ਵਿਚ ਸਰਗਰਮ ਭੂਮਿਕਾ ਨਿਭਾਈ।



ਹਰਪਾਲ ਸੰਘਾ ਜੀ ਦੇ ਪਿਤਾ ਠੇਕੇਦਾਰ ਇੰਦਰ ਸਿੰਘ, ਮਾਤਾ ਰਤਨ ਕੌਰ ਜੀ ਸਨ। ਇਹਨਾ ਦਾ ਜਨਮ 30 ਅਕਤੂਬਰ 1948 ਵਿਚ ਪਿੰਡ ਚਾਹਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਇਆ।

ਇਹਨਾਂ ਦੀਆਂ ਚਾਰ ਭੈਣਾਂ ਹਨ। ਇਹ ਲੰਮੇ ਸਮੇਂ ਤੋਂ ਯੂਬਾ ਸਿਟੀ ਅਮਰੀਕਾ ਵਿਚ ਰਹਿ ਰਹੇ ਸਨ। ਉਹਨਾਂ ਦੇ ਦੋ ਬੇਟੇ ਰੁਪਿੰਦਰ ਸਿੰਘ, ਹਰਵਿੰਦਰ ਸਿੰਘ, ਨੂੰਹਾਂ ਸੰਦੀਪ ਕੌਰ, ਪਰਮਿੰਦਰ ਕੌਰ, ਪਤਨੀ ਤਰਸੇਮ ਕੌਰ, ਪੋਤਰੇ-ਪੋਤਰੀਆਂ ਦਾ ਵੱਡਆਕਾਰੀ ਭਰਿਆ ਭਕੁੰਨਿਆ ਪਰਿਵਾਰ ਛੱਡ ਗਏ ਹਨ। ਉਹਨਾਂ ਦੇ ਅੰਤਿਮ ਸਸਕਾਰ ਐਲਰੇ ਮੈਮੋਰੀਅਲ ਚੈਪਲ ਯੂਲੈਂਗ ਮੈਮੋਰੀਅਲ ਚਾਪਲ 817 ਐਲਮੰਡ ਸਟ੍ਰੀਟ ਯੂਬਾ ਸਿਟੀ ਵਿਖੇ 3 ਨਵੰਬਰ ਨੂੰ ਦੁਪਹਿਰ 2 ਤੋਂ 4 ਵਜੇ ਤੱਕ ਹੋਵੇਗਾ।



ਕਰਨਾਟਕ ਦੀ ਮਿਸ ਰਿਵਾਠੀ ਦੀ ਆਈ. ਏ. ਐਸ. ਵਿਚ ਸਿਲੈਕਸ਼ਨ ਹੋ ਗਈ। ਇਕ ਗਰੀਬ ਪਰਿਵਾਰ ਦੀ ਰਹਿਣ ਵਾਲੀ ਮਿਸ ਰਿਵਾਸ਼ੀ ਨੇ ਆਪਣੀ ਮਿਹਨਤ ਦੇ ਬਲਬੂਤੇ ਇੰਨੀ ਵੱਡੀ ਪ੍ਰਾਪਤੀ ਹਾਸਲ ਕੀਤੀ ਹੈ।

# ਧੁੰਦਨੁਮਾ ਧੂੰਆ ਦੇ ਰਿਹਾ ਅਨੇਕਾਂ ਬਿਮਾਰੀਆਂ ਦਾ ਤੋਹਫਾ

ਪੰਜਾਬ ਸਰਕਾਰ ਅਤੇ ਕੌਮੀ ਗਰੀਨ ਟ੍ਰਿਬਿਊਨਲ ਵੱਲੋਂ ਇਸ ਵਾਰ ਪਰਾਲੀ ਨੂੰ ਅੱਗ ਨਾ ਲਾਉਣ ਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ ਤੇ ਕਹਿਣਾ ਨਾ ਮੰਨਣ ਦੀ ਸੂਰਤ ਵਿਚ ਜੁਰਮਾਨੇ ਭਰਨ ਨੂੰ ਤਿਆਰ ਰਹਿਣ ਲਈ ਕਿਹਾ ਸੀ। ਪਰ ਕਿਸਾਨ ਜਥੇਬੰਦੀਆਂ ਦੇ ਰੋਹ ਨੂੰ ਦੇਖਦਿਆਂ ਪੰਜਾਬ ਸਰਕਾਰ ਅਤੇ ਗ੍ਰੀਨ ਟ੍ਰਿਬਿਊਨਲ ਦੇ ਦਾਅਵਿਆਂ ਦੀ ਫੂਕ ਨਿਕਲ ਗਈ ਸੀ। ਹੁਣ ਕਿਸਾਨ ਸ਼ਰੇਆਮ ਪਰਾਲੀ ਅਤੇ ਰਹਿੰਦ-ਖੂੰਹਦ ਨੂੰ ਬੇਫਿਕਰ ਹੋ ਕੇ ਅੱਗ ਲਗਾ ਰਹੇ ਹਨ, ਜਿਸ ਕਰਕੇ ਸ਼ਾਮ ਨੂੰ ਧੁੰਦਨੁਮਾ ਧੂੰਏ ਦੀ ਪੱਟੀ ਸਾੜਨ ਤੋਂ ਬਾਅਦ ਧੂੰਏ ਤੋਂ ਹਵਾ ਵਿਚ ਬੇਲੋੜੇ ਧੂੜ ਕਣਾਂ ਤੇ ਗੈਸਾਂ ਦੀ ਮਾਤਰਾ ਵਧਣ ਨਾਲ ਧਰਤੀ ਵਧੇਰੇ ਗਰਮ ਹੋ ਜਾਂਦੀ ਹੈ, ਜਿਸ ਨਾਲ ਆਲਮੀ ਤਪਸ਼ ਦਾ ਖਤਰਾ ਵੱਧ ਜਾਂਦਾ ਹੈ। ਸਭ ਤੋਂ ਵੱਧ ਹਵਾ ਕਾਰਬਨ ਮੋਨੋਆਕਸਾਈਡ ਗੈਸ ਨਾਲ ਪ੍ਰਦੂਸ਼ਿਤ ਹੋ ਰਹੀ ਹੈ। ਇਸ ਦਾ ਪ੍ਰਦੂਸ਼ਣ ਵਿਚ 50 ਫੀਸਦੀ ਯੋਗਦਾਨ ਹੈ। ਇਹਨਾਂ ਦਿਨਾਂ ਵਿਚ ਬਰਸਾਤ ਅਤੇ ਤੇਜ਼ ਹਵਾ ਦੀ ਕਮੀ ਪਾਈ ਜਾਂਦੀ ਹੈ, ਜਿਸ ਕਾਰਨ ਧੂੰਏ ਦੀ ਧੁੰਦਨੁਮਾ ਚਾਦਰ ਬਿਖਰਦੀ ਨਹੀਂ ਸਗੋਂ ਦਿਨ-ਬ-ਦਿਨ ਮੋਟੀ ਪਰਤ ਬਣ ਜਾਂਦੀ ਹੈ।







ਬਣ ਜਾਂਦੀ ਹੈ, ਜਿਸ ਕਰਕੇ ਮਨੁੱਖ ਅਨੇਕਾਂ ਬਿਮਾਰੀਆਂ ਵਿਚ ਘਿਰ ਗਿਆ ਹੈ।

ਜਦੋਂ ਪਰਾਲੀ ਦੇ ਧੂੰਏ ਨਾਲ ਸਬੰਧਤ ਬਿਮਾਰੀਆਂ ਸਬੰਧੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਘੱਲ ਕਲਾਂਦੇ ਮੁਖੀ ਡਾ. ਪ੍ਰਭਜੋਤ ਸਿੰਘ ਐਮ. ਡੀ. ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਪਰਾਲੀ ਦੇ ਧੂੰਏ ਤੋਂ ਨਿਕਲਣ ਵਾਲੀਆਂ ਜਹਿਰੀਲੀਆਂ ਗੈਸਾਂ ਕਾਰਬਨ ਮੋਨੋਆਕਸਾਈਡ, ਕਾਰਬਨ ਡਾਈਆਕਸਾਈਡ ਆਦਿ ਵਾਤਾਵਰਣ ਨੂੰ ਦੂਸ਼ਿਤ ਕਰ ਰਹੀਆਂ ਹਨ। ਬੱਚੇ, ਬਜ਼ੁਰਗ ਸਾਹ ਅਤੇ ਦਮੇ ਦੇ ਰੋਗੀਆਂ ਦੀ ਹਾਲਤ ਬਹੁਤ ਹੀ ਚਿੰਤਾਜਨਕ ਬਣ ਜਾਂਦੀ ਹੈ। ਉਹਨਾਂ ਨੂੰ ਸਾਹ ਲੈਣ ਵਿਚ ਬਹੁਤ ਤਕਲੀਫ ਆਉਂਦੀ ਹੈ। ਅੱਖਾਂ ਤੇ ਗਲੇ ਵਿਚ ਜਲਣ ਦੀ ਸਮੱਸਿਆ ਬਹੁਤ ਵੱਧ ਜਾਂਦੀ ਹੈ। ਤੰਦਰੁਸਤ ਵਿਅਕਤੀਆਂ ਨੂੰ ਵੀ ਸਾਹ ਲੈਣ ਵਿਚ ਬਹੁਤ ਜ਼ਿਆਦਾ ਮੁਸ਼ਕਿਲ ਆਉਂਦੀ ਹੈ। ਜਦੋਂ ਇਸ ਪਰਾਲੀ ਦੇ ਸਬੰਧ ਵਿਚ ਪਿੰਡ ਦੌਲਤਪੁਰਾ ਨੀਵਾਂ ਵਿਚ ਤਾਇਨਾਤ ਹੈਲਥ ਇੰਸਪੈਕਟਰ ਬਲਰਾਜ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਦੱਸਿਆ ਕਿ ਪਰਾਲੀ

ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਜ਼ਿਲ੍ਹਾ ਸੰਗਠਨ ਬਲੌਰ ਸਿੰਘ ਨਾਲ ਪਰਾਲੀ ਸਾੜਨ ਦੇ ਮਾਮਲੇ ਵਿਚ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਸਭ ਜਾਣਦੇ ਹਨ ਕਿ ਧੂੰਏ ਨਾਂਲ ਅਨੇਕਾਂ ਬਿਮਾਰੀਆਂ ਪੈਦਾ ਹੁੰਦੀਆਂ ਹਨ। ਪਰ ਹੁਣ ਖੇਤੀ ਦਾ ਧੰਦਾ ਲਾਹੇਵੰਦ ਨਹੀਂ ਰਿਹਾ, ਜਿਸ ਕਰਕੇ ਕਿਸਾਨ ਦਿਨ-ਬ-ਦਿਨ ਆਰਥਿਕ ਸੰਕਟ ਵਿਚ ਜਕੜਿਆ ਜਾ ਰਿਹਾ ਹੈ। ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ। ਉਹਨਾਂ ਕਿਹਾ ਕਿ ਜੇਕਰ ਸਰਕਾਰ ਖੇਤੀ ਨਾਲ ਸਬੰਧਤ ਸੰਦਾਂ ਤੇ ਸਬਸਿਡੀ ਦੇਵੇ ਜਾਂ ਪ੍ਰਤੀ ਏਕੜ 2000 ਰੁਪਏ ਬੋਨਸ ਦੇਵੇ ਤਾਂ ਕਿਸਾਨ ਪਰਾਲੀ ਨੂੰ ਅੱਗ ਨਹੀਂ ਲਾਉਣਗੇ, ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵੱਧ ਜਾਵੇਗੀ। ਫਸਲਾਂ ਨੂੰ ਬਿਮਾਰੀ ਘੱਟ ਜਾਵੇਗੀ ਤੇ ਝਾੜ ਵਿਚ ਵੀ ਚੋਖਾ ਵਾਧਾ ਹੋਵੇਗਾ। ਇਸ ਨਾਲ ਕਿਸਾਨਾਂ ਵਿਚ ਖੁਸ਼ਹਾਲੀ ਵੱਧ ਜਾਵੇਗੀ।

**-ਡਾ. ਬਲਰਾਜ ਸਿੰਘ ਘੱਲ ਕਲਾਂ (98150-65177)**

# ਗਰਭਵਤੀ ਔਰਤ ਨੂੰ ਲੱਤਾਂ-ਘਸੁੰਨਾਂ ਨਾਲ ਕੁੱਟਿਆ

**ਖੈਤਲਪੁਰ (ਬੁਲੰਦਸ਼ਹਿਰ)–** ਪਿੰਡ ਖੈਤਲਪੁਰ ਭਾਸੌਲੀ, ਜ਼ਿਲ੍ਹਾ ਬੁਲੰਦਸ਼ਹਿਰ (ਉਤਰ ਪ੍ਰਦੇਸ਼) ਵਿਚ ਇਕ ਗਰਭਵਤੀ ਔਰਤ ਸਾਵਿੱਤਰੀ ਸਵੇਰੇ ਸਾਫ ਸਫਾਈ ਲਈ ਠਾਕੁਰ ਪਰਿਵਾਰ ਅੰਜੂ ਦੇ ਕੋਲ ਗਈ ਤਾਂ ਗਲਤੀ ਨਾਲ ਉਸਦੇ ਹੱਥ ਤੋਂ ਪਰਾਂਤ ਅੰਜੂ ਦੇ ਸਰੀਰ ਨਾਲ ਛੂਹ ਗਈ ਅਤੇ ਇਸੇ ਗੱਲ ਨੂੰ ਲੈ ਕੇ ਅੰਜੂ ਨੇ ਗਾਲੀ-ਗਲੋਚ ਕਰਕੇ ਗਰਭਵਤੀ ਔਰਤ ਸਵਿੱਤਰੀ ਨੂੰ ਲੱਤਾਂ-ਘਸੁੰਨਾਂ ਨਾਲ ਕੁੱਟਿਆ ਅਤੇ ਸ਼ੋਰ ਸੁਣ ਕੇ ਅੰਜੂ ਦਾ ਲੜਕਾ ਰੋਹਤਿ ਆਇਆ।

ਉਸਨੇ ਲਾਠੀ ਨਾਲ ਗਰਭਵਤੀ ਔਰਤ ਨੂੰ ਕੁੱਟਿਆ। ਗਰਭਵਤੀ ਔਰਤ ਦੀ ਵੱਡੀ ਲੜਕੀ ਦੇ ਨਾਲ ਹੀ ਉਸਨੇ ਜਾ ਕੇ ਆਪਣੇ ਪਿਤਾ ਦਲੀਪ ਨੂੰ ਦੱਸਿਆ। ਦਲੀਪ ਨੇ ਜਾ ਕੇ ਦੋਸ਼ੀਆਂ ਦੇ ਹੱਥ ਜੋੜ ਕੇ ਕਿਹਾ ਕਿ ਇਸਨੂੰ ਮਾਰੋ ਨਾ,ਅੱਗੇ ਤੋਂ ਕੋਈ ਗਲਤੀ ਨਹੀਂ ਕਰੇਗੀ। ਇਸ ਤੋਂ ਬਾਅਦ ਉਹ ਥਾਣੇ ਗਏ ਤਾਂ ਪੁਲਿਸ ਨੇ ਵੀ ਕੁਝ ਨਾ ਕੀਤਾ। ਇਸ ਵਕਤ ਗਰਭਵਤੀ ਔਰਤ ਜ਼ਿਲ੍ਹਾ ਬੁਲੰਦਸ਼ਹਿਰ ਦੇ ਸਰਕਾਰੀ ਹਸਪਤਾਲ ਵਿਚ ਇਲਾਜ ਕਰਵਾ ਰਹੀ ਸੀ ਅਤੇ ਉਸਦੀ ਦੀ ਮੌਤ ਹੋ ਗਈ। ਇਸ ਤੋਂ ਬਾਅਦ ਪੁਲਿਸ ਨੂੰ ਹੱਥਾਂ-ਪੈਰਾਂ ਦੀ ਪੈ ਗਈ ਅਤੇ ਉਹਨਾਂ ਨੇ ਮੁਕੱਦਮਾ ਦਰਜ ਕਰਕੇ ਅਨੁਸੂਚਿਤ ਜਾਤੀ ਅਨੁਸੂਚਿਤ ਜਨਜਾਤੀ ਅੱਤਿਆਚਾਰ ਨਿਵਾਰਣ ਐਕਟ ਤਹਿਤ ਪਰਚਾ ਦਰਜ ਕਰ ਦਿੱਤਾ।

# ਅੱਗ ਲਗਾਉਣ ਕਰਕੇ ਪੈਦਾ ਹੋਏ ਹਵਾ ਪ੍ਰਦੂਸ਼ਣ ਕਾਰਨ ਸਾਹ ਲੈਣਾ ਵੀ ਹੋਇਆ ਔਖਾ

**ਚੰਡੀਗੜ੍ਹ–** ਪਰਾਲੀ ਨੂੰ ਅੱਗ ਲਗਾਉਣ ਕਰਕੇ ਪੈਦਾ ਹੋਏ ਹਵਾ ਪ੍ਰਦੂਸ਼ਣ ਕਰਕੇ ਪਿੰਡਾਂ ਵਿਚ ਰਹਿੰਦੇ ਲੋਕਾਂ ਨੂੰ ਸਾਹ ਲੈਣਾ ਔਖਾ ਹੋ ਗਿਆ ਹੈ। ਅੱਖਾਂ ਵਿਚ ਜਲਣ ਤੋਂ ਇਲਾਵਾ ਕਈ ਪ੍ਰਕਾਰ ਦੀਆਂ ਹੋਰ ਬੀਮਾਰੀਆਂ ਲੱਗਣ ਦਾ ਵੀ ਖ਼ਤਰਾ ਬਣਿਆ ਹੋਇਆ ਹੈ ਅਤੇ ਜੇਕਰ ਆਉਣ ਵਾਲੇ ਦਿਨਾਂ ਵਿਚ ਹਵਾ ਨਾ ਚੱਲੀ ਤੇ ਮੀਂਹ ਨਾ ਪਿਆ ਤਾਂ ਪਿੰਡਾਂ ਦੇ ਲੋਕਾਂ ਦੀਆਂ ਪ੍ਰੇਸ਼ਾਨੀਆਂ ਹੋਰ ਵੀ ਵਧ ਸਕਦੀਆਂ ਹਨ। ਪਿੰਡਾਂ ਦੇ ਲੋਕ ਇਸ ਦੂਸ਼ਿਤ ਹਵਾ ਕਰਕੇ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ ਕਿਉਂਕਿ ਪਰਾਲੀ ਸਾੜਨ ਤੋਂ ਪੈਦਾ ਹੋਏ ਇਸ ਧੂੰਏ ਨੂੰ ਹਵਾ ਨਾ ਚੱਲਣ ਕਾਰਨ ਇਹ ਸਾਰਾ ਧੂੰਆਂ ਤੇ ਜ਼ਹਿਰੀਲੀਆਂ ਗੈਸਾਂ ਅੱਗ ਲਾਏ ਜਾਣ ਵਾਲੇ ਖੇਤਰਾਂ ਵਿਚ ਹੀ ਇਕੱਠੀਆਂ ਹੋ ਰਹੀਆਂ ਹਨ। ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਪਿਛਲੇ ਸਾਲ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਨੂੰ ਅੱਗ ਲਗਾਉਣ ਵਾਲੇ 24257 ਲੋਕਾਂ ਦੇ ਖਿਲਾਫ਼ ਮੁਕੱਦਮੇ ਦਰਜ ਹੋਏ ਸਨ ਜਦਕਿ ਇਸ ਵਰ੍ਹੇ ਅੱਜ ਤੱਕ 19283 ਕਿਸਾਨਾਂ ਦੇ ਖਿਲਾਫ਼ ਮੁਕੱਦਮੇ ਦਰਜ ਕੀਤੇ ਗਏ ਹਨ। ਹਾਲ ਦੀ ਘੜੀ ਭਾਵੇਂ ਪਰਾਲੀ ਨੂੰ ਅੱਗ ਲਗਾਉਣ ਦੇ ਮੁਕੱਦਮੇ ਪਿਛਲੇ ਵਰ੍ਹੇ ਦੇ ਮੁਕਾਬਲੇ ਘੱਟ ਦਰਜ ਹੋਏ ਹਨ, ਪਰ ਝੋਨੇ ਦਾ ਸੀਜ਼ਨ 10 ਨਵੰਬਰ ਤੱਕ ਚੱਲਣ ਕਰਕੇ ਹੋਰ ਕਿਸਾਨਾਂ ਖਿਲਾਫ਼ ਮੁਕੱਦਮੇ ਦਰਜ ਹੋ ਸਕਦੇ ਹਨ। ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਪੰਜਾਬ ਸਰਕਾਰ ਵਲੋਂ ਕਿਸਾਨਾਂ ਦੀ ਅਗਾਊ ਕੋਈ ਵੀ ਸਹਾਇਤਾ ਕਰਨ ਨੂੰ ਅਮਲੀ ਰੂਪ ਨਾ ਦੇਣ ਕਰਕੇ ਅਤੇ ਸਰਕਾਰਾਂ ਵੱਲੋਂ ਸਹਾਇਤਾ ਨਾ ਮਿਲਣ ਤੇ ਆਰਥਿਕ ਪੱਖੋਂ ਮੰਦਹਾਲੀ 'ਚੋਂ ਲੰਘ ਰਹੇ ਕਿਸਾਨਾਂ ਦੇ ਅੜੀਅਲ ਰਵੱਈਏ ਕਰਕੇ ਖੇਤਾਂ ਵਿਚ ਹੀ ਪਰਾਲੀ ਨੂੰ ਅੱਗ ਲਗਾਉਣ ਦਾ ਰੁਝਾਨ ਚੱਲ ਰਿਹਾ ਹੈ। ਕਿਸਾਨਾਂ ਨੂੰ ਵੱਖ-ਵੱਖ ਸਮੂਹਾਂ ਦਾ ਸਮਰਥਨ ਮਿਲਣ ਕਰਕੇ ਵੀ ਪਰਾਲੀ ਨੂੰ ਅੱਗ ਲਗਾਉਣ ਦੇ ਰੁਝਾਨ ਨੂੰ ਠੱਲ੍ਹ ਨਹੀਂ ਪੈ ਰਹੀ। ਪੰਜਾਬ ਅੰਦਰ ਇਸ ਵਰ੍ਹੇ ਦੀਵਾਲੀ ਦੇ ਦਿਨ ਤੋਂ ਵੀ ਵੱਧ ਹਵਾ ਪ੍ਰਦੂਸ਼ਣ ਮਾਪਿਆ ਜਾ ਰਿਹਾ ਹੈ, ਜਿਸ ਨੂੰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਕਿਸਾਨਾਂ ਨੂੰ ਜ਼ਿੰਮੇਵਾਰੀ ਠਹਿਰਾ ਰਿਹਾ ਹੈ। ਪਿਛਲੇ ਦਿਨਾਂ ਦੌਰਾਨ ਤਾਪਮਾਨ ਵਿਚ ਆਈ ਇਕ ਦਮ ਗਿਰਾਵਟ ਕਾਰਨ ਹਵਾ ਵਿਚਲੇ ਪ੍ਰਦੂਸ਼ਣ ਦੇ ਕਣਾਂ ਦਾ ਭਾਰ ਵੱਧ ਜਾਣ ਕਾਰਨ ਇਹ ਧਰਤੀ ਦੇ ਨੇੜੇ ਹੀ ਰਹਿ ਜਾਂਦੇ ਹਨ ਅਤੇ ਸੰਘਣੀ ਜ਼ਹਿਰੀਲੀ ਧੁੰਦ ਦਾ ਕਾਰਣ ਬਣਦੇ ਹਨ। ਹੋਰ ਤਾਂ ਹੋਰ ਕੁੱਝ ਦਿਨ ਪਹਿਲਾਂ ਜੋ ਅੱਗ ਲੱਗਣ ਦੀਆਂ ਘਟਨਾਵਾਂ ਸੈਕੜਿਆਂ ਵਿਚ ਸਨ, ਉਨ੍ਹਾਂ ਵਿਚ ਤੇਜ਼ੀ ਨਾਲ ਵਾਧਾ ਹੋ ਗਿਆ ਹੈ ਅਤੇ ਹੁਣ ਰੋਜ਼ਾਨਾ 3 ਹਜ਼ਾਰ ਥਾਵਾਂ 'ਤੇ ਅੱਗ ਲਗਾਈ ਜਾ ਰਹੀ ਹੈ।

# ਕੈਪਟਨ ਨੇ ਕੇਂਦਰ ਕੋਲ ਚੁੱਕਿਆ ਪ੍ਰਵਾਸੀਆਂ ਦੀ ਹਵਾਲਗੀ ਦਾ ਮੁੱਦਾ

**ਚੰਡੀਗੜ੍ਹ–** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਿਆਂ ਦੇ ਵੱਖ ਵੱਖ ਮਾਮਲਿਆਂ ਵਿੱਚ ਭਗੌੜੇ ਐਲਾਨੇ ਗਏ 10 ਪਰਵਾਸੀ ਭਾਰਤੀਆਂ ਦੀ ਸਪੁਰਦਗੀ ਦਾ ਮਾਮਲਾ ਕੈਨੇਡਾ ਸਰਕਾਰ ਕੋਲ ਉਠਾਉਣ ਲਈ ਕੇਂਦਰ ਸਰਕਾਰ ਨੂੰ ਪੱਤਰ ਲਿਖਿਆ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਸਰਬਜੀਤ ਸਿੰਘ ਸੰਧੜ ਉਰਫ ਨਿੱਕ ਵਾਸੀ ਪਿੰਡ ਬਾਲਿਓਂ ਥਾਣਾ ਸਮਰਾਲਾ ਜੋ ਇਸ ਵੇਲੇ ਵੈਨਕੂਵਰ ਵਿੱਚ ਰਹਿ ਰਿਹਾ ਹੈ, 19 ਅਕਤੂਬਰ 2013 ਨੂੰ ਭਗੌੜਾ ਐਲਾਨਿਆ ਗਿਆ ਸੀ। ਉਸ ਦੀ ਸਪੁਰਦਗੀ ਲਈ ਕੈਨੇਡੀਅਨ ਅਥਾਰਟੀ ਨੂੰ ਬੇਨਤੀ ਪੱਤਰ ਭੇਜਿਆ ਗਿਆ ਅਤੇ ਇਸ ਤੋਂ ਬਾਅਦ ਉਨ੍ਹਾਂ ਵੱਲੋਂ ਜਾਰੀ ਕੀਤੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਨਵੇਂ ਸਿਰਿਓਂ ਪੱਤਰ ਤਿਆਰ ਕੀਤਾ ਗਿਆ। ਸੋਧਿਆ ਹੋਇਆ ਪੱਤਰ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜ ਦਿੱਤਾ ਗਿਆ, ਜੋ 20 ਜੁਲਾਈ, 2017 ਨੂੰ ਕੇਂਦਰੀ ਵਿਦੇਸ਼ ਮੰਤਰਾਲੇ ਨੂੰ ਵੀ ਭੇਜਿਆ ਗਿਆ।

ਅਜਿਹੇ ਹੀ ਇਕ ਹੋਰ ਕੇਸ 'ਚ ਰਣਜੀਤ ਸਿੰਘ ਔਜਲਾ ਵਾਸੀ ਪਿੰਡ ਮੁਠੰਡਾ ਕਲਾਂ, ਥਾਣਾ ਫਿਲੌਰ, ਜ਼ਿਲ੍ਹਾ ਜਲੰਧਰ ਸ਼ਾਮਲ ਹੈ। ਇਸ ਦੀ ਸਪੁਰਦਗੀ ਲਈ ਪੱਤਰ ਵੀ 25 ਜੁਲਾਈ 2017 ਤੋਂ ਲੰਬਿਤ ਹੈ। ਇਸ ਨੂੰ 31 ਅਗਸਤ 2013 ਨੂੰ ਭਗੌੜਾ ਐਲਾ-ਨਿਆ ਗਿਆ ਸੀ। ਇਕ ਹੋਰ ਕੇਸ ਵਿੱਚ ਨਿਰੰਕਾਰ ਸਿੰਘ ਢਿੱਲੋਂ ਵਾਸੀ ਪਿੰਡ ਅਪਰਾ ਮੰਡੀ, ਥਾਣਾ ਫਿਲੌਰ, ਜ਼ਿਲ੍ਹਾ ਜਲੰਧਰ ਨੂੰ 19 ਅਕਤੂਬਰ 2013 ਨੂੰ ਭਗੌੜਾ ਐਲਾਨਿਆ ਗਿਆ ਤੇ ਇਸ ਵੇਲੇ ਬਰੈਂਪਟਨ ਵਿੱਚ ਰਹਿ ਰਿਹਾ ਹੈ। ਇਸ ਦੀ ਹਵਾਲਗੀ ਸਬੰਧੀ ਪੱਧਰ 19 ਸਤੰਬਰ 2017 ਤੋਂ ਲੰਬਿਤ ਹੈ। ਇਨ੍ਹਾਂ ਮਾਮਲਿਆਂ ਦਾ ਵਿਸਥਾਰ ਵਿਚ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਗੁਰਸੇਵਕ ਸਿੰਘ ਢਿੱਲੋਂ ਪੁੱਤਰ ਕੁਲਵੰਤ ਸਿੰਘ ਵਾਸੀ ਲੀਲਾ ਮੇਘ ਸਿੰਘ, ਥਾਣਾ ਜਗਰਾਉਂ, ਕੈਨੇਡਾ ਦੇ ਸਰੀ ਵਿਚ ਰਹਿ ਰਿਹਾ ਹੈ। ਜਿਸ ਨੂੰ 1 ਅਪ੍ਰੈਲ, 2014 ਨੂੰ ਭਗੌੜਾ ਐਲਾਨਿਆ ਗਿਆ। 31 ਅਗਸਤ, 2013 ਨੂੰ ਭਗੌੜਾ ਐਲਾਨੇ ਅਮਰਜੀਤ ਸਿੰਘ ਕੂਨਰ ਪੁੱਤਰ ਸਰੂਪ ਸਿੰਘ ਵਾਸੀ ਮਹਿਮਦਪੁਰ, ਥਾਣਾ ਆਦਮਪੁਰ, ਜ਼ਿਲ੍ਹਾ ਜਲੰਧਰ ਇਸ ਵੇਲੇ ਵੈਨਕੂਵਰ 'ਚ ਰਹਿ ਰਿਹਾ ਹੈ ਜਦਕਿ ਲਮੇਰ ਸਿੰਘ ਦਲੇਹ ਪੁੱਤਰ ਬਲਿਹਾਲ ਸਿੰਘ ਦਲੇਹ ਵਾਸੀ ਪਿੰਡ ਮਹਿਸਮਪੁਰ, ਥਾਣਾ ਫਿਲੌਰ, ਜ਼ਿਲ੍ਹਾ ਜਲੰਧਰ ਇਸ ਵੇਲੇ ਬ੍ਰਿਟਿਸ਼ ਕੋਲੰਬੀਆ 'ਚ ਰਹਿ ਰਿਹਾ ਹੈ। ਇਸੇ ਤਰ੍ਹਾਂ ਪ੍ਰਦੀਪ ਸਿੰਘ ਧਾਲੀਵਾਲ ਪੁੱਤਰ ਬੱਗਾ ਸਿੰਘ ਵਾਸੀ ਲੀਲਾ ਮੇਘ ਸਿੰਘ, ਥਾਣਾ ਜਗਰਾਉਂ, ਅਮਰਿੰਦਰ ਸਿੰਘ ਛੀਨਾ ਉਰਫ ਲਾਡੀ ਪੁੱਤਰ ਕੁਲਦੀਪ ਸਿੰਘ ਛੀਨਾ ਵਾਸੀ ਝੰਜੋਟੀ, ਥਾਣਾ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ ਅਤੇ ਪਰਮਿੰਦਰ ਸਿੰਘ ਦਿਓ ਉਰਫ ਪਿੰਦੀ ਅੰਕਲ ਪੁੱਤਰ ਪ੍ਰੀਤਮ ਸਿੰਘ ਵਾਸੀ ਪਿੰਡ ਖਰੌੜੀ, ਥਾਣਾ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਿਤ ਹਨ। ਇਨ੍ਹਾਂ ਦੇ ਇਲਾਵਾ ਰਣਜੀਤ ਕੌਰ ਕਾਹਲੋਂ ਪਤਨੀ ਅਨੂਪ ਸਿੰਘ ਕਾਹਲੋਂ ਉਰਫ ਰੂਬੀ ਕਾਹਲੋਂ ਵਾਸੀ ਪਿੰਡ ਜੰਡੂ ਸਿੰਘਾ, ਥਾਣਾ ਮਕਸੂਦਾ, ਜ਼ਿਲ੍ਹਾ ਜਲੰਧਰ, ਮੌਜੂਦਾ ਪਤਾ ਵਾਸੀ ਮਕਾਨ ਨੰਬਰ-7, ਸ਼ਿਵਾਲਿਕ ਵਿਹਾਰ ਜ਼ੀਰਕਪੁਰ ਨਾਲ ਸਬੰਧਿਤ ਹੈ ਅਤੇ ਉਸ ਨੇ ਨਸ਼ਿਆਂ ਦੇ ਧੰਦੇ ਦੇ ਪੈਸੇ ਨਾਲ ਜਲੰਧਰ ਅਤੇ ਜ਼ੀਰਕਪੁਰ ਵਿੱਚ ਆਪਣੇ ਪਤੀ ਦੇ ਨਾਂਅ 'ਤੇ ਕਈ ਜਾਇਦਾਦਾਂ ਖਰੀਦੀਆਂ। ਇਸ ਵਿਰੁੱਧ ਵੀ ਹਵਾਲਗੀ ਦੀ ਅਰਜ਼ੀ ਬਕਾਇਆ ਹੈ।

**ਲਟਕੇ ਕੇਸਾਂ ਕਾਰਨ ਪੈ ਰਿਹਾ ਹੈ ਅੜਿੱਕਾ: ਕੈਪਟਨ**

ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਅਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਭੇਜੇ ਗਏ ਵੱਖ ਵੱਖ ਪੱਤਰਾਂ 'ਚ ਮੁੱਖ ਮੰਤਰੀ ਨੇ ਆਖਿਆ ਕਿ ਇਨ੍ਹਾਂ ਕੇਸਾਂ ਵਿੱਚ ਸਪੁਰਦਗੀ ਦੀ ਪ੍ਰਕਿਰਿਆ ਪਿਛਲੇ 3-4 ਸਾਲਾਂ ਤੋਂ ਲਟਕੀ ਪਈ ਹੈ ਜਿਸ ਕਾਰਨ ਇਨ੍ਹਾਂ ਮੁਲਜ਼ਮਾਂ ਨੂੰ ਕਟਹਿਰੇ ਵਿੱਚ ਲਿਆਉਣ ਲਈ ਸਰਕਾਰ ਦੇ ਯਤਨਾਂ 'ਚ ਅੜਿੱਕਾ ਪੈ ਰਿਹਾ ਹੈ। ਕੈਪਟਨ ਨੇ ਆਖਿਆ ਕਿ ਪੰਜਾਬ 'ਚ ਕਾਂਗਰਸ ਸਰਕਾਰ ਨੇ ਨਸ਼ਿਆਂ ਵਿਰੁੱਧ ਲੜਾਈ ਤਹਿਤ ਕੈਨੇਡਾ ਤੋਂ ਇਨ੍ਹਾਂ ਲੋਕਾਂ ਦੀ ਸਪੁਰਦਗੀ ਲਈ ਯਤਨ ਪਹਿਲਾਂ ਹੀ ਆਰੰਭੇ ਹੋਏ ਹਨ ਪਰ ਵੱਖ ਵੱਖ ਪੱਧਰ 'ਤੇ ਇਨ੍ਹਾਂ ਖ਼ਿਲਾਫ਼ ਕੇਸ ਲਟਕੇ ਹੋਣ ਕਾਰਨ ਸਪੁਰਦਗੀ ਦੀ ਕਾਰਵਾਈ 'ਚ ਅੜਿੱਕਾ ਪੈ ਰਿਹਾ ਹੈ।

# ਪੰਜਾਬੀ ਨੂੰ ਡੂੰਘੀ ਸਾਜਿਸ਼ ਤਹਿਤ ਕੀਤਾ ਜਾ ਰਿਹੈ ਅਣਗੌਲਿਆ-ਸਿੰਘ ਸਾਹਿਬ

**ਅੰਮ੍ਰਿਤਸਰ** -ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਪੰਜਾਬ 'ਚ ਰਾਸ਼ਟਰੀ ਸੜਕ ਮਾਰਗਾਂ 'ਤੇ ਲੱਗੇ ਸੰਕੇਤਕ ਬੋਰਡਾਂ 'ਤੇ ਪੰਜਾਬੀ ਨੂੰ ਤੀਜਾ ਸਥਾਨ ਦਿੱਤੇ ਜਾਣ ਦੇ ਰੋਸ ਵਜੋਂ ਅੰਨ੍ਹੀ-ਬੋਲੀ ਸਰਕਾਰ ਦੇ ਕੰਨ੍ਹਾਂ 'ਤੇ ਜੂੰ ਸਰਕਾਉਣ ਲਈ ਕੁਝ ਅਗਾਂਹਵਧੂ ਨੌਜਵਾਨਾਂ ਵਲੋਂ ਸਿਆਹੀ ਪੋਚਣ ਦੀ ਸ਼ਲਾਘਾ ਕਰਦਿਆਂ ਕਿਹਾ ਹੈ ਕਿ ਹਰ ਰਾਜ 'ਚ ਉੱਥੋਂ ਦੀ ਮਾਤ ਭਾਸ਼ਾ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ ਪਰ ਪੰਜਾਬ ਵਿਚ ਸਰਕਾਰ ਵਲੋਂ ਕਿਸੇ ਗਹਿਰੀ ਸਾਜਿਸ਼ ਤਹਿਤ ਪੰਜਾਬੀ ਭਾਸ਼ਾ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ, ਜਿਸ ਨੂੰ ਸਿੱਖ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਸਿੰਘ ਸਾਹਿਬ ਨੇ ਕਿਹਾ ਕਿ ਪੰਜਾਬੀ ਸਾਡੀ ਮਾਂ-ਬੋਲੀ ਹੈ ਤੇ ਪੰਜਾਬ 'ਚ ਪੰਜਾਬੀ ਨੂੰ ਪਹਿਲੇ ਨੰਬਰ 'ਤੇ ਸਥਾਨ ਮਿਲਣਾ ਚਾਹੀਦਾ ਹੈ। ਸਿੰਘ ਸਾਹਿਬ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਰਾਜ ਭਾਸ਼ਾ ਮਾਂ-ਬੋਲੀ ਪੰਜਾਬੀ ਨੂੰ ਸਰਕਾਰੀ, ਅਰਧ-ਸਰਕਾਰੀ ਦਫ਼ਤਰਾਂ, ਸਮੂਹ ਵਿ-ਦਅਕ ਅਦਾਰਿਆਂ ਵਿਚ ਪਹਿਲ ਦੇ ਆਧਾਰ 'ਤੇ ਲਾਗੂ ਕਰੇ। ਉਨ੍ਹਾਂ ਪੰਜਾਬੀ ਭਾਸ਼ਾ ਨੂੰ ਬਣਦਾ ਹੱਕ ਦਿਵਾਉਣ ਦੀਆਂ ਕੋਸ਼ਿਸ਼ਾਂ ਕਰਨ ਵਾਲੇ ਨੌਜਵਾਨਾਂ 'ਤੇ ਦਰਜ ਕੀਤੇ ਪਰਚਿਆਂ ਨੂੰ ਸਰਕਾਰ ਦਾ ਗਲਤ ਫ਼ੈਸਲਾ ਕਰਾਰ ਦਿ-ਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਆਪਣੀ ਗਲਤੀ ਸਵੀਕਾਰ ਕਰਨੀ ਚਾਹੀਦੀ ਹੈ ਤੇ ਦਰਜ ਪਰਚਿਆਂ ਨੂੰ ਰੱਦ ਕਰਨਾ ਚਾਹੀਦਾ ਹੈ।

ਇਕ ਸਵਾਲ ਦੇ ਜਵਾਬ 'ਚ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਰਾਸ਼ਟਰੀ ਸਿੱਖ ਸੰਗਤ ਦੇ ਦਿੱਲੀ ਸਮਾਗਮ 'ਚ ਸ਼ਾਮਿਲ ਹੋਏ ਕੁਝ ਸਿੱਖ ਆਗੂਆਂ ਸਬੰਧੀ ਉਨ੍ਹਾਂ ਕੋਲ ਦੋ ਸ਼ਿਕਾਇਤਾਂ ਪੁੱਜੀਆਂ ਹਨ ਤੇ ਸਿੰਘ ਸਾਹਿਬਾਨ ਦੀ ਆਉਂਦੇ ਦਿਨਾਂ 'ਚ ਹੋਣ ਵਾਲੀ ਇਕੱਤਰਤਾ 'ਚ ਇਸ ਮਾਮਲੇ ਨੂੰ ਵਿਚਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਸ ਵੇਲੇ ਦੋ ਵਾਰ ਗੱਲਬਾਤ ਦੀ ਆਈ ਪੇਸ਼ਕਸ਼ ਤੋਂ ਬਾਅਦ ਸਿੰਘ ਸਾਹਿਬਾਨ ਵਲੋਂ ਗਠਿਤ ਸਿੱਖ ਵਿਦਵਾਨਾਂ ਦੀ ਪੰਜ ਮੈਂਬਰੀ ਕਮੇਟੀ ਵਲੋਂ ਰਾਸ਼ਟਰੀ ਸਿੱਖ ਸੰਗਤ ਨੂੰ 'ਸਿੱਖ ਇਕ ਵੱਖਰੀ ਕੌਮ' ਸਮੇਤ ਪੁੱਛੇ ਗਏ 8 ਪ੍ਰਸ਼ਨਾਂ ਦੇ ਉੱਤਰ ਅਜੇ ਤੱਕ ਵੀ ਨਹੀਂ ਮਿਲੇ ਜਦੋਂ ਉੱਤਰ ਮਿਲਣਗੇ ਉਸ ਤੋਂ ਬਾਅਦ ਕੋਈ ਗੱਲਬਾਤ ਕੀਤੀ ਜਾ ਸਕਦੀ ਹੈ। ਗਿਆਨੀ ਗੁਰਬਚਨ ਸਿੰਘ ਨੇ ਦੇਸ਼-ਵਿਦੇਸ਼ 'ਚ ਵਸਦੀਆਂ ਸਮੂਹ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਨਵੰਬਰ 1984 ਨੂੰ ਸਿੱਖ ਕਤਲੇਆਮ 'ਚ ਸ਼ਹੀਦ ਹੋਏ ਸਿੰਘਾਂ, ਸਿੰਘਣੀਆਂ ਅਤੇ ਭੁਝੰਗੀਆਂ ਦੀ ਯਾਦ 'ਚ 1 ਨਵੰਬਰ ਸ਼ਾਮ 6 ਵਜੇ ਘੱਟੋ-ਘੱਟ ਇਕ ਮਿੰਟ ਦਾ ਸਿਮਰਨ ਜ਼ਰੂਰ ਕਰਨ। ਉਨ੍ਹਾਂ ਪੰਜਾਬ ਸਰਕਾਰ ਵਲੋਂ ਲੁਧਿਆਣਾ ਵਿਖੇ ਇੰਦਰਾ ਗਾਧੀ ਦਾ ਬੁੱਤ ਲਗਾਉਣ ਦੇ ਫ਼ੈਸਲੇ ਦੀ ਨਿੰਦਾ ਕੀਤੀ।

# ਪੰਜਾਬ ਦੇ ਹਰ ਖੇਤ ਮਜ਼ਦੂਰ ਪਰਿਵਾਰ ਸਿਰ 91,437 ਰੁਪਏ ਦਾ ਕਰਜ਼ਾ

**ਚੰਡੀਗੜ੍ਹ–** ਖੇਤ ਮਜ਼ਦੂਰਾਂ ਦੇ ਕਰਜ਼ੇ ਸੰਬੰਧੀ ਪੰਜਾਬ ਖੇਤ ਮਜ਼ਦੂਰ ਯੂਨੀਅਨ ਵਲੋਂ ਜਾਰੀ ਕੀਤੀ ਰਿਪੋਰਟ ਵਿਚ ਇਹ ਤੱਥ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਹਰ ਖੇਤ ਮਜ਼ਦੂਰ ਸਿਰ 91, 437 ਰੁਪਏ ਦਾ ਕਰਜ਼ਾ ਹੈ ਅਤੇ ਉਨ੍ਹਾਂ ਨੂੰ ਆਪਣੀਆਂ ਅਣਸਰਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਬੇਹੱਦ ਉੱਚੀ ਵਿਆਜ ਦਰ 'ਤੇ ਕਰਜ਼ੇ ਲੈਣੇ ਪੈ ਰਹੇ ਹਨ। ਸਰਵੇਖਣ ਰਿਪੋਰਟ ਮੁਤਾਬਿਕ ਸਰਵੇ ਅਧੀਨ ਸੱਤ ਜ਼ਿਲ੍ਹਿਆਂ ਦੇ 13 ਪਿੰਡਾਂ ਦੇ 1618 ਪਰਿਵਾਰ ਲਏ ਗਏ ਜਿਨ੍ਹਾਂ ਵਿੱਚ 254 ਪਰਿਵਾਰਾਂ ਸਿਰ ਤਾਂ ਕੋਈ ਕਰਜ਼ਾ ਨਹੀਂ ਸੀ। ਕਰਜ਼ੇ ਤੋਂ ਪ੍ਰਭਾਵਿਤ 1364 ਪਰਿਵਾਰਾਂ ਸਿਰ 12 ਕਰੋੜ 47 ਲੱਖ 20 ਹਜ਼ਾਰ 979 ਰੁਪਏ ਕਰਜ਼ਾ ਹੈ। ਇਸ ਮੁਤਾਬਿਕ ਕਰਜ਼ੇ ਦੇ ਬੋਝ ਹੇਠ ਦੱਬੇ ਪ੍ਰਤੀ ਪਰਿਵਾਰ ਸਿਰ ਔਸਤ ਕਰਜ਼ੇ ਦੀ ਰਾਸ਼ੀ 91437 ਰੁਪਏ ਬਣਦੀ ਹੈ। 254 ਕਰਜ਼ਾ ਮੁਕਤ ਪਰਿਵਾਰਾਂ ਬਾਰੇ ਵੀ ਇਹ ਗੱਲ ਨਹੀਂ ਕਿ ਉਹ ਸਾਧਨ ਸੰਪੰਨ ਪਰਿਵਾਰ ਹਨ। ਅਸਲੀਅਤ ਇਹ ਹੈ ਕਿ ਲੋੜ ਪੈਣ 'ਤੇ ਉਨ੍ਹਾਂ ਨੂੰ ਕੋਈ ਕਰਜ਼ਾ ਨਹੀਂ ਦਿੰਦਾ ਉਹ ਇਸੇ ਤਰ੍ਹਾਂ ਤੰਗੀਆਂ-ਤੁਰਸ਼ੀਆਂ ਨਾਲ ਆਪਣੀ ਜ਼ਿੰਦਗੀ ਨੂੰ ਧੱਕਾ ਲਾਉਂਦੇ ਰਹਿੰਦੇ ਹਨ। ਕਰਜ਼ੇ ਹੇਠ ਦਬੇ ਮਜ਼ਦੂਰ ਪਰਿਵਾਰਾਂ ਬਾਰੇ ਇਹ ਤੱਤ ਵੀ ਸਾਹਮਣੇ ਆਏ ਹਨ ਕਿ ਖੇਤੀ ਖੇਤਰ ਦੀ ਰੀੜ੍ਹ ਦੀ ਹੱਡੀ ਖੇਤ ਮਜ਼ਦੂਰਾਂ ਨੂੰ ਕਿਸਾਨਾਂ ਵਾਂਗ ਸਰਕਾਰ ਵੱਲੋਂ ਸਸਤੀ ਵਿਆਜ ਦਰ 'ਤੇ ਕਰਜ਼ੇ ਦੀ ਕੋਈ ਸਹੂਲਤ ਨਹੀਂ ਇਸ ਲਈ ਉਨ੍ਹਾਂ ਨੂੰ 18 ਤੋਂ 60 ਪ੍ਰਤੀਸ਼ਤ ਦੀ ਉੱਚੀ ਵਿਆਜ ਦਰ ਉੱਤੇ ਕਰਜ਼ਾ ਲੈਣ ਲਈ ਮਜਬੂਰ ਹੋਣਾ ਪੈਂਦਾ ਹੈ। ਇਨ੍ਹਾਂ ਪਰਿਵਾਰਾਂ ਦੀਆਂ ਔਰਤਾਂ ਤਾਂ ਵਿਆਜ ਬਦਲੇ ਹੀ ਜ਼ਮੀਨ ਮਾਲਕਾਂ ਦੇ ਘਰਾਂ ਵਿੱਚ ਗੋਹਾ ਕੂੜਾਂ ਕਰਦੀਆਂ ਉਮਰਾਂ ਲੰਘਾ ਦਿੰਦੀਆਂ ਹਨ। ਖੇਤ ਮਜ਼ਦੂਰਾਂ ਵੱਲੋਂ ਚੁੱਕੇ ਜਾਂਦੇ ਕਰਜ਼ੇ ਵਿੱਚੋਂ ਵੱਡਾ ਹਿੱਸਾ 19.18 ਪ੍ਰਤੀਸ਼ਤ ਤਾਂ ਬਿਮਾਰੀਆਂ ਦੇ ਲੇਖੇ ਹੀ ਲੱਗ ਜਾਂਦਾ ਹੈ। ਹਕੂਮਤਾਂ ਵੱਲੋਂ ਲੋਕ ਕਲਿਆਣਕਾਰੀ ਨੀਤੀਆਂ ਤੋਂ ਪੱਲਾ ਝਾੜਨ ਦੇ ਸਿੱਟੇ ਵਜੋਂ ਖੇਤ ਮਜ਼ਦੂਰਾਂ ਨੂੰ ਪ੍ਰਾਈਵੇਟ ਹਸਪਤਾਲਾਂ ਵਿੱਚ ਕਰਜ਼ੇ ਚੁੱਕੇ ਕੇ ਇਲਾਜ ਕਰਵਾਉਣ ਲਈ ਮਜਬੂਰ ਹੋਣਾ ਪੈਂਦਾ ਹੈ ਜਾਂ ਫਿਰ ਤਿਲ-ਤਿਲ ਕਰ ਕੇ ਮੌਤ ਦੇ ਮੌਤ ਵਿਚ ਜਾਣਾ ਪੈਂਦਾ ਹੈ। ਸਰਵੇ ਰਿਪੋਰਟ 'ਚ ਸਪੱਸ਼ਟ ਹੈ ਕ ਖੇਤ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਵਿਚੋਂ ਸਰਕਾਰੀ ਬੈਂਕਾਂ ਦੇ ਕਰਜ਼ੇ ਦੀ ਰਾਸ਼ੀ ਬੇਹੱਦ ਨਿਗੂਣੀ ਹੈ। ਸਰਕਾਰੀ ਬੈਂਕਾਂ ਵੱਲੋਂ ਖੇਤ ਮਜ਼ਦੂਰਾਂ ਨੂੰ ਕਰਜ਼ਾ ਦੇਣ ਤੋਂ ਵੀ ਪੂਰੀ ਤਰ੍ਹਾਂ ਟਾਲਾ ਵੱਟਿਆ ਜਾਂਦਾ ਹੈ ਜਦਕਿ ਰਿਜ਼ਰਵ ਬੈਂਕ ਵੱਲੋਂ ਮਾਇਕਰੋਫਾਈਨੈਂਸ ਕੰਪਨੀਆਂ ਆਦਿ ਨੂੰ ਖੇਤ ਮਜ਼ਦੂਰਾਂ ਦੀ ਲੁੱਟ ਕਰਨ ਲਈ ਖੁੱਲ੍ਹੇ ਛੱਡਿਆ ਹੋਇਆ ਹੈ।

# ਚੰਡੀਗੜ੍ਹ ਦੀ ਨੌਜਵਾਨੀ ਨੂੰ ਨਸ਼ੀਲੇ ਟੀਕਿਆਂ ਨੇ ਵਿੰਨ੍ਹਿਆ

**ਚੰਡੀਗੜ੍ਹ –** ਪੰਜਾਬ ਦੇ ਵਿੱਚ ਪਹਿਲਾਂ ਹੀ ਫੈਲੇ ਕਈ ਤਰ੍ਹਾਂ ਦੇ ਨਸ਼ਿਆਂ ਤੋਂ ਬਾਅਦ ਹੁਣ ਚੰਡੀਗੜ੍ਹ ਉਪਰ ਨਸ਼ੀਲੇ ਟੀਕਿਆਂ ਦਾ ਖ਼ਤਰਾ ਮੰਡਰਾ ਰਿਹਾ ਹੈ। ਬੁਰੀ ਤਰ੍ਹਾਂ ਨਸ਼ਿਆਂ ਵਿਚ ਧਸ ਚੁੱਕੇ ਨਸ਼ੇੜੀ ਹੁਣ ਸਸਤੇ ਅਤੇ ਸੌਖੇ ਉਪਲਬਧ ਹੁੰਦੇ ਨਸ਼ਿਆਂ ਲਈ ਹੱਥ ਪੈਰ ਮਾਰ ਰਹੇ ਹਨ ਅਤੇ ਵਿੱਤੀ ਤੌਰ 'ਤੇ ਟੁੱਟੇ ਨਸ਼ੇੜੀ ਹੁਣ ਨਸ਼ੀਲੇ ਟੀ-ਕਿਆਂ ਨਾਲ ਆਪਣੇ ਸਰੀਰਾਂ ਨੂੰ ਵਿੰਨ੍ਹਣ ਦੇ ਰਾਹ ਪੈ ਗਏ ਹਨ। ਚੰਡੀਗੜ੍ਹ ਪੁਲੀਸ ਦੀ ਅਪਰਾਧ ਸ਼ਾਖਾ ਨੇ ਨਸ਼ੀਲੇ ਟੀਕੇ ਵੇਚਣ ਦਾ ਧੰਦਾ ਕਰਨ ਵਾਲੇ ਦੋ ਮੁਲਜ਼ਮਾਂ ਨੂੰ ਫੜ ਕੇ ਵੱਡਾ ਖੁਲਾਸਾ ਕੀਤਾ ਹੈ। ਅਪਰਾਧ ਸ਼ਾਖਾ ਦੇ ਇੰ-ਸਪੈਕਟਰ ਅਮਨਜੋਤ ਸਿੰਘ ਨੇ ਦੱਸਿਆ ਕਿ ਉਹ ਨਸ਼ੀਲੇ ਟੀਕਿਆਂ ਦੀ ਬਰਾਮਦਗੀ ਦੇ ਪਿਛਲੇ ਸਮੇਂ ਦੌਰਾਨ 30 ਦੇ ਕਰੀਬ ਕੇਸ ਦਰਜ ਕਰ ਚੁੱਕੇ ਹਨ। ਇਸ ਤੋਂ ਇਲਾਵਾ ਵੱਖ ਵੱਖ ਥਾਣਿਆਂ ਦੀ ਪੁਲੀਸ ਵੱਲੋਂ ਵੀ ਵੱਡੇ ਪੱਧਰ 'ਤੇ ਨਸ਼ੀਲੇ ਟੀਕੇ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਪਿੰਡ ਦੜੀਆ ਦੇ ਸੂਰਜ ਕੋਲੋਂ 26 ਅਤੇ ਮੌਲੀ ਜੱਗਰਾਂ ਕੰਪਲੈਕਸ ਦੇ ਸਨੀ ਕੋਲੋਂ 34 ਨਸ਼ੀਲੇ ਟੀਕੇ ਬਰਾਮਦ ਕਰਕੇ ਕੀਤੀ ਘੋਖ ਦੌਰਾਨ ਅਹਿਮ ਖੁਲਾਸੇ ਹੋਏ ਹਨ। ਪਤਾ ਲੱਗਾ ਹੈ ਕਿ ਸਹਾਰਨਪੁਰ ਅਤੇ ਅੰਬਾਲਾ ਤੋਂ ਸ਼ਹਿਰ ਵਿਚ ਵੱਡੇ ਪੱਧਰ 'ਤੇ ਨਸ਼ੀਲੇ ਟੀਕੇ ਸਪਲਾਈ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਨਸ਼ੀਲੇ ਟੀਕੇ ਵੇਚਣ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਪਤਾ ਲੱਗਾ ਹੈ ਕਿ ਜਿਹੜੇ ਨੌਜਵਾਨ ਬੁਰੀ ਤਰ੍ਹਾਂ ਨਸ਼ਿਆਂ ਵਿਚ ਧਸ ਕੇ ਡਰੱਗ ਦੀ ਮੋਟੀ ਡੋਜ਼ ਲੈਣ ਦੇ ਗੁਲਾਮ ਹੋ ਗਏ ਹਨ, ਜ਼ਿਆਦਾਤਰ ਉਹ ਹੀ ਹੁਣ ਪ੍ਰਚੂਨ ਵਿਚ ਨਸ਼ੀਲੇ ਟੀਕੇ ਵੇਚ ਕੇ ਆਪਣੇ ਨਸ਼ਿਆਂ ਦਾ ਜੁਗਾੜ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਵਿੱਤੀ ਪੱਖੋਂ ਕੰਗਾਲ ਅਤੇ ਪੂਰੀ ਤਰ੍ਹਾਂ ਨਸ਼ਿਆਂ ਦੇ ਗੁਲਾਮ ਹੋਏ ਨਸ਼ੇੜੀ ਪਹਿਲਾਂ ਲੁੱਟਾਂ, ਖੋਹਾਂ ਤੇ ਚੋਰੀਆਂ ਕਰਕੇ ਨਸ਼ਿਆਂ ਦੀਆਂ ਪੁੜੀਆਂ ਦਾ ਜੁਗਾੜ ਕਰਦੇ ਸਨ। ਹੁਣ ਇਨ੍ਹਾਂ ਵਿਚੋਂ ਕਈ ਨਸ਼ੇੜੀ ਨਸ਼ੀਲੇ ਟੀਕਿਆਂ ਦੀ ਪ੍ਰਚੂਨ ਸਪਲਾਈ ਕਰਕੇ ਆਪਣੇ ਨਸ਼ੇ ਦਾ ਜੁਗਾੜ ਕਰ ਰਹੇ ਹਨ। ਅਜਿਹੇ ਨਸ਼ੇੜੀ ਅੰਬਾਲਾ ਆਦਿ ਜਾ ਕੇ ਥੋਕ ਵਪਾਰੀਆਂ ਕੋਲੋਂ ਨਸ਼ੀਲੇ ਟੀਕਿਆਂ ਦੀ ਖੇਪ ਲੈਂਦੇ ਹਨ ਜਿਸ ਤੋਂ ਬਾਅਦ ਇਹ ਚੰਡੀਗੜ੍ਹ ਦੇ ਵੱਖ ਵੱਖ ਹਿੱਸਿਆਂ ਵਿਚ ਟੀਕੇ ਵੇਚਦੇ ਹਨ।

ਉਨ੍ਹਾਂ ਦੱਸਿਆ ਕਿ ਪਹਿਲਾਂ ਨਸ਼ੀਲਾ ਟੀਕਾ 200-250 ਰੁਪਏ ਦਾ ਮਿਲ ਜਾਂਦਾ ਸੀ ਪਰ ਹੁਣ ਪੁਲੀਸ ਵੱਲੋਂ ਸਖ਼ਤੀ ਕਰਨ ਕਾਰਨ ਇਕ ਟੀਕੇ ਦੀ ਕੀਮਤ 400 ਰੁਪਏ 'ਤੇ ਪੁੱਜ ਚੁੱਕੀ ਹੈ। ਅਜਿਹੇ ਨਸ਼ੇੜੀ ਟੀਕੇ ਵੇਚ ਕੇ ਹੀ ਆਪਣੇ ਲਈ ਲੋੜੀਂਦੇ ਨਸ਼ੀਲੇ ਟੀਕਿਆਂ ਦਾ ਜੁਗਾੜ ਕਰ ਲੈਂਦੇ ਹਨ। ਉਨ੍ਹਾਂ ਦੱਸਿਆ ਕਿ ਦਰਅਸਲ ਨਸ਼ਾ ਛੁਡਾਊ ਕੇਂਦਰਾਂ ਵਿਚ ਹੈਰੋਇਨ, ਸਮੈਕ ਅਤੇ ਚਰਸ ਆਦਿ ਦਾ ਨਸ਼ਾ ਕਰਨ ਵਾਲੇ ਨਸ਼ੇੜੀਆਂ ਨੂੰ ਕੁਝ ਰਾਹਤ ਦੇਣ ਲਈ ਅਜਿਹੇ ਟੀਕੇ ਲਾਏ ਜਾਂਦੇ ਹਨ। ਜਿਸ ਕਾਰਨ ਵੱਡੇ ਪੱਧਰ 'ਤੇ ਨਸ਼ੇੜੀ ਇਨ੍ਹਾਂ ਟੀਕਿਆਂ ਦੇ ਭੇਤੀ ਹੋ ਗਏ ਹਨ ਅਤੇ ਉਹ ਨਸ਼ੀਲੇ ਟੀਕਿਆਂ ਨੂੰ ਸਸਤੇ ਨਸ਼ੇ ਵਜੋਂ ਮੰਨ ਕੇ ਇਨ੍ਹਾਂ ਦੇ ਗੁਲਾਮ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਨਸ਼ੀਲੇ ਟੀਕੇ ਵੇਚਣ ਵਾਲੇ ਵਪਾਰੀ ਬਿਨਾਂ ਬਿਲ ਅਤੇ ਜੀਐਸਟੀ ਤੋਂ ਨਸ਼ੇੜੀਆਂ ਨੂੰ ਟੀਕੇ ਵੇਚ ਕੇ ਮੋਟੀ ਕਮਾਈ ਕਰ ਰਹੇ ਹਨ। ਇੰਸਪੈਕਟਰ ਅਮਨਜੋਤ ਨੇ ਦੱਸਿਆ ਕਿ ਨਸ਼ੀਲੇ ਟੀਕੇ ਲਾਉਣ ਕਾਰਨ ਕਈ ਹੋਰ ਵੱਡੇ ਖ਼ਤਰੇ ਸਾਹਮਣੇ ਆ ਰਹੇ ਹਨ ਕਿਉਂਕਿ ਮੁਲਜ਼ਮਾਂ ਦੀ ਪੁੱਛ-ਪੜਤਾਲ ਦੌਰਾਨ ਅਕਸਰ ਖੁਲਾਸੇ ਹੁੰਦੇ ਹਨ ਕਿ ਨਸ਼ੇ ਤੋਂ ਟੁੱਟੇ ਨਸ਼ੇੜੀ ਬੇਪ੍ਰਵਾਹ ਹੋਏ ਕਈ ਵਾਰ ਇਕੋ ਸਰਿੰਜ ਨਾਲ ਕਈਆਂ ਦੇ ਟੀਕੇ ਲਾ ਦਿੰਦੇ ਹਨ। ਜਿਸ ਕਾਰਨ ਕਈ ਗੰਭੀਰ ਬਿਮਾਰੀਆਂ ਫੈਲਣ ਦੇ ਖ਼ਤਰੇ ਹਨ।

# ਸੋਸ਼ਲ ਮੀਡੀਆ ਰਾਹੀਂ ਧਰਮ ਪ੍ਰਚਾਰ ਕਰੇਗੀ ਸ਼੍ਰੋਮਣੀ ਕਮੇਟੀ, ਆਈ.ਟੀ. ਵਿੰਗ ਦੀ ਸ਼ੁਰੂਆਤ

**ਅੰਮ੍ਰਿਤਸਰ–** ਸ਼੍ਰੋਮਣੀ ਕਮੇਟੀ ਵੱਲੋਂ ਸਿੱਖੀ ਦੇ ਪ੍ਰਚਾਰ ਪ੍ਰਸਾਰ ਦੇ ਨਾਲ ਸੰਸਥਾ ਦੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਨੂੰ ਸੋਸ਼ਲ ਮੀਡੀਆ ਰਾਹੀਂ ਦੇਸ਼-ਵਿਦੇਸ਼ ਦੀਆਂ ਸੰਗਤਾਂ ਤੀਕ ਪਹੁੰਚਾਉਣ ਲਈ ਨਵੇਂ ਸਥਾਪਿਤ ਕੀਤੇ ਗਏ ਆਈ.ਟੀ. ਵਿੰਗ ਦਾ ਅਰਦਾਸ ਉਪਰੰਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਉਦਘਾਟਨ ਕੀਤਾ। ਇਹ ਵਿੰਗ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਤੋਂ ਚਲਾਏ ਜਾ ਰਹੇ ਇੰਟਰਨੈੱਟ ਵਿਭਾਗ ਦਾ ਹੀ ਇਕ ਭਾਗ ਹੋਵੇਗਾ।

ਉਦਘਾਟਨ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਵਰਤਮਾਨ ਸਮੇਂ ਵਿਚ ਆਧੁਨਿਕ ਤਕਨੀਕ ਦੀ ਵਰਤੋਂ ਬੇਹੱਦ ਜ਼ਰੂਰੀ ਹੈ ਕਿਉਂਕਿ ਨਵੀਂ ਪੀੜ੍ਹੀ ਦਾ ਵੱਡਾ ਹਿੱਸਾ ਆਧੁਨਿਕ ਸਾਧਨਾਂ ਦੀ ਵਰਤੋਂ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਂਦੇ ਧਰਮ ਪ੍ਰਚਾਰ ਕਾਰਜਾਂ ਤੋਂ ਇਲਾਵਾ ਸਮਾਜਿਕ, ਵਿਦਿਅਕ ਅਤੇ ਹੋਰ ਗਤੀਵਿਧੀਆਂ ਨੂੰ ਸੰਸਾਰ ਭਰ ਦੇ ਲੋਕਾਂ ਤੱਕ ਪਹੁੰਚਾਉਣ ਲਈ ਇਹ ਆਈ.ਟੀ. ਵਿੰਗ ਸਥਾਪਿਤ ਕੀਤਾ ਗਿਆ ਹੈ। ਜਿਸ ਰਾਹੀਂ ਸੋਸ਼ਲ ਮੀਡੀਆ ਤੇ ਆਉਂਦੇ ਸਵਾਲਾਂ ਦਾ ਜਵਾਬ ਦੇਣ ਦੇ ਨਾਲ-ਨਾਲ ਵੱਖ-ਵੱਖ ਸਿੱਖ ਮਸਲਿਆਂ ਤੇ ਸੰਜੀਦਾ ਗੱਲਬਾਤ ਨੂੰ ਸੰਗਤਾਂ ਤੱਕ ਪਹੁੰਚਾਉਣ ਲਈ ਇਹ ਮਾਧਿਅਮ ਵਰਤਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਕ ਸਟੀਡੀਊ ਵੀ ਬਣਾਇਆ ਜਾਵੇਗਾ।

# ਅਕਾਲੀ ਦਲ ਵਲੋਂ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਡੂੰਗਰ ਦੇ ਬਦਲ ਦੀ ਤਲਾਸ਼ ਜਾਰੀ

**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਭਾਵੇਂ ਅਗਲੇ ਮਹੀਨੇ 30 ਨਵੰਬਰ ਤੱਕ ਜਾਂ ਇਸ ਤੋਂ ਪਹਿਲਾਂ ਹੋਣੀ ਹੈ, ਪਰ ਇਸ ਲਈ ਚਾਹਵਾਨ ਸ਼੍ਰੋਮਣੀ ਕਮੇਟੀ ਮੈਂਬਰਾਂ ਵਲੋਂ ਦਾਅਵੇਦਾਰੀਆਂ ਜਤਾਉਣ ਸਮੇਤ ਅਕਾਲੀ ਹਲਕਿਆਂ 'ਚ ਸਰਗਰਮੀਆਂ ਹੁਣ ਤੋਂ ਹੀ ਸ਼ੁਰੂ ਹੋ ਗਈਆਂ ਹਨ। ਇਸੇ ਵਰ੍ਹੇ ਫਰਵਰੀ 'ਚ ਪੰਜਾਬ ਵਿਧਾਨ ਸਭਾ ਚੋਣਾਂ 'ਚ ਮਿਲੀ ਕਰਾਰੀ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਲਈ ਸ਼੍ਰੋਮਣੀ ਕਮੇਟੀ ਅਤੇ ਇਸ ਦੇ ਪ੍ਰਧਾਨ ਦੀ ਚੋਣ ਅਹਿਮ ਮਹੱਤਤਾ ਰੱਖਦੀ ਹੈ। ਸਹਿਜਧਾਰੀਆਂ ਨੂੰ ਵੋਟ ਦੇਣ ਦੇ ਅਧਿਕਾਰ ਸਬੰਧੀ ਚੱਲ ਰਹੇ ਮਾਮਲੇ ਬਾਰੇ ਮਾਣਯੋਗ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਅਤੇ ਸ਼੍ਰੋਮਣੀ ਕਮੇਟੀ ਦੇ 2011 ਵਾਲੇ ਚੁਣੇ ਹੋਏ ਸਦਨ ਦੀ ਬਹਾਲੀ ਉਪਪ੍ਰੰਤ ਬੀਤੇ ਸਾਲ 5 ਨਵੰਬਰ ਨੂੰ ਇਸ ਸਿੱਖ ਸੰਸਥਾ ਦਾ ਜਨਰਲ ਇਜਲਾਸ ਹੋਇਆ ਸੀ, ਜਿਸ ਵਿਚ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਸੀ ਤੇ ਬਾਕੀ ਦੇ ਅਹੁਦੇਦਾਰ ਵੀ ਸਰਬਸੰਮਤੀ ਨਾਲ ਹੀ ਐਲਾਨੇ ਗਏ ਸਨ। ਪ੍ਰੋ: ਬਡੂੰਗਰ ਨੂੰ ਉਦੋਂ ਪ੍ਰਧਾਨ ਬਨਾਉਣ ਲਈ ਸੰਤ ਸਮਾਜ ਵਲੋਂ ਵੀ ਅਕਾਲੀ ਦਲ ਨੂੰ ਪੂਰਾ ਸਮਰਥਨ ਦਿੱਤਾ ਗਿਆ ਸੀ। ਇਸ ਵਾਰ ਵੀ ਸ਼੍ਰੋਮਣੀ ਅਕਾਲੀ ਦਲ ਇਸ ਸੰਸਥਾ ਦੀ ਪ੍ਰਧਾਨਗੀ ਦਾ ਤਾਜ ਪ੍ਰੋ: ਬਡੂੰਗਰ ਵਰਗੇ ਕਿਸੇ ਦੂਰਅੰਦੇਸ਼ ਸ਼੍ਰੋਮਣੀ ਕਮੇਟੀ ਮੈਂਬਰ ਸਿਰ ਹੀ ਸਜਾਉਣਾ ਚਾਹੁੰਦਾ ਹੈ ਤਾਂ ਕਿ ਪੰਜ ਸਾਲ ਸਿੱਖ ਹਲਕਿਆਂ 'ਚ ਉਸ ਦੀ ਸਾਖ਼ ਚੰਗੀ ਬਣੀ ਰਹੇ। ਸਮਝਿਆ ਜਾਂਦਾ ਹੈ ਕਿ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਵਲੋਂ ਨਵੇਂ ਬਨਣ ਜਾਂ ਬਣਾਏ ਜਾਣ ਵਾਲੇ ਪ੍ਰਧਾਨ ਸਬੰਧੀ ਹੁਣ ਤੋਂ ਹੀ ਵਿਚਾਰਾਂ ਆਰੰਭ ਕਰ ਦਿੱਤੀਆਂ ਗਈਆਂ ਹਨ। ਪ੍ਰੋ: ਬਡੂੰਗਰ ਦੇ 11 ਮਹੀਨਿਆਂ ਦੇ ਕਾਰਜਕਾਲ ਦੌਰਾਨ ਕੀਤੇ ਗਏ ਕਾਰਜਾਂ ਦੀ ਘੋਖ ਪੜਤਾਲ ਕੀਤੀ ਜਾ ਰਹੀ ਹੈ। ਓਧਰ ਪ੍ਰੋ: ਬਡੂੰਗਰ ਵਲੋਂ ਵੀ ਮੈਂਬਰਾਂ ਨੂੰ ਰਿਝਾਉਣ ਲਈ ਉਨ੍ਹਾਂ ਵਲੋਂ ਬਦਲੀਆਂ ਤੇ ਭਰਤੀਆਂ ਸਬੰਧੀ ਕੀਤੀਆਂ ਜਾ ਰਹੀਆਂ ਸਿਫਾਰਸ਼ਾਂ ਨੂੰ ਪੂਰਾ ਕਰਨ ਵਲ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ। ਇਸ ਸੈਸ਼ਨ ਦੀ ਅੰਤ੍ਰਿੰਗ ਕਮੇਟੀ ਦੀ ਆਖ਼ਰੀ ਇਕੱਤਰਤਾ 6 ਨਵੰਬਰ ਨੂੰ ਅੰਮ੍ਰਿਤਸਰ ਵਿਖੇ ਹੋ ਰਹੀ ਹੈ ਜਿਸ ਦੌਰਾਨ 21 ਦਿਨ ਦੇ ਨੋਟਿਸ 'ਤੇ ਜਨਰਲ ਇਜਲਾਸ ਬੁਲਾਉਣ ਨੂੰ ਹਰੀ ਝੰਡੀ ਮਿਲ ਸਕਦੀ ਹੈ। ਇਸ ਤਰ੍ਹਾਂ 27 ਜਾਂ 28 ਨਵੰਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ਼ੋਮ੍ਰਣੀ ਕਮੇਟੀ ਦਾ ਜਨਰਲ ਇਜਲਾਸ ਹੋਣ ਦੀ ਸੰਭਾਵਨਾ ਹੈ। 2011 'ਚ ਹੋਈਆਂ ਸ਼੍ਰੋਮਣੀ ਕਮੇਟੀ ਚੋਣਾਂ 'ਚ 170 ਸੀਟਾਂ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਸੰਤ ਸਮਾਜ ਨਾਲ ਸਬੰਧਤ 157 ਮੈਂਬਰ ਚੁਣੇ ਗਏ ਸਨ, ਜਿਨ੍ਹਾਂ ਵਲੋਂ 2016 ਦੇ ਇਜਲਾਸ ਤੋਂ ਇਕ ਦਿਨ ਪਹਿਲਾਂ ਪ੍ਰਧਾਨ ਸਮੇਤ ਬਾਕੀ ਅਹੁਦੇਦਾਰ ਚੁਨਣ ਦੇ ਅਧਿਕਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਾਪ ਦਿੱਤੇ ਗਏ ਸਨ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਜੋ ਕਿ, ਪੜ੍ਹੇ-ਲਿਖੇ, ਪ੍ਰੌੜ ਤੇ ਦੂਰਅੰਦੇਸ਼ ਸਿਆਸਤਦਾਨ ਹਨ, ਵਲੋਂ ਆਪਣੇ ਇਕ ਸਾਲ ਦੌਰਾਨ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਲਹਿਰ ਨੂੰ ਮੁੜ ਲੀਹੇ ਪਾਉਣ ਅਤੇ ਕਮੇਟੀ ਦੇ ਸਿੱਖਿਆ ਅਦਾਰਿਆਂ 'ਚ ਸੁਧਾਰ ਕਰਨ ਤੋਂ ਲੈ ਕੇ ਕਮੇਟੀ ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ ਸਿੱਖ ਧਰਮ ਦੀ ਜਾਣਕਾਰੀ ਸਬੰਧੀ ਰਿਫਰੈਸ਼ਰ ਕੋਰਸ ਕਰਵਾਉਣ ਵਰਗੇ ਕਈ ਕਾਰਜ ਆਰੰਭ ਕੀਤੇ ਗਏ।

ਉਹ ਭਾਵੇਂ 6 ਜੂਨ ਦੇ ਘੱਲੂਘਾਰਾ ਦਿਵਸ ਸਮਾਗਮਾਂ ਅਤੇ ਬੰਦੀ ਛੋੜ ਦਿਵਸ, ਦੀਵਾਲੀ ਪੁਰਬ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਅਤੇ ਭਾਈ ਧਿਆਨ ਸਿੰਘ ਮੰਡ ਤੇ ਮੁਤਵਾਜ਼ੀ ਜਥੇਦਾਰਾਂ ਵਲੋਂ ਪੜ੍ਹੇ ਜਾਣ ਵਾਲੇ ਸੰਦੇਸ਼ ਵਰਗੇ ਸੰਵੇਦਨਸ਼ੀਲ ਮਾਮਲਿਆਂ 'ਚੋਂ ਸੁਰਖਰੂ ਹੋ ਕੇ ਨਿਕਲੇ ਹਨ, ਪਰ ਕੁਝ ਵਿਵਾਦਤ ਫ਼ੈਸਲਿਆਂ ਕਾਰਨ ਉਹ ਚਰਚਾ 'ਚ ਰਹੇ ਹਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com,
www.ambedkartimes.com

# ਪਿੰਡ ਆਖ਼ਿਰ ਤਰੱਕੀ ਕਿਉਂ ਨਹੀਂ ਕਰਦੇ?

**ਭਾਰਤ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਿਹਾ ਜਾਂਦਾ ਹੈ, ਪਰ ਕੀ ਇਸ ਲੋਕਤੰਤਰ ਦੀ ਨੀਂਹ ਪੰਚਾਇਤਾਂ ਮਜ਼ਬੂਤ ਹਨ? ਕੀ ਪੰਚਾਇਤਾਂ, ਪਿੰਡਾਂ, ਪਿੰਡਾਂ ਦੀਆਂ ਗ੍ਰਾਮ ਸਭਾਵਾਂ ਤੇ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਇਤਾਂ ਬਾਰੇ ਵਿਧਾਨ ਸਭਾਵਾਂ ਵਿੱਚ ਜਾਂ ਦੇਸ਼ ਦੀ ਲੋਕ ਸਭਾ, ਰਾਜ ਸਭਾ ਵਿੱਚ ਚਰਚਾ ਹੁੰਦੀ ਹੈ? ਪਿੰਡਾਂ ਦੇ ਹਾਲਾਤ ਚੰਗੇ ਨਹੀਂ ਹਨ। ਉਹਨਾਂ ਦੀਆਂ ਲੋੜਾਂ ਨੇਤਾਵਾਂ, ਹਾਕਮਾਂ ਨੇ ਦਰਕਿਨਾਰ ਕੀਤੀਆਂ ਹੋਈਆਂ ਹਨ। ਉਹਨਾਂ ਦੇ ਅਧਿਕਾਰਾਂ ਨੂੰ ਸੰਨ੍ਹ ਲਾਈ ਜਾ ਚੁੱਕੀ ਹੈ। ਪਿੰਡ ਅਣਦੇਖੇ ਕੀਤੇ ਜਾ ਰਹੇ ਹਨ। ਦੇਸ਼ ਦੇ ਇਤਿਹਾਸ ਵਿੱਚ ਇੱਕ-ਅੱਧਾ ਬੱਜਟ ਹੀ ਇਹੋ ਜਿਹਾ ਹੋਵੇਗਾ, ਜਿਹੜਾ ਪਿੰਡਾਂ ਉੱਤੇ ਕੇਂਦਰਤ ਹੋਵੇ, ਜਦੋਂ ਕਿ 70 ਫ਼ੀਸਦੀ ਭਾਰਤ ਪਿੰਡਾਂ ਵਿੱਚ ਰਹਿੰਦਾ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਪਿੰਡ ਦਾ ਸਰਪੰਚ ਅਤੇ ਪਿੰਡ ਦੀ ਗ੍ਰਾਮ ਸਭਾ, ਦੋਵੇਂ ਹਾਸ਼ੀਏ 'ਤੇ ਚਲੇ ਗਏ ਹਨ। ਪਿੰਡਾਂ ਦੇ ਸਰਪੰਚਾਂ, ਪਿੰਡਾਂ ਦੀਆਂ ਪੰਚਾਇਤਾਂ ਨੂੰ ਕਮਜ਼ੋਰ ਹੀ ਨਹੀਂ ਬਣਾ ਦਿੱਤਾ ਗਿਆ, ਸਗੋਂ ਇਸ ਹੱਦ ਤੱਕ ਉਨ੍ਹਾਂ ਦੇ ਹੱਥ ਬੰਨ੍ਹ ਦਿੱਤੇ ਗਏ ਹਨ ਕਿ ਉਨ੍ਹਾਂ ਦਾ ਵਜੂਦ ਹੀ ਦਮਦਾਰ ਨਹੀਂ ਦਿੱਸਦਾ। ਦੇਸ਼ 'ਚ ਤਿੰਨ ਤਰ੍ਹਾਂ ਦੀਆਂ ਸਰਕਾਰਾਂ ਹਨ : ਕੇਂਦਰ ਦੀ ਸਰਕਾਰ, ਸੂਬਿਆਂ ਦੀਆਂ ਸਰਕਾਰਾਂ ਅਤੇ ਸਥਾਨਕ ਸਰਕਾਰਾਂ। ਸਥਾਨਕ ਸਰਕਾਰ ਪੰਚਾਇਤ ਨੂੰ ਕਹਿੰਦੇ ਹਨ, ਪਰ ਕੀ ਪਿੰਡ ਵਿੱਚ ਕਿਧਰੇ ਇਹ ਸਰਕਾਰ ਦਿੱਸਦੀ ਹੈ? ਪਿੰਡ ਵਿੱਚ ਜਾਂ ਤਾਂ ਮੋਤੀਆਂ ਵਾਲੀ ਸਰਕਾਰ (ਰਾਜ ਸਰਕਾਰ) ਦਿੱਸਦੀ ਹੈ, ਜਾਂ ਚੌੜੀ ਛਾਤੀ ਵਾਲੀ ਸਰਕਾਰ (ਮੋਦੀ ਸਰਕਾਰ), ਜੋ ਸਥਾਨਕ ਸਰਕਾਰ ਨੂੰ ਗ੍ਰਾਂਟਾਂ ਦੇਣ ਦੇ ਨਾਮ ਉੱਤੇ ਉਸ ਦੇ ਅਧਿਕਾਰਾਂ ਦਾ ਘਾਣ ਕਰਦੀਆਂ ਹਨ ਅਤੇ ਉਸ ਨੂੰ ਪੰਗੂ ਬਣਾ ਕੇ ਰੱਖ ਦਿੱਤਾ ਹੈ।

ਦੇਸ਼ ਵਿੱਚ ਕੁਝ ਸੂਬੇ ਹੀ ਇਹੋ ਜਿਹੇ ਹਨ, ਜਿੱਥੇ ਪੰਚਾਇਤਾਂ, ਭਾਵ ਸਥਾਨਕ ਸਰਕਾਰਾਂ ਨੂੰ ਸੰਵਿਧਾਨ ਦੀਆਂ 73ਵੀਆਂ ਅਤੇ 74 ਵੀਆਂ ਸੋਧਾਂ ਅਨੁਸਾਰ ਸੁਤੰਤਰਤਾ ਦਿੱਤੀ ਗਈ ਹੈ। ਕੇਰਲਾ ਅਤੇ ਹਿਮਾਚਲ ਪ੍ਰਦੇਸ਼ ਇਸ ਦੀਆਂ ਉਦਾਹਰਣਾਂ ਹਨ। ਹੋਰਨਾਂ ਸੂਬਿਆਂ ਨੇ ਹਾਲੇ ਤੱਕ ਇਹਨਾਂ ਸੋਧਾਂ ਨੂੰ ਗੰਭੀਰਤਾ ਨਾਲ ਲਾਗੂ ਕਰਨ 'ਚ ਦਿਲਚਸਪੀ ਨਹੀਂ ਦਿਖਾਈ। ਭਾਰਤ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਿਹਾ ਜਾਂਦਾ ਹੈ, ਪਰ ਕੀ ਇਸ ਲੋਕਤੰਤਰ ਦੀ ਨੀਂਹ ਪੰਚਾਇਤਾਂ ਮਜ਼ਬੂਤ ਹਨ? ਕੀ ਪੰਚਾਇਤਾਂ, ਪਿੰਡਾਂ, ਪਿੰਡਾਂ ਦੀਆਂ ਗ੍ਰਾਮ ਸਭਾਵਾਂ ਤੇ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਇਤਾਂ ਬਾਰੇ ਵਿਧਾਨ ਸਭਾਵਾਂ ਵਿੱਚ ਜਾਂ ਦੇਸ਼ ਦੀ ਲੋਕ ਸਭਾ, ਰਾਜ ਸਭਾ ਵਿੱਚ ਚਰਚਾ ਹੁੰਦੀ ਹੈ? ਪਿੰਡਾਂ ਦੇ ਹਾਲਾਤ ਚੰਗੇ ਨਹੀਂ ਹਨ। ਉਹਨਾਂ ਦੀਆਂ ਲੋੜਾਂ ਨੇਤਾਵਾਂ, ਹਾਕਮਾਂ ਨੇ ਦਰਕਿਨਾਰ ਕੀਤੀਆਂ ਹੋਈਆਂ ਹਨ। ਉਹਨਾਂ ਦੇ ਅਧਿਕਾਰਾਂ ਨੂੰ ਸੰਨ੍ਹ ਲਾਈ ਜਾ ਚੁੱਕੀ ਹੈ। ਪਿੰਡ ਅਣਦੇਖੇ ਕੀਤੇ ਜਾ ਰਹੇ ਹਨ। ਦੇਸ਼ ਦੇ ਇਤਿਹਾਸ ਵਿੱਚ ਇੱਕ-ਅੱਧਾ ਬੱਜਟ ਹੀ ਇਹੋ ਜਿਹਾ ਹੋਵੇਗਾ, ਜਿਹੜਾ ਪਿੰਡਾਂ ਉੱਤੇ ਕੇਂਦਰਤ ਹੋਵੇ, ਜਦੋਂ ਕਿ 70 ਫ਼ੀਸਦੀ ਭਾਰਤ ਪਿੰਡਾਂ ਵਿੱਚ ਰਹਿੰਦਾ ਹੈ। ਇਹਨਾਂ ਵਿੱਚ ਬਹੁ-ਗਿਣਤੀ ਵੱਸੋਂ ਥੁੜ੍ਹਾਂ-ਮਾਰੇ ਲੋਕਾਂ ਦੀ ਹੈ, ਜੋ ਹੱਥੀਂ ਮਿਹਨਤ ਕਰ ਕੇ ਗੁਜ਼ਾਰਾ ਕਰਨ ਵਾਲੇ ਲੋਕ ਹਨ। ਭਾਰਤ ਦੀ ਸਵਾ ਸੌ ਕਰੋੜ ਦੇ ਕਰੀਬ ਆਬਾਦੀ 24.4 ਕਰੋੜ ਪਰਵਾਰਾਂ 'ਤੇ ਆਧਾਰਤ ਹੈ, ਜਿਸ ਵਿੱਚ 17.9 ਕਰੋੜ ਪੇਂਡੂ ਪਰਵਾਰ ਹਨ। ਇਹਨਾਂ ਵਿੱਚੋਂ 56 ਫ਼ੀਸਦੀ ਕੋਲ ਆਪਣੀ ਜ਼ਮੀਨ ਨਹੀਂ ਹੈ ਤੇ 10.7 ਕਰੋੜ ਪਰਵਾਰ ਇੱਕ ਕਮਰੇ 'ਚ ਕੱਚੇ ਘਰਾਂ 'ਚ ਰਹਿੰਦੇ ਹਨ ਤੇ ਉਹਨਾਂ ਦਾ ਇੱਕ ਮਰਦ ਮੈਂਬਰ ਵੀ ਪੜ੍ਹਿਆ-ਲਿਖਿਆ ਜਾਂ ਕਮਾਊ ਨਹੀਂ ਹੈ। ਇਹੋ ਜਿਹੇ ਪੇਂਡੂਆਂ ਅਤੇ ਪਿੰਡਾਂ ਦੇ ਵਿਕਾਸ ਦਾ ਸਰਕਾਰਾਂ ਦਾ ਫ਼ਾਰਮੂਲਾ ਵੀ ਸ਼ਹਿਰੀ ਸ਼ੈਲੀ ਵਾਲਾ ਹੁੰਦਾ ਹੈ। ਤਦ ਫਿਰ ਇਹੋ ਜਿਹੀ ਹਾਲਤ ਵਿੱਚ ਪਿੰਡ ਮਜ਼ਬੂਤ ਕਿਵੇਂ ਹੋਣਗੇ?

ਬਹੁਤੀਆਂ ਪਿੰਡ ਪੰਚਾਇਤਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਨ੍ਹਾਂ ਦੇ ਇਲਾਕੇ ਦਾ ਚੁਣਿਆ ਹੋਇਆ ਵਿਧਾਇਕ ਜਾਂ ਸਰਕਾਰੀ ਅਧਿਕਾਰੀ ਪਿੰਡ ਦੇ ਕਿਹੜੇ ਕੰਮ ਨੂੰ ਪੂਰਿਆਂ ਕਰ ਰਿਹਾ ਹੈ। ਉਸ ਕੰਮ ਦੀ ਗੁਣਵਤਾ ਕੀ ਹੈ? ਜੇਕਰ ਸੜਕ ਬਣਾਈ ਜਾ ਰਹੀ ਹੈ ਤਾਂ ਕੀ ਉਸ ਲਈ ਵਰਤਿਆ ਜਾਣ ਵਾਲਾ ਸਾਮਾਨ ਚੰਗਾ ਅਤੇ ਠੀਕ ਮਾਤਰਾ ਵਿੱਚ ਹੈ? ਜੇਕਰ ਕੋਈ ਇਮਾਰਤ ਜਾਂ ਪੁਲ ਉਸਾਰਿਆ ਜਾ ਰਿਹਾ ਹੈ, ਤਾਂ ਕੀ ਉਹ ਪਿੰਡ ਦੀ ਲੋੜ ਹੈ ਜਾਂ ਨਹੀਂ? ਉਸ ਦੇ ਪਿੰਡ ਦਾ ਸਰਕਾਰੀ ਸਕੂਲ ਕਿਵੇਂ ਚੱਲਦਾ ਹੈ? ਸਰਕਾਰੀ ਡਿਸਪੈਂਸਰੀ 'ਚ ਦਵਾਈਆਂ ਹਨ ਕਿ ਨਹੀਂ? ਤੇ ਕੀ ਇਹਨਾਂ 'ਚ ਸਟਾਫ ਪੂਰਾ ਹੈ ਜਾਂ ਨਹੀਂ? ਇਹ ਸਭ ਕੁਝ ਤਾਂ ਸੂਬੇ ਦੇ ਵਿਧਾਇਕਾਂ ਤੇ ਮੰਤਰੀਆਂ ਦੀ ਕਿਰਪਾ ਨਾਲ ਹੁੰਦਾ ਹੈ ਜਾਂ ਉਨ੍ਹਾਂ ਦੇ ਦਬੰਗੀ ਹਮਾਇਤੀਆਂ ਦੀ ਕਿਰਪਾ ਨਾਲ, ਜਿਹੜੇ ਆਪਣੇ-ਆਪ ਨੂੰ ਸਥਾਨਕ ਚੁਣੇ ਹੋਏ ਨੁਮਾਇੰਦਿਆਂ ਨਾਲੋਂ ਵੱਡਾ ਅਤੇ ਤਾਕਤਵਰ ਸਮਝਦੇ ਹਨ। ਜੇਕਰ ਪਿੰਡ ਦਾ ਸਰਪੰਚ ਜਾਂ ਪੰਚਾਇਤ ਆਪਣੇ ਹੱਕਾਂ ਦੀ ਵਰਤੋਂ ਕਰਦਿਆਂ ਇਹਨਾਂ ਕੰਮਾਂ 'ਚ ਦਖ਼ਲ ਦਿੰਦੀ ਹੈ ਜਾਂ ਤਾਕਤਵਰ ਲੋਕਾਂ ਤੋਂ ਪਿੰਡਾਂ ਦੀਆਂ ਜ਼ਮੀਨਾਂ ਉੱਤੇ ਕੀਤੇ ਨਾਜਾਇਜ਼ ਕਬਜ਼ੇ ਛੁਡਾਉਣ ਲਈ ਯਤਨ ਕਰਦੀ ਹੈ ਤਾਂ ਉਸ ਨੂੰ ਤੰਗ-ਪ੍ਰੇਸ਼ਾਨ ਕਰਨ 'ਚ ਕੋਈ ਕਸਰ ਨਹੀਂ ਛੱਡੀ ਜਾਂਦੀ। ਇਸ ਗੱਲ ਦੇ ਬਾਵਜੂਦ ਕਿ ਦੇਸ਼ ਦੇ ਲੋਕਤੰਤਰ ਵਿੱਚ ਜੇਕਰ ਕੋਈ ਬਿਨਾਂ ਪਾਰਟੀ ਕਾਡਰ ਦੇ ਅਤੇ ਵਿਅਕਤੀਗਤ ਅਕਸ ਦੇ ਆਧਾਰ 'ਤੇ ਲੜੀ ਜਾਣ ਵਾਲੀ ਚੋਣ ਹੈ ਤਾਂ ਉਹ ਪੰਚਾਇਤਾਂ ਦੀ ਚੋਣ ਹੈ ਜਾਂ ਸਰਪੰਚ, ਪੰਚ ਦੀ ਚੋਣ ਹੁੰਦੀ ਹੈ, ਬਾਕੀ ਸਭ ਚੋਣਾਂ ਤਾਂ ਸਿਆਸੀ ਤੌਰ 'ਤੇ ਲੜੀਆਂ ਅਤੇ ਜਿੱਤੀਆਂ ਜਾਂਦੀਆਂ ਹਨ। ਇਹੋ ਜਿਹੀ ਸਥਿਤੀ ਵਿੱਚ ਇਹਨਾਂ ਚੁਣੇ ਹੋਏ ਨੁਮਾਇੰਦਿਆਂ ਦੀ ਵੁੱਕਤ ਸਿਫ਼ਰ ਕਰ ਦੇਣਾ ਕਿਹੋ ਜਿਹੇ ਲੋਕਤੰਤਰ ਦੀ ਨਿਸ਼ਾਨੀ ਹੈ?

ਜੇਕਰ ਸਮੁੱਚੇ ਦੇਸ਼ ਵਿੱਚ 73ਵੇਂ ਅਤੇ 74 ਵੇਂ ਸੋਧ ਬਿੱਲ ਨੂੰ ਠੀਕ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ, ਪੰਚਾਇਤਾਂ, ਸਰਪੰਚਾਂ ਨੂੰ ਪੂਰੇ ਅਧਿਕਾਰ ਦਿੱਤੇ ਜਾਂਦੇ ਹਨ ਤਾਂ ਸਥਾਨਕ ਸਰਕਾਰਾਂ ਇਲਾਕੇ ਦੇ ਵਿਧਾਇਕਾਂ ਤੋਂ ਆਜ਼ਾਦ ਹੋ ਜਾਣਗੀਆਂ, ਪਰ ਵਿਧਾਇਕ, ਵਿਧਾਨ ਸਭਾਵਾਂ ਆਪਣੀ ਹੋਂਦ ਦੇ ਬਚਾਅ ਲਈ ਇਹ ਕੁਝ ਹੋਣ ਨਹੀਂ ਦੇ ਰਹੀਆਂ, ਕਿਉਂਕਿ ਪਿੰਡ ਪੰਚਾਇਤਾਂ, ਸਰਪੰਚਾਂ ਦੀ ਸਹਾਇਤਾ ਬਿਨਾਂ ਕਿਸੇ ਵੀ ਵਿਅਕਤੀ ਦਾ ਐੱਮ ਐੱਲ ਏ ਬਣਨਾ ਸੰਭਵ ਨਹੀਂ ਹੈ। ਤਦੇ ਵਿਧਾਇਕ ਪੰਚਾਇਤਾਂ ਦੇ ਹੱਕ ਖੋਹ ਕੇ ਉਨ੍ਹਾਂ ਨੂੰ ਆਪਣੇ ਕੁੰਡੇ ਹੇਠ ਰੱਖਣ ਲਈ ਹਰ ਹਰਬਾ ਵਰਤਦੇ ਹਨ, ਉਹਨਾਂ ਨੂੰ ਆਪਣੇ ਪਾਲੇ 'ਚ ਕਰਨ ਲਈ ਸਰਕਾਰੀ ਗ੍ਰਾਂਟਾਂ ਦਾ ਲਾਲਚ ਦਿੰਦੇ ਹਨ, ਥਾਣੇ-ਕਚਹਿਰੀ ਉਹਨਾਂ ਦੇ ਗ਼ਲਤ-ਠੀਕ ਕੰਮ ਕਰਵਾਏ ਜਾਂਦੇ ਹਨ, ਆਪਣੇ ਨਾਲ ਉਹਨਾਂ ਨੂੰ ਜੋੜਨ ਲਈ ਯਤਨ ਕਰਦੇ ਹਨ। ਸਰਕਾਰੀ ਗ੍ਰਾਂਟਾਂ ਅਤੇ ਪਿੰਡ ਪੱਧਰ ਦੀਆਂ ਯੋਜਨਾਵਾਂ ਬਣਾਉਣ ਲਈ ਪਿੰਡਾਂ ਦੀਆਂ ਸਥਾਨਕ ਸਰਕਾਰਾਂ ਦੀ ਕੋਈ ਸੱਦ-ਪੁੱਛ ਨਹੀਂ ਹੁੰਦੀ, ਸਗੋਂ ਵਿਧਾਇਕ ਦੀ ਹੀ ਚੱਲਦੀ ਹੈ ਜਾਂ ਹਾਰੇ ਹੋਏ ਵਿਧਾਇਕ ਦੀ, ਜੋ ਹਾਕਮ ਧਿਰ ਨਾਲ ਸੰਬੰਧਤ ਹੁੰਦਾ ਹੈ। ਪਿੰਡ ਦੀ ਪੰਚਾਇਤ ਦਾ ਬੱਜਟ ਕਿੰਨਾ ਹੋਵੇਗਾ, ਉਸ ਨੂੰ ਕਿੰਨੀ ਗ੍ਰਾਂਟ ਮਿਲੇਗੀ, ਇਹ ਵਿਧਾਇਕ ਤੈਅ ਕਰਦਾ ਹੈ।

ਜੇਕਰ ਕਿਸੇ ਪਿੰਡ ਦੇ ਲੋਕਾਂ ਨੇ ਉਸ ਵਿਧਾਇਕ ਨੂੰ ਵੋਟ ਨਹੀਂ ਪਾਈ ਤਾਂ ਪੰਚਾਇਤ ਦੀ ਝੋਲੀ ਖ਼ਾਲੀ ਅਤੇ ਜੇਕਰ ਵੱਧ ਵੋਟ ਪਾਈ ਗਈ ਤਾਂ ਸਮਝੋ ਵਿਧਾਇਕ ਦੀ ਪੂਰੀ ਕਿਰਪਾ ਉਸ ਪਿੰਡ ਉੱਤੇ ਹੁੰਦੀ ਹੈ। ਕੀ ਇਹ ਹੱਕ ਪਿੰਡ ਦੇ ਚੁਣੇ ਹੋਏ ਸਰਪੰਚ ਤੇ ਪੰਚਾਇਤ ਦਾ ਨਹੀਂ ਕਿ ਉਹ ਲੋੜਾਂ ਅਨੁਸਾਰ ਯੋਜਨਾਵਾਂ ਬਣਾਏ, ਆਮਦਨ-ਖ਼ਰਚ ਤੈਅ ਕਰੇ? ਸਰਕਾਰ ਲੋੜਾਂ ਅਨੁਸਾਰ ਪਿੰਡ ਨੂੰ ਗ੍ਰਾਂਟ ਜਾਰੀ ਕਰੇ ਅਤੇ ਪਿੰਡ ਦਾ ਵਿਕਾਸ ਹੋਵੇ । ਪਿੰਡ ਦਾ ਅਰਥਚਾਰਾ ਸੁਧਰੇ, ਪਿੰਡ 'ਚ ਛੋਟੇ ਉਦਯੋਗ ਖੁੱਲ੍ਹਣ, ਪਿੰਡ ਲੋਕਾਂ ਦੀ ਭਰਪੂਰ ਸ਼ਮੂਲੀਅਤ ਨਾਲ ਆਪਣੀ ਤਰੱਕੀ ਆਪ ਕਰੇ, ਇਹ ਸਭ ਕੁਝ ਤਾਂ ਉੱਪਰਲਿਆਂ ਨੂੰ ਪ੍ਰਵਾਨ ਹੀ ਨਹੀਂ ਹੈ? ਤਦ ਫਿਰ ਪਿੰਡ ਤਰੱਕੀ ਕਿਵੇਂ ਕਰੇਗਾ? ਪਿੰਡ ਖ਼ੁਸ਼ਹਾਲ ਕਿਵੇਂ ਹੋਵੇਗਾ?

ਕੇਂਦਰ ਸਰਕਾਰ ਵੱਲੋਂ ਹਰ ਵਰ੍ਹੇ ਪੰਚਾਇਤਾਂ ਲਈ ਕੋਈ ਨਾ ਕੋਈ ਲੁਭਾਉਣੀ ਯੋਜਨਾ ਬਣਾਈ ਜਾਂਦੀ ਹੈ। ਪਿਛਲੇ ਸਾਲਾਂ 'ਚ ਸਰਕਾਰ ਨੇ ਪਿੰਡਾਂ ਪ੍ਰਤੀ ਕੁਝ ਸੰਜੀਦਗੀ ਵੀ ਦਿਖਾਈ ਹੈ। ਪਿੰਡਾਂ ਦੇ ਲੋਕਾਂ ਨੂੰ ਘੱਟੋ-ਘੱਟ 100 ਦਿਨ ਦਾ ਗਰੰਟੀ ਰੁਜ਼ਗਾਰ ਦੇਣ ਵਾਲੀ ਮਗਨਰੇਗਾ ਯੋਜਨਾ ਦੀ ਰਕਮ 'ਚ ਵਾਧਾ ਕੀਤਾ ਹੈ, ਗ੍ਰਾਮ ਪੰਚਾਇਤਾਂ ਲਈ ਕਰੋੜਾਂ ਰੁਪਏ ਦੀ ਵਿਵਸਥਾ 14 ਵੇਂ ਵਿੱਤ ਆਯੋਗ ਰਾਹੀਂ ਕੀਤੀ ਹੈ। ਇਸ ਦੇ ਤਹਿਤ ਦੇਸ਼ ਦੀ ਹਰੇਕ ਪੰਚਾਇਤ ਨੂੰ ਗੰਦੇ ਪਾਣੀ ਦੇ ਨਿਕਾਸ, ਗਲੀਆਂ-ਨਾਲੀਆਂ ਪੱਕੀਆਂ ਕਰਨ ਲਈ ਇੱਕ ਨਿਸ਼ਚਿਤ ਰਾਸ਼ੀ ਹਰ ਵਰ੍ਹੇ ਦਿੱਤੀ ਜਾਣੀ ਤੈਅ ਹੈ। ਪਿੰਡਾਂ 'ਚ ਪੀਣ ਵਾਲੇ ਪਾਣੀ, ਗ਼ਰੀਬ ਪਰਵਾਰਾਂ ਦੇ ਘਰਾਂ 'ਚ ਟਾਇਲਟਾਂ ਦੀ ਉਸਾਰੀ ਲਈ ਉਪਰਾਲੇ ਵੀ ਹੋ ਰਹੇ ਹਨ, ਪਰ ਇਸ ਵਿੱਚ ਵੱਡੀ ਰੁਕਾਵਟ ਗ੍ਰਾਮ ਪੰਚਾਇਤਾਂ ਨੂੰ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਸੁਤੰਤਰਤਾ ਨਾ ਦੇਣਾ ਹੈ।

ਮਹਾਤਮਾ ਗਾਂਧੀ ਨੇ ਦੇਸ਼ ਦੀ ਜਿਸ ਆਰਥਿਕ ਆਜ਼ਾਦੀ ਦਾ ਸੁਫ਼ਨਾ ਦੇਖਿਆ ਸੀ, ਉਸ ਦਾ ਕੇਂਦਰ-ਬਿੰਦੂ ਪਿੰਡ ਸਨ। ਉਹਨਾ ਦਾ ਮੰਨਣਾ ਸੀ ਕਿ ਦੇਸ਼ ਤਦੇ ਤਰੱਕੀ ਕਰੇਗਾ, ਜੇ ਪਿੰਡ ਤਰੱਕੀ ਕਰੇਗਾ। ਪਿੰਡ ਮੁੱਢਲੇ ਉਤਪਾਦਨ ਦਾ ਕੇਂਦਰ ਹਨ। ਪਿੰਡ ਉੱਤੇ ਹੀ ਦੇਸ਼ ਦੀ ਅਰਥ-ਵਿਵਸਥਾ ਦਾ ਬੋਝ ਹੈ, ਪਰ ਪਿੰਡ ਇਸ ਵੇਲੇ ਮਧੋਲਿਆ ਹੋਇਆ ਹੈ। ਇਸ ਦੀ ਆਰਥਿਕਤਾ ਨੀਵਾਣਾਂ ਵੱਲ ਹੈ। ਪਿੰਡ ਬੇਰੁਜ਼ਗਾਰੀ ਨਾਲ ਪਰੁੰਨਿਆ ਪਿਆ ਹੈ। ਪਿੰਡ ਵਿਕਾਸ ਦੇ ਪੱਖ ਤੋਂ ਊਣਾ ਹੈ। ਪਿੰਡ ਦੀ ਤਰੱਕੀ ਦੀਆਂ ਯੋਜਨਾਵਾਂ, ਪਿੰਡ ਦੇ ਸੁਧਾਰ ਲਈ ਯਤਨਾਂ ਨੂੰ ਫਲ ਤਦੇ ਲੱਗੇਗਾ, ਜੇਕਰ ਪਿੰਡ ਨਾਲ ਜੁੜੇ ਸਾਰੇ ਮੁੱਦੇ-ਮਸਲੇ ਗ੍ਰਾਮ ਸਭਾ ਅਤੇ ਪਿੰਡਾਂ ਦੇ ਸਰਪੰਚਾਂ, ਪੰਚਾਇਤਾਂ ਦੇ ਅਧਿਕਾਰ ਖੇਤਰ ਵਿੱਚ ਆਉਣਗੇ। ਨਿਹੱਥੀ ਪੰਚਾਇਤ, ਵਿੱਤੀ ਸਾਧਨਾਂ ਤੋਂ ਊਣੀ ਪੰਚਾਇਤ, ਅਧਿਕਾਰਾਂ ਤੋਂ ਵੰਚਿਤ ਪੰਚਾਇਤ ਕਿਸ ਕਿਸਮ ਦੀ ਸਥਾਨਕ ਸਰਕਾਰ ਹੈ?

ਗ੍ਰਾਮ ਸਭਾਵਾਂ ਨਾਲ ਸੰਬੰਧਤ ਇਹ ਮੁੱਦੇ ਬਹੁਤੀ ਵੇਰ ਦੇਸ਼ 'ਚ ਕਰਵਾਏ ਜਾਂਦੇ ਸੰਮੇਲਨਾਂ 'ਚ ਜ਼ੋਰ-ਸ਼ੋਰ ਨਾਲ ਉਠਾਏ ਜਾਂਦੇ ਹਨ, ਵਿਚਾਰੇ ਵੀ ਜਾਂਦੇ ਹਨ, ਪਰ ਬਾਅਦ ਵਿੱਚ ਨਿਰਾਸ਼ਾ ਹੀ ਹੱਥ ਲੱਗਦੀ ਹੈ, ਕਿਉਂਕਿ ਸਰਕਾਰਾਂ ਇਹਨਾਂ ਮੁੱਦਿਆਂ ਪ੍ਰਤੀ ਸੰਜੀਦਾ ਨਹੀਂ ਹਨ। ਮੌਜੂਦਾ ਹਾਕਮ ਧਿਰ ਅਤੇ ਬਹੁਤੀਆਂ ਸਿਆਸੀ ਪਾਰਟੀਆਂ ਕਹਿਣ ਨੂੰ ਤਾਂ ਸਥਾਨਕ ਸਰਕਾਰਾਂ ਨੂੰ ਆਪਣੇ ਬਲਬੂਤੇ ਕੰਮ ਕਰਨ ਦੇਣ ਦੀ ਵਕਾਲਤ ਕਰਦੀਆਂ ਹਨ, ਪਰ ਅਸਲੋਂ ਉਹਨਾਂ ਦੀਆਂ ਤਾਕਤਾਂ ਨੂੰ ਖੋਰਨ ਜਾਂ ਆਪਣੇ ਹੱਥ ਰੱਖਣ ਨੂੰ ਹੀ ਤਰਜੀਹ ਦਿੰਦੀਆਂ ਹਨ।

ਪਿੰਡ ਦੀ ਗ੍ਰਾਮ ਸਭਾ ਦੇ ਜ਼ਿੰਮੇ ਵੱਡੇ ਕੰਮ ਹਨ : ਪਿੰਡ ਦਾ ਸਾਲਾਨਾ ਬੱਜਟ ਪਾਸ ਕਰਨਾ, ਵਿਕਾਸ ਪ੍ਰੋਗਰਾਮਾਂ ਨੂੰ ਪ੍ਰਵਾਨਗੀ ਦੇਣਾ, ਪਿੰਡ ਨਾਲ ਸੰਬੰਧਤ ਵਿਕਾਸ ਸਕੀਮਾਂ ਨੂੰ ਲਾਗੂ ਕਰਨ ਲਈ ਲਾਭ-ਪਾਤਰੀਆਂ ਦੀ ਪਛਾਣ ਕਰਵਾਉਣੀ, ਆਦਿ। ਪਿੰਡ ਦੀ ਗ੍ਰਾਮ ਸਭਾ ਵੱਲੋਂ ਚੁਣੀ ਗਈ ਅਤੇ ਸਰਕਾਰੀ ਬੱਜਟ ਵਿੱਚ ਨੋਟੀਫਾਈ ਕੀਤੀ ਗਈ ਗ੍ਰਾਮ ਪੰਚਾਇਤ ਮਾਨਤਾ ਪ੍ਰਾਪਤ ਸੰਸਥਾ ਹੁੰਦੀ ਹੈ, ਜਿਸ ਦੀ ਆਪਣੀ ਮੋਹਰ ਹੁੰਦੀ ਹੈ ਅਤੇ ਐਕਟ ਜਾਂ ਕਿਸੇ ਹੋਰ ਕਨੂੰਨ ਦੁਆਰਾ ਨਿਯੰਤਰਣ ਦੇ ਅਧੀਨ ਰਹਿੰਦਿਆਂ ਇਸ ਨੂੰ ਚੱਲ ਜਾਂ ਅਚੱਲ ਜਾਇਦਾਦ ਨੂੰ ਹਾਸਲ ਕਰਨ, ਰੱਖਣ ਅਤੇ ਪ੍ਰਬੰਧ ਚਲਾਉਣ ਜਾਂ ਤਬਦੀਲ ਕਰਨ, ਸਮਝੌਤੇ ਕਰਨ ਅਤੇ ਉਕਤ ਨਾਂਅ ਹੇਠ ਮੁਕੱਦਮੇ ਚਲਾਉਣ ਜਾਂ ਮੁਕੱਦਮਾ ਕਰਨ ਦਾ ਅਧਿਕਾਰ ਹੁੰਦਾ ਹੈ। ਭਾਵ ਕਨੂੰਨ ਅਨੁਸਾਰ ਇਹ ਸਥਾਨਕ ਸਰਕਾਰ ਹੈ, ਪਰ ਇਸ ਦੀਆਂ ਤਾਕਤਾਂ ਕੇਂਦਰ ਅਤੇ ਸੂਬੇ ਦੀਆਂ ਸਰਕਾਰਾਂ ਵੱਲੋਂ ਸਿੱਧੇ-ਅਸਿੱਧੇ ਢੰਗ ਨਾਲ ਖੋਹੀਆਂ ਗਈਆਂ ਹਨ ਜਾਂ ਖੋਹੀਆਂ ਜਾ ਰਹੀਆਂ ਹਨ।

ਅੱਜ ਪੇਂਡੂ ਵਿਕਾਸ ਅਤੇ ਦੇਸ਼ ਦੀ ਭੈੜੀ ਹੋ ਰਹੀ ਆਰਥਿਕਤਾ ਨੂੰ ਥਾਂ ਸਿਰ ਕਰਨ ਲਈ ਸਥਾਨਕ ਸਰਕਾਰਾਂ ਦੀ ਮਜ਼ਬੂਤੀ ਸਮੇਂ ਦੀ ਲੋੜ ਹੈ। ਪੰਚਾਇਤਾਂ ਉੱਤੇ ਬੇਲੋੜਾ ਸਰਕਾਰੀ ਪ੍ਰਭਾਵ ਖ਼ਤਮ ਕੀਤਿਆਂ ਹੀ ਉਹ ਆਜ਼ਾਦਾਨਾ ਢੰਗ ਨਾਲ ਕੰਮ ਕਰ ਸਕਦੀਆਂ ਹਨ। ਇਸ ਸੰਬੰਧੀ ਸਰਪੰਚਾਂ, ਪੰਚਾਇਤਾਂ ਨੂੰ ਵੀ ਇੱਕ-ਜੁੱਟ ਹੋ ਕੇ ਸਾਰਥਕ ਕਦਮ ਪੁੱਟਣੇ ਹੋਣਗੇ।

# ਬਲਾਤਕਾਰ, ਬਾਲ ਵਿਆਹ ਅਤੇ ਅਦਾਲਤੀ ਫ਼ੈਸਲਾ

**ਗੁਰਮੀਤ ਪਲਾਹੀ**

ਦੇਸ਼ ਦੀ ਸਰਵ-ਉਚ ਅਦਾਲਤ ਸੁਪਰੀਮ ਕੋਰਟ ਨੇ ਇੱਕ ਤੋਂ ਬਾਅਦ ਇੱਕ, ਚਾਰ ਬਹੁਤ ਹੀ ਮਹੱਤਵਪੂਰਨ ਫੈਸਲੇ ਪਿਛਲੇ ਕੁਝ ਸਮੇਂ 'ਚ ਦਿਤੇ ਹਨ। ਪਹਿਲਾ, ਨਿੱਜਤਾ, ਨਾਗਰਿਕ ਦਾ ਮੁਢਲਾ ਅਧਿਕਾਰ ਹੈ। ਦੂਜਾ ਤਿੰਨ ਤਲਾਕ ਦਾ ਮੁੱਦਾ ਅਤੇ ਤੀਸਰਾ ਸ਼ਾਦੀਸ਼ੁਦਾ ਨਾਬਾਲਿਗ ਲੜਕੀ ਨਾਲ ਸਰੀਰਕ ਸਬੰਧ ਨੂੰ ਬਲਾਤਕਾਰ ਦੀ ਸ਼੍ਰੇਣੀ ਵਿੱਚ ਰੱਖਣਾ ਅਤੇ ਚੌਥਾ ਹਰੇਕ ਲੇਖਕ ਨੂੰ ਆਪਣੇ ਵਿਚਾਰ ਰੱਖਣ ਦਾ ਬੁਨਿਆਦੀ ਹੱਕ ਹੈ।

ਨਿੱਜਤਾ ਨੂੰ ਮੁੱਢਲਾ ਅਧਿਕਾਰ ਮੰਨਣ 'ਚ ਇਨਕਾਰੀ ਹੋਈ ਮੌਜੂਦਾ ਸਰਕਾਰ ਨੇ ਆਖ਼ਿਰ ਨਿੱਜਤਾ ਦੇ ਅਧਿਕਾਰ ਨੂੰ ਮੁੱਢਲੇ ਅਧਿਕਾਰ ਵਜੋਂ ਪ੍ਰਵਾਨ ਕਰ ਲਿਆ। ਤਿੰਨ ਤਲਾਕ ਦੇ ਮੁੱਦੇ ਦਾ ਸਰਕਾਰ ਅਤੇ ਬਹੁਗਿਣਤੀ ਨੇਤਾਵਾਂ ਨੇ ਖੁਲ੍ਹੇ ਮਨ ਨਾਲ ਸਵਾਗਤ ਕੀਤਾ ਪਰ ਦੇਸ਼ ਦੇ ਲਗਭਗ ਸਾਰੇ ਸਿਆਸੀ ਨੇਤਾਵਾਂ ਨੇ ਸ਼ਾਦੀਸ਼ੁਦਾ ਨਾਬਾਲਿਗ ਲੜਕੀ ਨਾਲ ਸਰੀਰਕ ਸਬੰਧਾਂ ਦੇ ਮੁੱਦੇ ਨੂੰ ਗਰਮਜ਼ੋਸ਼ੀ ਨਾਲ ਤਾਂ ਕੀ ਨਰਮਜ਼ੋਸ਼ੀ ਨਾਲ ਵੀ ਜੀਅ ਆਇਆ ਨਹੀਂ ਕਿਹਾ ਕਿਉਂਕਿ ਇਹ ਮੁੱਦਾ ਉਹਨਾ ਨੂੰ ਜਨਤਾ ਦੀਆਂ ਵੋਟਾਂ ਲੈਣ ਵਾਲਾ ਪ੍ਰਤੀਤ ਨਹੀਂ ਹੋਇਆ। ਚੌਥੇ ਫੈਸਲੇ ਉਤੇ ਤਾਂ ਸਰਕਾਰ ਨੇ ਬੋਲਣਾ ਹੀ ਕੁਝ ਨਹੀਂ ਸੀ, ਕਿਉਂਕਿ ਵਿਚਾਰਾਂ ਦੀ ਆਜ਼ਾਦੀ ਉਤੇ ਥਾਂ-ਥਾਂ ਹਮਲੇ ਹੁੰਦੇ ਹਨ ਅਤੇ ਸਰਕਾਰ ਮੂੰਹ ਸੀਤੀ ਰੱਖਦੀ ਹੈ।

ਔਰਤ ਸਮਾਜ ਲਈ ਬਾਲ ਵਿਆਹ ਪੀੜਾ ਦਾਇਕ ਹੈ। ਬਾਲ ਵਿਆਹ ਕਾਰਨ ਲੜਕੀ ਨੂੰ ਮਾਨਸਿਕ ਅਤੇ ਸ਼ਰੀਰਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਔਰਤਾਂ ਦੀ ਇਸ ਤੋਂ ਵੱਡੀ ਵਿੰਡਬਨਾ ਕਿਹੜੀ ਹੋ ਸਕਦੀ ਹੈ ਕਿ ਆਜ਼ਾਦੀ ਦੇ ਸੱਤ ਦਹਾਕਿਆਂ ਬਾਅਦ ਵੀ ਉਹਨਾ ਦੇ ਬੁਨਿਆਦੀ ਹੱਕਾਂ ਲਈ ਦੇਸ਼ ਦੀ ਸਰਵਉੱਚ ਅਦਾਲਤ ਨੂੰ ਦਖਲ ਦੇਣਾ ਪਿਆ ਹੈ।

ਬਾਲ ਵਿਆਹ ਦੇ ਬਾਅਦ ਬਹੁਤੀਆਂ ਲੜਕੀਆਂ ਨੂੰ ਗੁਲਾਮਾਂ ਜਿਹਾ ਜੀਵਨ ਜੀਊਣਾ ਪੈਦਾ ਹੈ। ਭਾਰਤ ਵਿੱਚ ਦੇਸ਼ ਦੀਆਂ ਹੋਰ ਕੁਰੀਤੀਆਂ ਵਾਂਗਰ ਬਾਲ ਵਿਆਹ ਇੱਕ ਵੱਡੀ ਕੁਰੀਤੀ ਹੈ, ਜਿਸਦਾ ਕਾਰਨ ਅਨਪੜ੍ਹਤਾ ਅਤੇ ਗਰੀਬੀ ਹੈ। ਇਸ ਸਮੇਂ ਦੇਸ਼ ਵਿੱਚ ਪ੍ਰਾਪਤ ਅੰਕੜਿਆਂ ਅਨੁਸਾਰ ਦੇਸ਼ ਦੀਆਂ ਲਗਭਗ 43 ਫੀਸਦੀ ਲੜਕੀਆਂ ਦੀ ਸ਼ਾਦੀ 18 ਸਾਲ ਦੀ ਉਮਰ ਤੋਂ ਪਹਿਲਾਂ ਹੋ ਜਾਂਦੀ ਹੈ। ਇਹਨਾ ਬਾਲ ਵਿਆਹਾਂ ਵਿਚੋਂ ਵੱਡਾ ਹਿੱਸਾ ਉਹਨਾ ਲੜਕੀਆਂ ਦਾ ਹੈ, ਜਿਹਨਾ ਦਾ ਵਿਆਹ 15 ਸਾਲ ਦੀ ਉਮਰ ਵਿੱਚ ਹੀ ਕਰ ਦਿੱਤਾ ਜਾਂਦਾ ਹੈ। ਰਾਜਸਥਾਨ, ਮਹਾਂਰਾਸ਼ਟਰ, ਮੱਧ ਪ੍ਰਦੇਸ਼ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿੱਚ ਅੱਜ ਵੀ ਅਕਸ਼ੈ ਤੀਜ ਦੇ ਮੌਕੇ ਉਤੇ ਬਾਲ ਵਿਆਹ ਦੀ ਪਰੰਪਰਾ ਨਿਭਾਈ ਜਾਂਦੀ ਹੈ ਪਰ ਬਾਲ ਵਿਆਹਾਂ ਨੂੰ ਰੋਕਣ ਲਈ ਜਾਗੂਰਕ ਸਮਾਜ ਦਾ ਵੱਡਾ ਹਿੱਸਾ ਅੱਜ ਵੀ ਅਵੇਸਲਾ ਦਿਸਦਾ ਹੈ। ਸਰਕਾਰਾਂ ਬਾਲ ਵਿਆਹ ਸਬੰਧੀ ਬਣਾਏ ਕਾਨੂੰਨ ਦੇ ਬਾਵਜੂਦ ਇਸ ਭੈੜੀ ਰੀਤ ਨੂੰ ਰੋਕਣ 'ਚ ਅਸਮਰੱਥ ਦਿਖਾਈ ਦਿੰਦੀਆਂ ਹਨ। ਤਦੇ ਸੁਮਰੀਮ ਕੋਰਟ ਨੇ ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਨੂੰ ਕਿਹਾ ਹੈ ਕਿ ਉਹ ਬਾਲ ਵਿਆਹਾਂ ਨੂੰ ਰੋਕਣ ਦੀ ਦਿਸ਼ਾ 'ਚ ਤੇਜ਼ੀ ਨਾਲ ਅਤੇ ਦ੍ਰਿੜਤਾ ਨਾਲ ਕਦਮ ਉਠਾਉਣ।

ਸਰਕਾਰਾਂ ਦੀ ਇਹ ਅਸੰਵੇਦਨਸ਼ੀਲਤਾ ਹੀ ਕਹੀ ਜਾ ਸਕਦੀ ਹੈ ਕਿ ਪਰੰਪਰਾ ਦੇ ਬਹਾਨੇ ਇਸ ਸਮਾਜਿਕ ਬੁਰਾਈ ਨੂੰ ਰੋਕਣ ਲਈ ਕੋਈ ਹਿੰਮਤ ਨਹੀਂ ਦਿਖਾਈ। ਇਹ ਸਰਕਾਰ ਭਾਵੇਂ ਯੂ.ਪੀ.ਏ. ਸਰਕਾਰ ਸੀ ਜਾਂ ਐਨ.ਡੀ.ਏ. ਦੀ ਸਰਕਾਰ, ਦੋਹਾਂ ਸਰਕਾਰਾਂ ਦੀ ਮੌਲਿਕ ਸੋਚ ਵਿੱਚ ਬਾਲ ਵਿਆਹਾਂ ਸਬੰਧੀ ਕੋਈ ਫਰਕ ਦੇਖਣ ਨੂੰ ਨਹੀਂ ਮਿਲਿਆ। ਮੌਜੂਦਾ ਹਾਕਮਾਂ ਨੇ ਅਦਾਲਤ ਵਿੱਚ ਇਹ ਦਲੀਲ ਦਿੱਤੀ ਕਿ ਬਾਲ ਵਿਆਹ ਪਰੰਪਰਾ ਸਦੀਆਂ ਤੋਂ ਚਲੀ ਆ ਰਹੀ ਹੈ ਇਸ ਲਈ ਸੰਸਦ ਵੀ ਇਸ ਨੂੰ ਪ੍ਰਵਾਨਤ ਕਰਦੀ ਹੈ। ਪਰ ਇਸ ਤੋਂ ਵੱਡੀ ਹਾਸੋਹੀਣੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਪਰੰਪਰਾ ਦੀ ਦਲੀਲ ਉਹੀ ਸਰਕਾਰ ਅਦਾਲਤ ਵਿੱਚ ਦੇ ਰਹੀ ਹੈ, ਜਿਸਨੇ ਕੁਝ ਸਮਾਂ ਪਹਿਲਾਂ ਮੁਸਲਿਮ ਧਰਮ ਵਿੱਚ ਚਾਲੂ ਤਿੰਨ ਤਲਾਕ ਦੀ ਗਲਤ ਪਰੰਪਰਾ ਨੂੰ ਖਤਮ ਕਰਨ ਲਈ ਅਦਾਲਤ ਵਿੱਚ ਪੂਰਾ ਟਿੱਲ ਲਗਾ ਦਿੱਤਾ। ਅਸਲ ਵਿੱਚ ਹਾਕਮਾਂ ਵਲੋਂ ਜਦੋਂ ਅਧਿਕਾਰਾਂ ਅਤੇ ਸਮਾਜਿਕ ਬੁਰਾਈਆਂ ਨੂੰ ਧਰਮ ਦੀ ਐਨਕ ਨਾਲ ਵੇਖਿਆ ਜਾਂਦਾ ਹੈ ਤਾਂ ਧਰਮ ਗੁਰੂਆਂ ਦਾ ਵੀ ਉਹਨਾ ਨੂੰ ਸਮਰਥਨ ਮਿਲ ਜਾਂਦਾ ਹੈ। ਮੁਸਲਿਮ ਧਰਮ ਵਾਲੇ ਬਾਲ ਵਿਆਹ ਨੂੰ ਨਿਆ ਸੰਗਤ ਮੰਨਦੇ ਹਨ। ਉਹਨਾ ਨੇ ਅਦਾਲਤ ਦੇ ਇਸ ਫੈਸਲੇ ਨੂੰ ਇਸਲਾਮ ਲਈ ਖਤਰਾ ਕਰਾਰ ਦਿਤਾ ਹੈ। ਇਸੇ ਤਰ੍ਹਾਂ ਹਿੰਦੂ ਸਮਾਜ ਵਿੱਚ ਇਹ ਮਾਨਤਾ ਹੈ ਕਿ ਬਾਲਿਕਾ ਦੀ ਮਹਾਵਾਰੀ ਆਉਣ ਤੋਂ ਪਹਿਲਾਂ ਜੇਕਰ ਕੰਨਿਆ ਦਾਨ ਕਰ ਦਿੱਤਾ ਜਾਵੇ ਤਾਂ ਇਸਦਾ ਵੱਡਾ ਪੁੰਨ ਮਿਲਦਾ ਹੈ। ਕੀ ਇਹ ਸਾਰੀਆਂ ਗੱਲਾਂ, ਇਹ ਸਾਰੀਆਂ ਪਰੰਪਰਾਵਾਂ, ਇਹ ਸਾਰੀਆਂ ਸਮਾਜਿਕ ਕੁਰੀਤੀਆਂ ਮਰਦ ਪ੍ਰਧਾਨ ਸਮਾਜ ਦੀ ਔਰਤ ਵਿਰੋਧੀ ਸੋਚ ਦਾ ਨਤੀਜਾ ਨਹੀਂ ਔਰਤਾਂ ਦੇ ਮਰਦਾਂ ਦੀ ਮੌਤ ਵੇਲੇ ਸਤੀ ਹੋਣ ਦੀ ਰਸਮ ਵਾਂਗਰ?

ਬਾਲ ਵਿਆਹ ਨੂੰ ਰੋਕਣ ਲਈ ਦੇਸ਼ ਵਿੱਚ ਬਹੁਤ ਸਾਰੇ ਕਨੂੰਨ ਬਣੇ। ਬ੍ਰਿਟਿਸ਼ ਰਾਜ ਵੇਲੇ ਪਹਿਲਾ ਕਾਨੂੰਨ 1929 ਵਿੱਚ ਬਣਿਆ। ਇਸ ਕਾਨੂੰਨ ਵਿੱਚ ਸਮੇਂ-ਸਮੇਂ ਸੋਧਾਂ ਹੋਈਆਂ। ਬਾਲ ਵਿਆਹ ਰੋਕੂ ਕਾਨੂੰਨ ਅਤੇ ਹਿੰਦੂ ਮੈਰਿਜ ਐਕਟ ਅਨੁਸਾਰ ਲੜਕੀ ਦੀ ਵਿਆਹ ਦੀ ਉਮਰ 18 ਸਾਲ ਅਤੇ ਲੜਕੇ ਦੀ ਉਮਰ 21 ਸਾਲ ਮਿਥੀ ਗਈ। ਪਰ 2011 ਦੀ ਮਰਦਮਸ਼ੁਮਾਰੀ 'ਚ ਇਹ ਤੱਥ ਸਾਹਮਣੇ ਆਏ ਕਿ ਜਿੰਨੀਆਂ ਵੀ ਸ਼ਾਦੀਆਂ 2001 ਤੋਂ 1011 ਦੇ ਦਰਮਿਆਨ ਹੋਈਆਂ,ਉਸ ਵਿਚੋਂ ਹਰ ਪੰਜਵੀਂ ਸ਼ਾਦੀ ਗੈਰ ਕਾਨੂੰਨੀ ਸੀ ਕਿਉਂਕਿ ਸ਼ਾਦੀ ਕਰਨ ਵਾਲੀਆਂ ਲੜਕੀਆਂ ਦੀ ਉਮਰ 18 ਸਾਲ ਤੋਂ ਘੱਟ ਸੀ। ਇਹ ਤੱਥ ਨੈਸ਼ਨਲ ਫੈਮਿਲੀ ਹੈਲਥ ਸਰਵੇ ਨੇ ਵੀ ਉਜਾਗਰ ਕੀਤੇ ਕਿ 26.8 ਫੀਸਦੀ ਔਰਤਾਂ ਦੀ ਸ਼ਾਦੀ 18 ਸਾਲ ਦੀ ਉਮਰ ਤੋਂ ਪਹਿਲਾਂ ਹੋਈ। ਇਹ ਹੈਰਾਨੀਜਨਕ ਤੱਥ ਵੀ ਇਸ ਰਿਪੋਰਟ 'ਚ ਸਾਹਮਣੇ ਆਇਆ ਕਿ 8 ਫੀਸਦੀ 15 ਤੋਂ 19 ਸਾਲ ਦੀ ਉਮਰ ਦੀਆਂ ਲੜਕੀਆਂ ਜਾਂ ਤਾਂ ਗਰਭਵਤੀ ਬਣ ਗਈਆਂ ਜਾਂ ਮਾਂ ਬਣ ਗਈਆਂ। ਬਾਲ ਵਿਆਹਾਂ ਬਾਰੇ ਕੇਂਦਰ ਸਰਕਾਰ ਨੇ ਵੀ ਅਦਾਲਤ ਵਿੱਚ ਹਲਫੀਆ ਬਿਆਨ ਦਿੱਤਾ ਕਿ 2.3 ਕਰੋੜ ਲੜਕੀਆਂ, ਵਿਆਹ ਦੇ ਬੰਧਨ ਵਿੱਚ 18 ਸਾਲ ਦੀ ਉਮਰ ਤੋਂ ਪਹਿਲਾਂ ਹੀ ਬੱਝ ਗਈਆਂ। ਸੰਯੁੱਕਤ ਰਾਸ਼ਟਰ ਨੇ ਵੀ ਇਹਨਾ ਦਿਨਾਂ 'ਚ ਇੱਕ ਰਿਪੋਰਟ ਛਾਇਆ ਕੀਤੀ ਹੈ, ਜਿਸ ਨਾਲ ਭਾਰਤ ਬਾਲ ਵਿਆਹ ਦੇ ਮਾਮਲੇ 'ਚ ਦੁਨੀਆ ਭਰ 'ਚ ਦੂਜੇ ਸਥਾਨ ਉਤੇ ਹੈ, ਜਿਥੇ ਨਿਰੰਤਰ ਬਾਲ ਵਿਆਹ ਹੁੰਦੇ ਹਨ।

ਬਾਲ ਵਿਆਹਾਂ ਸਬੰਧੀ ਸਰਵ ਅਦਾਲਤ ਦਾ ਫੈਸਲਾ ਦੇਸ਼ ਦੀ ਅੱਧੀ ਆਬਾਦੀ ਦੇ ਹੱਕ ਵਿੱਚ ਹੈ। ਉਹ ਆਬਾਦੀ ਜਿਸਦਾ ਹਰ ਖੇਤਰ ਵਿੱਚ ਲਗਾਤਾਰ ਸ਼ੋਸ਼ਣ ਹੋ ਰਿਹਾ ਹੈ। ਜਿਸ ਨੂੰ ਕੰਮ ਬਦਲੇ ਪੂਰੀ ਤਨਖਾਹ ਨਹੀਂ ਮਿਲਦੀ। ਜਿਸ ਨੂੰ ਜਾਇਦਾਦ ਦੇ ਅਧਿਕਾਰ ਨਹੀਂ ਮਿਲੇ ਹੋਏ। ਜਿਹੜੀ ਬਾਵਜੂਦ ਘਰ ਲਈ ਕੀਤੀ ਵੱਡੀ ਮਿਹਨਤ ਦੇ ਘਰ ਦੀ ਮਾਲਕਣ ਨਹੀਂ ਕਹੀ ਜਾਂਦੀ। ਇਹ ਠੀਕ ਹੈ ਕਿ ਇਸ ਅਦਾਲਤੀ ਫੈਸਲੇ ਨਾਲ ਔਰਤਾਂ ਨੂੰ ਤੁਰੰਤ ਕੋਈ ਲਾਭ ਮਿਲਣ ਵਾਲਾ ਨਹੀਂ ਪਰ ਇਸ ਦੇ ਦੂਰਗਾਮੀ ਸਿੱਟੇ ਨਿਕਲਣਗੇ। ਇਸ ਫੈਸਲੇ ਦੇ ਸਹਾਰੇ ਲੜਕੀ ਆਪਣੇ ਹੱਕਾਂ ਲਈ ਕਾਨੂੰਨੀ ਛਤਰੀ ਪ੍ਰਾਪਤ ਕਰ ਸਕਦੀ ਹੈ। ਛੋਟੀ ਉਮਰ 'ਚ ਵਿਆਹੀਆਂ ਲੜਕੀਆਂ ਆਪਣੇ ਪਤੀ ਦੀ ਸਰੀਰਕ ਹਿੰਸਾ ਦਾ ਵਿਰੋਧ ਕਰ ਸਕਣਗੀਆਂ। ਸੰਭਾਵਨਾ ਇਸ

# ਨਗਰ ਕੀਰਤਨ ਯੂਬਾ ਸਿਟੀ



ਚਰਨਜੀਤ ਸਿੰਘ ਪੰਨੂ

'ਜਿੱਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ..।' ਮੁਤਾਬਿਕ ਜਿੱਥੇ ਗੁਰੂ ਗ੍ਰੰਥ ਸਾਹਿਬ ਸ਼ਸ਼ੋਭਿਤ ਕੀਤਾ ਜਾਂਦਾ ਹੈ, ਉਹ ਜਗ੍ਹਾ ਪਵਿੱਤਰ ਪੂਜਣਯੋਗ ਹੋ ਜਾਂਦੀ ਹੈ ਤੇ ਉਸ ਨੂੰ ਗੁਰਦੁਆਰਾ ਕਹਿੰਦੇ ਹਨ। ਇਹ ਸਥਾਨ ਗੁਰੂ ਤੱਕ ਪਹੁੰਚਣ ਦਾ ਇੱਕ ਧਰਮ-ਮਾਰਗ ਬਣ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਇੱਥੇ ਬੜੇ ਆਦਰ ਸਤਿਕਾਰ ਨਾਲ ਚੰਦੋਏ, ਚਾਨਣੀ ਜਾਂ ਪਾਲਕੀ ਹੇਠ ਪਵਿੱਤਰ ਸਥਾਨ ਤੇ ਬਿਠਾਇਆ ਜਾਂਦਾ ਹੈ। ਕੇਸਰੀ ਨਿਸ਼ਾਨ ਸਾਹਿਬ ਗੁਰਦੁਆਰੇ ਦੀ ਵਿਸ਼ੇਸ਼ ਨਿਸ਼ਾਨੀ ਹੈ ਤੇ ਇਹ ਦੂਰੋਂ ਹੀ ਨਜ਼ਰੀ ਪੈ ਜਾਂਦਾ ਹੈ। ਗੁਰੂ ਨਾਨਕ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਲੋਕ ਸਿੱਖ ਕਹਾਉਂਦੇ ਹਨ। ਇਸ ਵੇਲੇ ਦੁਨੀਆ ਭਰ ਵਿਚ 26 ਮਿਲੀਅਨ ਲੋਕ ਸਿੱਖ ਮੱਤ ਦੇ ਅਨੁਆਈ ਹਨ। ਇਸ ਸੰਸਾਰ ਦਾ ਪੰਜਵਾਂ ਸਭ ਤੋਂ ਵੱਡਾ ਖ਼ੁਦਮੁਖ਼ਤਾਰ ਧਰਮ ਹੈ। ਇਸ ਦਾ ਹਿੰਦੂ ਧਰਮ ਜਾਂ ਇਸਲਾਮ ਨਾਲ ਕੋਈ ਲਿੰਕ ਜਾਂ ਵਾਹ-ਵਾਸਤਾ ਨਹੀਂ।

ਗੁਰਦੁਆਰਾ ਸਿੱਖ ਕੌਮ ਦਾ ਬਹੁ-ਮੰਤਵੀ ਧੁਰਾ ਹੈ, ਜਿੱਥੇ ਸ਼ਰਧਾਲੂ ਇਕੱਠੇ ਹੋ ਕੇ ਆਪਣੇ ਧਾਰਮਿਕ ਤੇ ਸਮਾਜਕ ਮਸਲੇ ਹੱਲ ਕਰਨ ਲਈ ਗੁਰੂ ਦਾ ਓਟ ਆਸਰਾ ਲੈਂਦੇ ਹਨ। ਗੁਰੂ ਨਾਨਕ ਦੇਵ ਆਪਣੇ ਸਿੱਖ ਫ਼ਲਸਫ਼ੇ ਨੂੰ ਦੂਰ ਨੇੜੇ ਪ੍ਰਚਾਰਨ ਵਾਸਤੇ ਚਾਰ ਉਦਾਸੀਆਂ ਤੇ ਨਿਕਲ ਪਏ। ਉਹ ਜਿੱਥੇ ਜਿੱਥੇ ਵੀ ਰਸਤੇ ਵਿਚ ਠਹਿਰਦੇ, ਰਾਤਾਂ ਗੁਜ਼ਾਰਦੇ, ਲੋਕਾਂ ਤਾਈਂ ਸਲਾਹ ਮਸ਼ਵਰਾ ਕਰਦੇ ਧਰਮ ਦੀ ਸਿੱਖਿਆ ਦਿੰਦੇ, ਉਸ ਦਾ ਨਾਂ ਧਰਮਸਾਲਾ ਪੈ ਜਾਂਦਾ। ਇਹ ਥਾਵਾਂ ਸਰਾਂਵਾਂ ਧਰਮਸ਼ਾਲਾ ਆਉਂਦੇ ਜਾਂਦੇ ਰਾਹੀਆਂ ਨੂੰ ਠਹਿਰਾਉਣ ਦੀ ਠਾਹਰ ਦਿੰਦੀਆਂ ਤੇ ਭੋਜਨ ਛਕਾਉਣ ਦਾ ਆਹਰ ਕਰਦੀਆਂ ਸਨ।

ਉਂਨ੍ਹੀਵੀਂ ਸਦੀ ਦੇ ਪਹਿਲੇ ਦਹਾਕੇ ਆਪਣੇ ਘਰ ਘਾਟ ਛੱਡ ਕੇ ਬਿਹਤਰ ਜੀਵਨ ਦੀ ਤਲਾਸ਼ ਵਿਚ ਅਮਰੀਕਾ ਪਹੁੰਚੇ ਨਵੇਂ ਓਪਰੇ ਬੰਦਿਆਂ ਨੂੰ ਜਦ ਹੋਰ ਕੋਈ ਝਾਲੂ ਨਾ ਮਿਲਿਆ ਤਾਂ ਉਨ੍ਹਾਂ ਆਪਣੀ ਇਸ ਮੁਸ਼ਕਲ ਦੇ ਹੱਲ ਵਾਸਤੇ ਗੁਰਦੁਆਰਾ ਬਣਾਉਣ ਦੀ ਸੋਚੀ ਤੇ ਉਹ ਕਾਮਯਾਬ ਹੋਏ। ਭਾਰਤ ਪੰਜਾਬ ਤੋਂ ਅਮਰੀਕਾ ਵੱਲ ਆਏ ਇਹ ਯਾਤਰੀ ਜੋ ਬਾਅਦ ਵਿਚ ਗ਼ਦਰੀ ਬਾਬੇ ਕਹਾਏ ਨੂੰ ਵੀ ਸਟਾਕਟਨ ਗੁਰਦੁਆਰੇ ਨੇ ਹਰ ਕਿਸਮ ਦੀ ਸਹਾਇਤਾ ਤੇ ਪਨਾਹ ਪ੍ਰਦਾਨ ਕੀਤੀ। ਇੱਥੋਂ ਹੀ ਗੁਰਮਤੇ, ਸਲਾਹ ਵਿਚਾਰਾਂ ਕਰ ਕੇ ਉਹ ਆਪਣੇ ਕੰਮਾਂ ਕਾਰਾਂ, ਪੜ੍ਹਾਈ ਬਾਰੇ ਜਾਂ ਪਿੱਛੇ ਭਾਰਤ ਦੀ ਵਿਦੇਸ਼ੀ ਹਕੂਮਤ ਦੀਆਂ ਜੜ੍ਹਾਂ ਕੱਟਣ ਦੇ ਮਨਸੂਬੇ ਬਣਾ ਕੇ ਤਿਆਰ ਹੋਏ ਸਨ।

ਅਮਰੀਕਾ ਵਿਚ ਪਹਿਲਾ ਗੁਰਦੁਆਰਾ ਸਤੰਬਰ 1912 ਵਿਚ ਸਰਦਾਰ ਵਿਸਾਖਾ ਸਿੰਘ ਅਤੇ ਸਰਦਾਰ ਭਾਈ ਜਵਾਲਾ ਸਿੰਘ ਠੱਠੀਆਂ ਨੇ ਸਾਊਥ ਗ੍ਰੰਥ ਸਟਰੀਟ ਸਟਾਕਟਨ ਵਿਖੇ ਜ਼ਮੀਨ ਖ਼ਰੀਦ ਕੇ ਸ਼ੁਰੂ ਕੀਤਾ। ਇੱਥੋਂ ਹੀ ਪੈਸੇ ਫ਼ੰਡ ਇਕੱਤਰ ਕਰ ਕੇ ਬਰਤਾਨਵੀ ਹਕੂਮਤ ਨੂੰ ਭਾਰਤ ਤੋਂ ਭਾਂਜ ਦੇਣ ਲਈ ਮਾਇਆ, ਜਥੇ ਤੇ ਹਥਿਆਰ ਭੇਜਦੇ ਰਹੇ। ਹੁਣ ਇਸ ਇਮਾਰਤ ਦਾ ਬਹੁਤ ਵਿਸਥਾਰ ਹੋ ਚੁੱਕਾ ਹੈ ਤੇ ਪਹਿਲੇ ਗੁਰਦੁਆਰੇ ਦੀ ਥਾਂ ਹੁਣ ਲਾਇਬਰੇਰੀ ਹੈ।

1920 ਤੱਕ ਅਮਰੀਕਾ ਵਿਚ ਸਿੱਖਾਂ ਦੀ ਗਿਣਤੀ ਕੇਵਲ 6400 ਦੇ ਕਰੀਬ ਸੀ ਤੇ ਉਹ ਸਾਰੇ ਸਿੰਗਲ ਛੜੇ-ਛਾਂਟ ਹੀ ਸਨ। ਹੁਣ ਅਮਰੀਕਾ ਵਿਚ ਸਿੱਖਾਂ ਦੀ ਕੁੱਲ ਆਬਾਦੀ ਅੱਠ ਲੱਖ ਦੇ ਕਰੀਬ ਹੈ, ਜਿਸ ਵਿਚੋਂ ਇਕੱਲੇ ਕੈਲੀਫੋਰਨੀਆ ਸੂਬੇ ਵਿਚ ਤਿੰਨ ਲੱਖ ਤੋਂ ਵਧੇਰੇ ਹੈ। ਬਰਕਲੇ, ਸੈਨਫ੍ਰਾਂਸਿਸਕੋ, ਸਟਾਕਟਨ, ਬੇਕਰਫੀਲਡ, ਸੈਕਰਾਮੈਂਟੋ, ਰਿਚਮੰਡ ਹਿੱਲ, ਪੋਰਟਲੈਂਡ, ਬਾਲਟੀਮੋਰ, ਸ਼ਿਕਾਗੋ, ਨਿਊਯਾਰਕ, ਅਟਲਾਂਟਾ, ਸਿਆਟਲ, ਡੈਟਰਾਇਟ ਅਤੇ ਨਿਊ ਮੈਕਸੀਕੋ ਵਿਖੇ ਸਿੱਖਾਂ ਦੀ ਸੰਘਣੀ ਆਬਾਦੀ ਹੈ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਬਹੁਤ ਸਾਰੇ ਸਿੱਖ ਇੱਧਰ ਪਹੁੰਚ ਚੁੱਕੇ ਸਨ। ਆਪਣੀ ਆਦਤ ਅਨੁਸਾਰ ਮਹਿੰਗੇ ਸਸਤੇ ਰੇਟ ਤੇ ਕੰਮ ਕਰ ਕੇ ਉਹ ਸਥਾਨਕ ਮਜ਼ਦੂਰਾਂ ਤੇ ਹਾਵੀ ਹੋ ਗਏ। ਆਰਥਿਕ ਪੱਖੋਂ ਆਪਣੇ ਨਾਲੋਂ ਜ਼ਿਆਦਾ ਅਮੀਰ ਵੇਖ ਕੇ ਸਥਾਨਕ ਮਜ਼ਦੂਰ ਸਾਥੀ ਨਾਰਾਜ਼ ਹੋ ਗਏ। ਜਿਸ ਕਾਰਨ ਕਈ ਵੇਰਾਂ ਝੜਪਾਂ ਹੋਈਆਂ। ਸਥਾਨਕ ਮਜ਼ਦੂਰਾਂ ਨੇ ਈਰਖਾਵਸ ਸਿੱਖਾਂ ਪਰਤੀ ਘ੍ਰਿਣਾ ਫੈਲਾਉਣੀ ਸ਼ੁਰੂ ਕਰ ਦਿੱਤੀ। ਸਰਕਾਰ ਨੇ ਉਨ੍ਹਾਂ ਵਾਸਤੇ ਕਾਨੂੰਨ ਸਖ਼ਤ ਕਰ ਦਿੱਤੇ। ਮੰਦੀ ਦਾ ਦੌਰ ਸ਼ੁਰੂ ਹੋ ਗਿਆ। ਸਥਾਨਕ ਜਥੇਬੰਦੀਆਂ ਦੇ ਵਿਦਰੋਹ ਕਾਰਨ ਸਰਕਾਰ ਨੇ ਵੀ ਸਖ਼ਤ ਕਾਨੂੰਨ ਬਣਾ ਕੇ ਇਨ੍ਹਾਂ ਮਿਹਨਤਕਸ਼ ਆਵਾਸੀਆਂ ਨੂੰ ਲਗਾਮ ਪਾ ਦਿੱਤੀ। ਬਹੁਤ ਸਾਰੇ ਮਜ਼ਦੂਰ ਬੇਕਾਰ ਹੋ ਗਏ।

1912 ਵਿਚ ਸਟਾਕਟਨ ਵਿਖੇ ਖ਼ਾਲਸਾ ਦੀਵਾਨ ਸੋਸਾਇਟੀ ਦੀ ਸਥਾਪਨਾ ਕੀਤੀ ਗਈ, ਜਿਸ ਨੇ ਸਿੱਖਾਂ ਦੀਆਂ ਜਮਹੂਰੀ ਮੰਗਾਂ ਬਾਰੇ ਸਥਾਨਕ ਸਰਕਾਰ ਨਾਲ ਮੋਰਚੇ ਵਿੱਢ ਦਿੱਤੇ ਤੇ ਨਾਲ ਭਾਰਤ ਵਿਚ ਅੰਗਰੇਜ਼ ਭਜਾਓ ਮੁਹਿੰਮ ਦੀ ਵੀ ਸ਼ੁਰੂਆਤ ਕਰ ਕੇ ਦੇਸ਼ ਭਗਤ ਗ਼ਦਰੀ ਯੋਧਿਆਂ ਦੇ ਮਨਾਂ ਅੰਦਰ ਆਜ਼ਾਦੀ ਦੀ ਚੁਆਤੀ ਛੁਹਾ ਦਿੱਤੀ। ਇਸ ਔਖੀ ਘੜੀ ਵਿਚ ਗੁਰਦੁਆਰੇ ਉਨ੍ਹਾਂ ਦੀ ਰੱਖਿਆ ਕਰਦੇ ਠਾਹਰ ਬਣਦੇ ਰਹੇ। ਐਲਸਬਰਾਂਟੇ ਗੁਰਦੁਆਰੇ ਦਾ ਵੀ ਸਿੱਖ ਸੰਘਰਸ਼ ਵਿਚ ਬੜਾ ਭਾਰੀ ਯੋਗਦਾਨ ਹੈ। ਨਾਸਾਜ਼ਗਾਰ ਹਾਲਤਾਂ ਨੇ ਸਿੱਖਾਂ ਦੇ ਪੈਰ ਉਖਾੜ ਦਿੱਤੇ। ਅਢੁਕਵੇਂ, ਕੁਰਖ਼ਤ, ਨਾਸਾਜ਼ਗਾਰ ਕਾਨੂੰਨਾਂ ਕਾਰਨ ਬਹੁਤੇ ਲੋਕ ਵਿਆਹ ਵੀ ਨਾ ਕਰਵਾ ਸਕੇ। ਬਾਅਦ ਵਿਚ ਸੰਸਾਰ ਜੰਗਾਂ ਸ਼ੁਰੂ ਹੋਣ ਕਰ ਕੇ ਇੱਕ ਕਿਸਮ ਦਾ ਉਜਾੜਾ ਪੈ ਗਿਆ। ਕੁੱਝ ਵਿਦੇਸ਼ੀ ਸਰਕਾਰ ਨੇ ਡਿਪੋਰਟ ਕਰ ਦਿੱਤੇ, ਕੁੱਝ ਸਥਾਨਕ ਮਜ਼ਦੂਰਾਂ ਦੀ ਕੁੱਟਮਾਰ ਤੋਂ ਡਰਦੇ ਦੌੜ ਗਏ ਤੇ ਕੁੱਝ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿਚ ਕੁੱਦਣ ਦੇ ਬਹਾਨੇ ਪਿੱਛੇ ਮੁੜ ਗਏ। ਇੱਕ ਵੇਰਾਂ ਅਮਰੀਕਾ ਵੱਲ ਮੂੰਹ ਕਰਨ ਵਾਲੇ ਭਾਰਤੀਆਂ ਦੇ ਹੌਸਲੇ ਟੁੱਟ ਗਏ।

ਭਗਵਾਨ ਸਿੰਘ ਰੰਧਾਵਾ ਸੰਨ 1912 ਵਿਚ ਅਮਰੀਕਾ ਆ ਕੇ ਵਸੇ। ਲਗ-ਪਗ ਸਾਰੀ ਉਮਰ ਹੀ ਉਹ ਗੁਰਦੁਆਰੇ ਦੀ ਸੇਵਾ ਕਰਦੇ ਰਹੇ ਤੇ ਗ਼ਦਰੀ ਕਾਮਿਆਂ ਨੂੰ ਤਨ ਮਨ ਧਨ ਨਾਲ ਮਦਦ ਕਰਦੇ ਰਹੇ। ਉਹ ਅਲ-ਸਬਰਾਂਟੇ ਗੁਰਦੁਆਰੇ ਦੇ ਸੰ-ਸਥਾਪਕ ਪ੍ਰਧਾਨ ਮੰਨੇ ਜਾਂਦੇ ਹਨ। ਉਨ੍ਹਾਂ ਦੀਆਂ ਉਪਲਬਧੀਆਂ ਸਿੱਖ ਕੌਮ ਦਾ ਸਰਮਾਇਆ ਹਨ। ਉਨ੍ਹਾਂ ਸਖ਼ਤ ਮਿਹਨਤ ਕਰ ਕੇ ਆਪਣੇ ਲਈ ਸੁਨਹਿਰੀ ਭਵਿੱਖ ਪੈਦਾ ਕੀਤਾ, ਭਾਰਤ ਦੀ ਆਜ਼ਾਦੀ ਦੇ ਘੋਲ ਵਿਚ ਹਿੱਸਾ ਪਾਇਆ ਤੇ ਅਮਰੀਕਾ ਦੇ ਨਿ-ਰਮਾਣ ਵਿਚ ਵਧ ਚੜ੍ਹ ਕੇ ਯੋਗਦਾਨ ਦਿੱਤਾ। 1948 ਵਿਚ ਐਲ-ਸੈਂਟਰੋ ਵਿਖੇ ਇੱਕ ਹੋਰ ਦੂਸਰਾ ਗੁਰਦੁਆਰਾ ਖੁੱਲ੍ਹ ਗਿਆ। ਸਿੱਖਾਂ ਦੀਆਂ ਮੁਸ਼ਕਲਾਂ ਵਧਣ ਦੇ ਨਾਲ ਨਾਲ ਗੁਰਦੁਆਰੇ ਬਣ-ਾਉਣ ਦੀ ਜ਼ਰੂਰਤ ਨਾਲ ਸਿੱਖਾਂ ਦੇ ਹੌਸਲੇ ਵਧ ਗਏ। ਉਨ੍ਹਾਂ ਆਪਸ ਵਿਚ ਮੇਲ ਮਿਲਾਪ ਤੇ ਧਾਰਮਿਕ ਅਕੀਦੇ ਦੀ ਪ੍ਰਾਪਤੀ ਵਾਸਤੇ ਕਈ ਗੁਰਦੁਆਰਿਆਂ ਦੀ ਸਥਾਪਨਾ ਤੇ ਵਿਸਥਾਰ ਕੀਤਾ। 1967 ਵਿਚ ਪਾਲੋ-ਆਲਟੋ ਵਿਖੇ 'ਸਿੱਖ ਫਾਊਂਡੇਸ਼ਨ' ਨਾਮੀ ਸੰਸਥਾ ਨੇ ਸਿੱਖਾਂ ਬਾਰੇ ਟੀ. ਵੀ. ਤੇ ਰੇਡੀਉ ਪ੍ਰਸਾਰਨ ਰਾਹੀਂ ਪ੍ਰਚਾਰ ਕਰਨਾ ਆਰੰਭ ਕੀਤਾ। 1968 ਵਿਚ ਯੋਗੀ ਭਜਨ ਸਿੰਘ ਯੋਗੀ ਅਮਰੀਕਾ ਆਇਆ ਤੇ ਉਸ ਨੇ ਸਿੱਖੀ ਦੇ ਪ੍ਰਚਾਰ ਨਾਲ ਬਹੁਤ ਸਾਰੇ ਗੋਰੇ ਸਿੱਖ ਮੱਤ ਨਾਲ ਜੋੜ ਲਏ। ਉਸ ਦੇ ਹਜ਼ਾਰਾਂ ਉਪਾਸਕ ਕੱਟੜ ਸ਼ਰਧਾਲੂ ਸਿੱਖ ਮੱਤ ਵੱਲ ਉਲਾਰ ਹੋ ਕੇ ਸਿੱਖ ਬਣ ਗਏ। ਉਸ ਨੇ 1968 ਵਿਚ ਹੀ ਲਾਸ-ਏਂਜਲਸ ਵਿਖੇ 'ਸਿੱਖ ਧਰਮ ਬ੍ਰਦਰਹੁੱਡ' ਨਾਮੀ ਸੰਸਥਾ ਦੀ ਸਥਾਪਨਾ ਕੀਤੀ। ਇਸ ਨੇ 120 ਕੇਂਦਰਾਂ ਵਿਚ ਯੋਗਾ ਤੇ ਮੈਡੀਟੇਸ਼ਨ ਬਾਰੇ ਅਭਿਆਸ ਤੇ ਪ੍ਰਚਾਰ ਕੀਤਾ। ਲਾਸ-ਏਂਜਲਸ, ਸੈਨਫ੍ਰਾਂਸਿਸਕੋ ਬੇ ਏਰੀਆ, ਨਿਊਯਾਰਕ, ਫਰੀਮੌਂਟ, ਫਰੈਜ਼ਨੋ, ਸ਼ਿਕਾਗੋ, ਨਿਊ ਜਰਸੀ, ਮਿਸ਼ੀਗਨ, ਵਾਸ਼ਿੰਗਟਨ ਵਿਖੇ ਗੁਰਦੁਆਰੇ ਉੱਸਰਨੇ ਸ਼ੁਰੂ ਹੋ ਗਏ। ਨਿਊਯਾਰਕ ਵਿਖੇ ਕੈਥੋਲਿਕ ਚਰਚ ਵਾਲੀ ਜਗ੍ਹਾ ਖ਼ਰੀਦ ਕੇ ਰਿਚਮੰਡ ਹਿੱਲ ਗੁਰਦੁਆਰਾ ਸ਼ੁਰੂ ਕਰ ਦਿੱਤਾ, ਜੋ 1972 ਵਿਚ ਮੁਕੰਮਲ ਹੋ ਗਿਆ।

ਯੂਬਾਸਿਟੀ ਵਿਚ ਪੰਜਾਬੀ ਸਿੱਖਾਂ ਦੀ ਗਿਣਤੀ 1968 ਤੱਕ ਜ਼ਿਕਰ ਯੋਗ ਵਾਧਾ ਹੋਇਆ। ਯੂਬਾਸਿਟੀ ਸਭ ਤੋਂ ਸੰਘਣੀ ਸਿੱਖ ਆਬਾਦੀ ਵਾਲਾ ਦਿਹਾਤੀ ਖੇਤਰ ਹੈ, ਜਿੱਥੇ 16000 ਤੋਂ ਵੱਧ ਸਿੱਖ ਵਸੋਂ ਹੈ। ਇੱਥੇ ਜ਼ਿਆਦਾਤਰ ਖੇਤੀ ਬਾੜੀ ਤੇ ਟਰੱਕਾਂ ਦੇ ਕਾਰੋਬਾਰ ਵਿਚ ਚੰਗਾ ਨਾਮਣਾ ਖੱਟ ਰਹੇ ਧਨਾਡ ਸਿੱਖਾਂ ਦਾ ਵਾਸਾ ਹੈ। ਉਨ੍ਹਾਂ ਦੀ ਧਾਰਮਿਕ ਤੇ ਮਾਨਸਿਕ ਖ਼ੁਰਾਕ ਦੀ ਪੂਰਤੀ ਵਾਸਤੇ ਇੱਥੇ ਵੀ ਇੱਕ ਗੁਰਦੁਆਰਾ ਬਣ ਗਿਆ। ਜਨਤਾ ਦਾ ਉਤਸ਼ਾਹ ਵਧਦਾ ਗਿਆ। 1969 ਵਿਚ ਇਸ ਦਾ ਵਿਸਥਾਰ ਕਰ ਕੇ ਇੱਥੇ 2000 ਸ਼ਰਧਾਲੂਆਂ ਬੈਠਣ ਵਾਲਾ ਸੁੰਦਰ ਖੁੱਲ੍ਹਾ ਹਾਲ ਬਣਾ ਦਿੱਤਾ ਗਿਆ। 1979 ਵਿਚ ਪਹਿਲੀ ਵੇਰਾਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਉਤਸਵ ਸਮੇਂ 'ਝੂਲਦੇ ਨਿਸ਼ਾਨ ਰਹੇ ਪੰਥ ਮਹਾਰਾਜ ਦੇ' ਨਗਰ ਕੀਰਤਨ ਕੱਢ ਕੇ ਸਥਾਨਕ ਗੋਰਿਆਂ ਨੂੰ ਸਰਬੱਤ ਦਾ ਭਲਾ ਮੰਗਣ ਵਾਲੇ ਆਪਣੇ ਧਰਮ ਤੇ ਸਭਿਆਚਾਰ ਦੇ ਦਰਸ਼ਨ ਕਰਵਾ ਦਿੱਤੇ। ਇਸ ਨਵੇਂ ਨਿਵੇਕਲੇ ਤਜਰਬੇ ਨੂੰ ਸਾਡੇ ਲੋਕਾਂ ਨੇ ਦੂਰੋਂ ਦੂਰੋਂ ਹਾਜ਼ਰੀ ਭਰ ਕੇ ਗੁਰੂ ਪੰਥ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਪਰ ਨਾਲ ਨੇਬਰਹੁੱਡ ਵਾਲੇ ਹੋਰ ਧਰਮਾਂ ਜਾਤਾਂ ਦੇ ਕਾਲੇ ਗੋਰੇ ਲੋਕ ਵੀ ਇਸ ਇਕੱਠ ਤੋਂ ਬਹੁਤ ਪ੍ਰਭਾਵਿਤ ਹੋਏ। ਇਸ ਨਾਲ ਪ੍ਰਬੰਧਕਾਂ ਦਾ ਹੌਸਲਾ ਵਧ ਗਿਆ। ਇਸ ਤਰ੍ਹਾਂ ਨਗਰ ਕੀਰਤਨ ਦਾ ਇਹ ਦੌਰ ਹਰ ਸਾਲ ਬਿਨਾ ਨਾਗ਼ਾ ਵੱਧ ਤੋਂ ਵੱਧ ਉਤਸ਼ਾਹ ਤੇ ਸ਼ਰਧਾ ਨਾਲ ਹੋਣ ਲੱਗਾ। ਸ਼ਬਦ ਕੀਰਤਨ ਕਰਦੀਆਂ ਭਜਨ ਮੰਡਲੀਆਂ, ਗਤਕੇ ਦੇ ਜੌਹਰ ਦਿਖਾਉਂਦੇ ਸਿੰਘ ਸਿੰਘਣੀਆਂ ਤੇ ਬੱਚੇ ਦਰਸ਼ਕਾਂ ਦੀ ਭਾਰੀ ਦਿਲਚਸਪੀ ਦਾ ਕੇਂਦਰ ਬਣਦੇ ਹਨ। ਸਮੁੱਚਾ ਭਾਈਚਾਰਾ ਰਲ ਮਿਲ ਕੇ ਇਹ ਤਿਉਹਾਰ ਸਮਾਗਮ ਬੜੀਆਂ ਖ਼ੁਸ਼ੀਆਂ ਨਾਲ ਮਨਾਉਂਦੇ ਹਨ। ਸ਼ਰਧਾ ਭਾਵਨਾ ਵਾਲੇ ਅਨੁਆਈ ਆਪਣੀ ਵਿੱਤ ਅਨੁਸਾਰ ਚੰਗਾ ਤੋਂ ਚੰਗਾ ਲੰਗਰ ਭੋਜਨ ਭੁੱਖਿਆਂ ਬੇਘਰਿਆਂ ਨੂੰ ਮੁਫ਼ਤ ਛਕਾਉਂਦੇ ਆਪਣਾ ਫ਼ਰਜ਼ ਸਮਝਦੇ ਪੁੰਨ ਖੱਟਦੇ ਹਨ। ਹੁਣ ਸੋਕੇ ਡੋਬੇ ਵਾਲੇ ਖੇਤਰਾਂ ਤੇ ਅੱਗ ਮਾਰੇ ਇਲਾਕਿਆਂ ਵਿਚ



ਗੁਰੂ ਘਰਾਂ ਵਿਚੋਂ ਲੰਗਰ ਪਾਣੀ ਤੇ ਲੀੜਾ ਕੱਪੜਾ ਪਹੁੰਚਾ ਕੇ ਸਿੱਖਾਂ ਨੇ ਭਾਈ ਘਨੱਈਏ ਦੀ ਸਾਖੀ ਨੂੰ ਦੁਹਰਾਉਂਦੇ ਇਸ ਸਿੱਖਿਆ ਤੇ ਫ਼ੁਲ ਚੜ੍ਹਾਉਂਦੇ ਹਨ। ਸਿਰ ਦਸਤਾਰ ਤੇ ਲੰਗਰ ਸਿੱਖਾਂ ਦੀ ਵੱਖਰੀ ਪਹਿਚਾਣ ਬਣ ਗਈ ਹੈ। ਗੁਰੂ ਗ੍ਰੰਥ ਦੀ ਅਗਵਾਈ ਵਿਚ ਚੱਲਣ ਵਾਲੀ ਇਸ ਪਰੇਡ ਦੇ ਸਾਹਮਣੇ ਅੱਗੇ ਜਦ ਇਸ ਦੇ ਸ਼ਰਧਾਲੂ ਨਿਉਂ ਨਿਉਂ ਕੇ ਮੱਥਾ ਟੇਕਦੇ, ਝਾੜੂ ਪਕੜ ਕੇ ਸੜਕਾਂ ਸਾਫ਼ ਕਰਦੇ ਤਾਂ ਇਹ ਬਿਗਾਨੇ ਲੋਕ ਵੀ ਸਾਡੀ ਆਸਥਾ ਸ਼ਰਧਾ ਤੇ ਅਸ਼ ਅਸ਼ ਕਰ ਉੱਠਦੇ ਹਨ। ਇਸ ਨਾਲ ਬਹਾਦਰ ਸਿੱਖ ਕੌਮ ਦਾ ਪ੍ਰਚਾਰ ਵੀ ਆਪਣੇ ਆਪ ਹੋਣ ਲੱਗਾ। ਗੁਰੂ ਦਾ ਮੁਫ਼ਤ ਲੰਗਰ ਛਕ ਕੇ ਇਹ ਗੋਰੇ ਕਾਲੇ ਲੋਕ ਵੀ ਸਾਡੀ ਮਰਯਾਦਾ ਅਨੁਸਾਰ ਸਿਰ ਨਿਵਾਉਣੋਂ ਨਹੀਂ ਉੱਕਦੇ। ਪਿਛਲੇ ਕਈ ਸਾਲਾਂ ਤੋਂ ਨਵੰਬਰ ਦੇ ਪਹਿਲੇ ਐਤਵਾਰ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਗੱਦੀ ਨੂੰ ਸਮਰਪਿਤ ਮੀਲਾਂ ਲੰਬਾ ਲੱਖਾਂ ਸ਼ਰਧਾਲੂਆਂ ਦਾ ਖੱਟੀਆਂ ਪੀਲੀਆਂ ਪਗੜੀਆਂ, ਦੁਪੱਟਿਆਂ ਦਾ ਇਹ ਠਾਠਾਂ ਮਾਰਦਾ ਵਿਸ਼ਾਲ ਨਗਰ ਕੀਰਤਨ ਸਤਿਨਾਮ ਵਾਹਿਗੁਰੂ ਜਾਪ ਜਪਦਾ ਯੂਬਾਸਿਟੀ ਦੀਆਂ ਸੜਕਾਂ ਦੀ ਰੌਣਕ ਬਣਦਾ ਹੈ। ਇਸ ਵਿਚ ਸਿੱਖ ਇਤਿਹਾਸ ਬਾਰੇ ਦੇਸ਼ ਵਿਦੇਸ਼ ਦੂਰ ਦੁਰਾਡਿਓਂ ਮੰਗਵਾਏ ਵਿਦਵਾਨ ਸੰਗਤਾਂ ਦੇ ਰੂਬਰੂ ਹੁੰਦੇ ਹਨ। ਪੰਜਾਬੀ ਪਿੰਡਾਂ ਦੇ ਮੇਲਿਆਂ ਵਾਂਗ ਯੂਬਾਸਿਟੀ ਦਾ ਹਰ ਘਰ ਮਹਿਮਾਨ ਨਿਵਾਜੀ ਵਾਸਤੇ ਤਿਆਰ ਰਹਿੰਦਾ ਹੈ ਤੇ ਹਰ ਘਰ ਇਸ ਸਮੇਂ ਪੰਜ ਦਸ ਮਹਿਮਾਨ ਆ ਟਿਕਦੇ ਹਨ।

1980 ਵਿਚ ਯੋਗੀ ਭਜਨ ਸਿੰਘ ਨੇ ਨਿਊ ਮੈਕਸੀਕੋ ਵਿਖੇ ਹੋਰ ਧਰਮਾਂ ਦੇ ਲੋਕਾਂ ਨਾਲ ਰਲ ਕੇ 'ਪੀਸ ਪਰੇਅਰ' ਦਾ ਆਯੋਜਨ ਕੀਤਾ, ਜੋ ਹੁਣ ਵੀ ਹਰ ਸਾਲ ਕੀਤਾ ਜਾਂਦਾ ਹੈ। ਉਸ ਨੇ ਹਜ਼ਾਰਾਂ ਗਿਣਤੀ ਵਿਚ ਬੜੇ ਕੱਟੜ ਸਾਬਤ ਸੂਰਤ ਸਿੱਖ ਪੈਦਾ ਕੀਤੇ ਹਨ। ਉਹ ਪੂਰਨ ਗੁਰ ਮਰਯਾਦਾ ਨਾਲ ਸਿੱਖ ਮੱਤ ਤੇ ਚੱਲਦੇ ਹਨ ਤੇ ਹੋਰਾਂ ਨੂੰ ਪ੍ਰਚਾਰਦੇ ਹਨ। ਉਨ੍ਹਾਂ ਦੀ ਸ਼ਮੂਲੀਅਤ ਇਸ ਮਾਰਚ ਨੂੰ ਹੋਰ ਦਾ ਹੋਰ ਚੰਦ ਚੜ੍ਹਾਉਂਦੀ ਹੈ।

ਅਮਰੀਕਾ ਦੇ ਲਗ-ਪਗ ਹਰ ਸੂਬੇ ਵਿਚ ਸਿੱਖਾਂ ਦੀ ਵਸੋਂ ਬਹੁਤ ਫੈਲ ਚੁੱਕੀ ਹੈ ਤੇ ਹਰ ਆਬਾਦੀ ਵਿਚ ਗੁਰਦੁਆਰੇ ਉੱਸਰ ਗਏ ਹਨ। ਇਸ ਵੇਲੇ ਦੋ ਸੌ ਤੋਂ ਵੱਧ ਗੁਰਦੁਆਰੇ ਅਮਰੀਕੀ ਲੋਕਾਂ ਦੀ ਧਾਰਮਿਕ ਦਿਲਚਸਪੀ ਵਾਸਤੇ ਮੌਜੂਦ ਹਨ। ਦੀਦਾਰ ਸਿੰਘ ਬੈਂਸ ਖੇਤੀ ਦਾ ਮੋਢੀ ਪਿਤਾਮਾ ਕਹਿ ਕੇ ਮੰਨਿਆ ਜਾਂਦਾ ਹੈ ਤੇ ਚਰਨਜੀਤ ਸਿੰਘ ਬਾਠ ਫਰੈਜ਼ਨੋ ਵਿਖੇ ਦਾਖਾਂ ਦਾ ਬਾਦਸ਼ਾਹ ਕਰ ਕੇ ਜਾਣਿਆ ਜਾਂਦਾ ਹੈ। ਫਰੀਮੌਂਟ ਗੁਰਦੁਆਰਾ ਕਮੇਟੀ ਨੇ ਮਾਰਚ 1977 ਵਿਚ ਤਿੰਨ ਏਕੜ ਜ਼ਮੀਨ 63000 ਡਾਲਰ ਦੀ ਖ਼ਰੀਦ ਲਈ। ਇਹ ਸਾਰੇ ਪੈਸੇ ਉਸ ਵੇਲੇ ਦੇ ਧਨਾਢ ਜ਼ਿਮੀਂਦਾਰ ਦੀਦਾਰ ਸਿੰਘ ਬੈਂਸ ਨੇ ਦਾਨ ਵਜੋਂ ਦਿੱਤੇ ਗਏ। ਦੀਦਾਰ ਸਿੰਘ ਬੈਂਸ ਨੇ ਹੀ ਇਸ ਦਾ ਨੀਂਹ ਪੱਥਰ ਇੱਕ ਜੁਲਾਈ 1979 ਨੂੰ ਰੱਖਿਆ ਤੇ ਮਈ 11,1980 ਨੂੰ ਬਣ ਕੇ ਸੰਗਤਾਂ ਦੇ ਦਰਸ਼ਨਾਂ ਵਾਸਤੇ ਖੋਲ੍ਹ ਦਿੱਤਾ ਗਿਆ। ਇਸ ਦੇ ਨਾਲ ਦੀ ਦੋ ਏਕੜ ਹੋਰ ਜ਼ਮੀਨ ਗੁਰਦੁਆਰੇ ਦੇ ਵਿਸਥਾਰ ਵਾਸਤੇ 1984 ਵਿਚ ਖ਼ਰੀਦ ਲਈ ਗਈ।

1979 ਵਿਚ ਸੈਨਹੋਜ਼ੇ ਦੀ ਸਿੱਖ ਆਬਾਦੀ ਕੇਵਲ ਢਾਈ ਸੌ ਦੇ ਕਰੀਬ ਸੀ, ਜੋ 1985 ਤੱਕ ਪੈਂਤੀ ਸੌ ਤੱਕ ਅੱਪੜ ਗਈ ਤੇ ਇਸ ਵੇਲੇ ਇਹ ਬਾਰਾਂ ਹਜ਼ਾਰ ਤੋਂ ਉੱਪਰ ਹੈ। ਸੈਨਹੋਜ਼ੇ ਦੇ ਨੇੜਲੇ ਚਾਰ ਚੁਫੇਰੇ ਰਹਿਣ ਵਾਲੇ ਸਿੱਖਾਂ ਦੀ ਆਬਾਦੀ ਪੰਝੀ ਹਜ਼ਾਰ ਤੋਂ ਵੀ ਉੱਪਰ ਪਹੁੰਚ ਗਈ ਹੈ। ਆਬਾਦੀ ਦੇ ਵਧਣ ਨਾਲ ਲੋਕਾਂ ਦੀਆਂ ਧਾਰਮਿਕ ਰਹੁ ਰੀਤਾਂ ਵਾਸਤੇ ਸੈਨਹੋਜ਼ੇ ਦਾ ਗੁਰਦੁਆਰਾ ਵੀ ਪੌੜੀਆਂ ਚੜ੍ਹਦਾ ਤਰੱਕੀਆਂ ਕਰਦਾ ਗਿਆ।

ਸਿੱਖ ਸੈਂਟਰ ਐਲ-ਸਬਰਾਂਟੋ ਸਾਰੇ ਗੁਰਦੁਆਰਿਆਂ ਦੀ ਦਾਦੀ ਹੈ। ਡਾਕਟਰ ਜੇ. ਪੀ. ਸਿੰਘ ਅਨੁਸਾਰ ਉਨ੍ਹਾਂ ਨੇ ਪਹਾੜੀ ਦੀ ਢਲਾਣ ਤੇ ਪੰਜ ਏਕੜ ਜ਼ਮੀਨ 1975-76 ਵਿਚ 72000K ਡਾਲਰ ਵਿਚ ਖ਼ਰੀਦ ਲਈ। ਉਨ੍ਹਾਂ 1979 ਵਿਚ ਗੁਰਦੁਆਰੇ ਦੀ ਨੀਂਹ ਰੱਖੀ ਤੇ ਮਈ 1980 ਵਿਚ ਇਹ ਸੰਗਤਾਂ ਵਾਸਤੇ ਤਿਆਰ ਹੋ ਗਿਆ। ਸ੍ਰੀ ਗੁਰੂ ਸਿੰਘ ਸਭਾ ਸਾਊਥ ਬੇ ਏਰੀਆ ਸੈਨਹੋਜ਼ੇ ਦੇ ਨਾਂ ਤੇ ਨਵੰਬਰ 1,1981 ਨੂੰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਗੁਰਦੁਆਰਾ ਖੋਲ੍ਹ ਦਿੱਤਾ। ਮਿਲਪੀਟਸ, ਸੈਂਟਾ ਕਲਾਰਾ, ਟਰੇਸੀ, ਯੂਬਾਸਿਟੀ ਤੇ ਹੋਰ ਹਰ ਥਾਂ ਜਿੱਥੇ ਕਿਤੇ ਵੀ ਸਿੱਖ ਆਬਾਦੀ ਵਸਦੀ ਗਈ, ਗੁਰਦੁਆਰੇ ਉੱਸਰਦੇ ਜਾ ਰਹੇ ਹਨ। ਫਰੈਜ਼ਨੋ ਵਿਚ ਦਸ ਤੋਂ ਵੱਧ ਗੁਰਦੁਆਰੇ ਹਨ। ਸੈਨਫ੍ਰਾਂਸਿਸਕੋ ਹਵਾਈ ਅੱਡੇ ਦੇ ਨੇੜੇ ਵੀ ਗੁਰਦੁਆਰਾ ਬਣ ਚੁੱਕਾ ਹੈ।

ਦੂਸਰੇ ਧਰਮਾਂ ਦੇ ਲੋਕ ਵੀ ਗੁਰੂ ਗ੍ਰੰਥ ਸਾਹਿਬ ਵਿਚ ਰੱਬੀ ਬਾਣੀ ਦੀ ਰੂਹਾਨੀਅਤ ਦੇ ਕਾਇਲ ਹੋ ਚੁੱਕੇ ਹਨ। ਡਾਲਰ ਤੇ ਚੌਧਰ ਨੇ ਧਰਮ ਨੂੰ ਅਧਰਮ ਬਿਜ਼ਨਿਸ ਬਣਾ ਦਿੱਤਾ ਹੈ।

ਜਿੱਥੇ ਸਿੱਖ ਹਨ, ਉੱਥੇ ਗੁਰਦੁਆਰੇ ਹੋਣਗੇ। ਜਿੱਥੇ ਗੁਰਦੁਆਰੇ ਹੋਣਗੇ ਉੱਥੇ ਗੋਲਕ ਹੋਵੇਗਾ। ਜਿੱਥੇ ਗੋਲਕ ਹੋਵੇਗਾ ਉੱਥੇ ਕਿਰਪਾਨਾਂ, ਤਲਵਾਰਾਂ ਹੋਣਗੀਆਂ। ਜਿੱਥੇ ਇਹ ਗੋਲਕ ਤੇ ਹਥਿਆਰ ਹੋਣਗੇ, ਉੱਥੇ ਲੜਾਈ ਝਗੜੇ ਵੱਢਾਂਗੇ ਹੋਣਗੇ। ਸਿੱਖ ਪੱਗੋ-ਪੱਗੀ ਹੋਣਗੇ.. ਕਿਰਪਾਨੋਂ-ਕਿਰਪਾਨੀ ਹੋਣਗੇ ਜਿਵੇਂ ਅਸੀਂ ਕਈ ਗੁਰਦੁਆਰਿਆਂ ਵਿਚ ਵੇਖਦੇ ਰਹੇ ਹਾਂ। ਇਸ ਅਲਾਮਤ ਤੋਂ ਪਟਨਾ ਸਾਹਿਬ ਤੇ ਅਕਾਲ-ਤਖ਼ਤ ਦੇ ਵਿਹੜੇ ਵੀ ਬਚੇ ਨਹੀਂ ਰਹੇ। ਗੁਰਦੁਆਰਿਆਂ ਵਿਚ ਧੜੇਬੰਦੀ ਲੜਾਈਆਂ ਕਾਰਨ ਸ਼ਾਂਤੀ ਬਖ਼ਸ਼ਣ ਵਾਲੀਆਂ ਧਰਮ ਦੀਆਂ ਸੰਸਥਾਵਾਂ ਜੰਗ ਦਾ ਅਖਾੜਾ ਬਣਦੀਆਂ ਹਨ। ਅਮਨ ਕਾਨੂੰਨ ਦੇ ਨਾਂ ਥੱਲੇ ਪੁਲਸ ਸ਼ਰੇਆਮ ਜੁੱਤੀਆਂ ਬੂਟਾਂ ਸਮੇਤ ਧਾਰਮਿਕ ਸਥਾਨਾਂ ਵਿਚ ਘੁੱਸ ਕੇ ਹੁੱਲੜਬਾਜ਼ਾਂ ਨੂੰ ਹੱਥਕੜੀਆਂ ਲਗਾਉਂਦੀ ਕਾਨੂੰਨ ਅਨੁਸਾਰ ਮੁਕੱਦਮੇ ਠੋਕਦੀ ਹੈ। ਵਿੱਦਿਆ, ਮੈਡੀਕਲ ਜਾਂ ਹੋਰ ਸਮਾਜਿਕ ਕਾਰਜਾਂ ਵਾਸਤੇ ਵਰਤਿਆ ਜਾਣ ਾਲਾ ਸੰਗਤਾਂ ਦਾ ਦਿੱਤਾ ਲੱਖਾਂ ਡਾਲਰ ਪੁੰਨ ਦਾਨ ਅਦਾਲਤਾਂ ਤੇ ਵਕੀਲਾਂ ਦੀ ਭੇਟ ਚੜ੍ਹ ਜਾਂਦਾ ਹੈ। ਸਿੱਖੀ ਸਿਧਾਂਤ ਦੀਆਂ ਧੱਜੀਆਂ ਉੱਡਦੀਆਂ ਹਨ। ਸਰਵ-ਉੱਚ ਅਦਾਲਤ ਅਕਾਲ-ਤਖ਼ਤ ਬੇਵੱਸ ਹੋ ਜਾਂਦੀ ਹੈ। ਉਸ ਦੀਆਂ ਮਰਿਆਦਾਵਾਂ ਤੋਂ ਪਾਸੇ ਉਲੰਘ ਕੇ ਸ਼ਾਇਦ ਹੀ ਕੋਈ ਵੀ ਅਜੇਹਾ ਗੁਰਦੁਆਰਾ ਬਚਿਆ ਹੋਵੇ ਜੋ ਸਰਕਾਰੀ ਅਦਾਲਤਾਂ ਵਿਚ ਨਾ ਪਹੁੰਚਿਆ ਹੋਵੇ।

ਇਸ ਸਾਲ ਵੀ ਪੰਜ ਨਵੰਬਰ 2017 ਨੂੰ ਯੂਬਾ ਸਿਟੀ ਵਿਚ ਨਿਕਲਣ ਵਾਲੇ 38ਵੇਂ ਨਗਰ ਕੀਰਤਨ ਵਾਸਤੇ ਪਿਛਲੇ ਕਈ ਮਹੀਨਿਆਂ ਤੋਂ ਜ਼ੋਰ ਸ਼ੋਰ ਨਾਲ ਤਿਆਰੀਆਂ ਚੱਲ ਰਹੀਆਂ ਹਨ। ਗੁਰਮਤ ਸਮਾਗਮ ਤੇ ਧਾਰਮਿਕ ਦੀਵਾਨ ਲਗਾਤਾਰ ਜਾਰੀ ਹਨ। ਪ੍ਰਬੰਧਕ ਪੱਬਾਂ ਭਾਰ ਹੋਏ ਦਿਨ ਰਾਤ ਇਸ ਦੀ ਕਾਮਯਾਬੀ ਵਾਸਤੇ ਰੁੱਝੇ ਹੋਏ ਹਨ। ਅਮਰੀਕਾ ਦੇ ਈਸਟ ਕੋਸਟ ਤੇ ਕੈਨੇਡਾ ਦੀਆਂ ਸੰਗਤਾਂ ਸਮੇਤ ਡੇਢ ਲੱਖ ਤੋਂ ਵਧੇਰੇ ਸੰਗਤਾਂ ਦੇ ਪਹੁੰਚਣ ਦਾ ਅਨੁਮਾਨ ਹੈ। ਸ਼ਾਲਾ! ਗੁਰੂ ਗੋਬਿੰਦ ਸਿੰਘ ਦੀ ਪਾਣ ਚੜ੍ਹਾਈ ਇਸ ਬਹਾਦਰ ਕੌਮ ਨੂੰ ਸਿੱਖ ਸਿਧਾਂਤਾਂ ਦੀ ਪਹਿਰੇਦਾਰੀ ਵਾਸਤੇ 'ਉਹ' ਆਪ ਹੀ ਸੁਮੱਤ ਬਖ਼ਸ਼ੇ, ਏਕਤਾ ਦਾ ਉੱਦਮ ਦੇਵੇ ਤੇ ਇਹ ਕੌਮ ਹਮੇਸ਼ਾ ਚੜ੍ਹ-ਦੀਆਂ ਕਲਾਂ ਵਿਚ ਤਰੱਕੀਆਂ ਕਰਦੀ ਬੁਲੰਦੀਆਂ ਛੂੰਹਦੀ ਰਹੇ।

## ਮਾਤ ਭਾਸ਼ਾ

-ਚਰਨਜੀਤ ਸਿੰਘ ਪੰਨੂ

ਗੌਰਵਮਈ ਮਾਂ ਬੋਲੀ ਆਪਣੀ,
ਪ੍ਰਸ਼ੰਸਾ ਇਸ ਦੇ ਦਾਮਨ ਪਾ।

ਰਾਜ ਭਾਗ ਦੇ ਵਿਹੜੇ ਅੰਦਰ,
ਗੁਲਦਸਤੇ ਜਿਉਂ ਦੇਹ ਸਜਾ।

ਝੋਲੀ ਭਰ ਭਰ ਕੇ ਵੰਡ ਸਾਰੇ,
ਚਾਰੇ ਦਿਸ਼ਾਵਾਂ ਦੇਹ ਮਹਿਕਾ।

ਬਿਗਾਨੀ ਜੂਹੀਂ ਰੁਲ ਨਾ ਜਾਏ,
ਚੁੱਕ ਲੈ ਇਸ ਨੂੰ ਗਲੇ ਲਗਾ।

ਕੰਡੇ ਚੁਣ ਕੇ ਸੁੱਟ ਕਰ ਪਾਸੇ,
ਇਹਦੇ ਰਾਹ ਵਿਚ ਫ਼ੁਲ ਵਿਛਾ.

ਫ਼ਰੀਕ ਨਾਲ ਸ਼ਰੀਕ ਜੋ ਤੱਕੇ,
ਤਿਰਛੀ ਨਜ਼ਰ ਨੂੰ ਨੁੱਕਰੇ ਲਾ।

ਨਵੀਂ ਪਨੀਰੀ ਦਾ ਜੋ ਵਿਰਸਾ,
ਦਾਦੀ ਮਾਂ ਜਿਉਂ ਬਾਤ ਸੁਣਾ।

ਅਸੀਂ ਤੇ ਹੋਕਾ ਦਿੰਦੇ ਰਹਿਣਾ,
ਜਾਗਦੇ ਰਹੋ ਦੀ ਲਾਟ ਜਗਾ।

ਰਾਣੀ ਬਣ ਕੇ ਰਹੀ ਜੋ ਗੋਲੀ,
ਉਸ ਦਾ ਉਚਿੱਤ ਹੱਕ ਦਵਾ।

ਪੰਜਾਬੀ ਝੰਡਾ ਉੱਚਾ ਚੁੱਕ ਕੇ,
ਦੇਸ ਵਿਦੇਸ਼ ਸੰਦੇਸ਼ ਪਹੁੰਚਾ।

ਚਾਚੀ ਮਾਸੀ ਦੀ ਸ਼ਹਿ ਉੱਤੇ,
ਆਪਣੀ ਮਾਂ ਨਾ ਗਹਿਣੇ ਪਾ।

ਜਿਸ ਮਾਂ ਪੰਨੂ ਗੁੜ੍ਹਤੀ ਦਿੱਤੀ,
ਮਾਤ ਭਾਸ਼ਾ ਦੀ ਕਦਰ ਵਧਾ।

ਕਵਿਤਾ

ਐ ਕਵਿਤਾ ਤੂੰ ਉੱਦਮੀ ਬਣ,
ਡੰਮ੍ਹੀ ਜਿਹੀ ਨਾ ਬਣਦੀ ਜਾਹ।

ਦਿੱਬ-ਦ੍ਰਿਸ਼ਟੀ ਕਰ ਚੁਕੰਨੀ,
ਰੋਂਦੀ ਖ਼ਲਕਤ ਦੇਹ ਹਸਾ।

ਮਹਿਲਾਂ ਵਾਲੇ ਚੁੱਕਦੇ ਪੜਦੇ,
ਝੁੱਗੀ ਝੌਂਪੜੀ ਦੇਹ ਰੁਸ਼ਨਾ।

ਭਰੂਣ ਹੱਤਿਆ ਦੀ ਕਰ ਮੁਕਤੀ,
ਕਾਤਲਾਂ ਦੇ ਗਲ ਫਾਂਸੀ ਪਾ।

ਪ੍ਰਯੋਗਿਕ ਫ਼ੈਸ਼ਨ ਦੇ ਨਾਂ ਥੱਲੇ,
ਨਾ ਮੌਲਿਕ ਸੁੰਦਰ ਰੂਪ ਗਵਾ।

ਬਾਬਰ ਜਾਬਰ ਦੇ ਲਿਖ ਚਿੱਠੇ,
ਹੱਥਕੜੀਆਂ ਤੋਂ ਨਾ ਘਬਰਾ।

ਕਾਮਿਆਂ ਸੰਗ ਗੰਢ ਲੈ ਯਾਰੀ,
ਕਿਰਸਾਣਾ ਦੇ ਵਾਹਣੀਂ ਜਾਹ।

ਜਿਸਮ ਜ਼ਮੀਰ ਸੌਦਾਗਰ ਕੋਲੋਂ,
ਤੂੰ ਵੀ ਆਪਣੀ ਅਣਖ ਬਚਾ।

ਛੱਡਦੇ ਲੋਰ ਅਮਲੀਆਂ ਵਾਲੀ,
ਜਗਾ ਦੇਹ ਸੁੱਤੇ, ਫ਼ਰਜ਼ ਨਿਭਾ।

ਸਮਾਜਵਾਦ ਦਾ ਝੰਡਾ ਲੈ ਕੇ,
ਸਾਮਰਾਜ ਦੇ ਕਿੰਗਰੇ ਢਾਹ।

ਅੱਤਵਾਦ ਦੀਆਂ ਛਾਵਾਂ ਥੱਲੇ,
ਸਹਿਕੇ ਪਬਲਿਕ ਗਲੇ ਲਗਾ।

ਲੱਚਰ ਵਾਦ ਦੇ ਧੁਖਦੇ ਪੈਰੀਂ,
ਸ਼ਰਮ ਹਯਾ ਦੇ ਘੁੰਗਰੂ ਪਾ।

ਸੱਚ ਸੁਣਨਾ ਤੇ ਸਹਿਣਾ ਔਖਾ,
ਬੇਸ਼ੱਕ ਕੌੜਾ ਇਹ ਗੀਤ ਸੁਣਾ।

ਮਲਿਕ ਭਾਗੋ ਦੀ ਚੱਖ ਪੂੜੀ,
ਭਾਈ ਲਾਲੋ ਦੀ ਮਿੱਸੀ ਖ਼ਾਹ।

ਭਰ ਕੇ ਮਲੂਮ ਸ਼ਬਦਾਂ ਅੰਦਰ,
ਫੁਲਕਾਰੀ ਸੁਹਣੀ ਗੁੰਦ ਦਿਖਾ।

ਉੱਚੀ ਨੀਵੀਂ ਪੱਤੀ ਵੱਲ ਪੰਨੂ,
ਬਿਨ ਵਿਤਕਰੇ ਵੜਦੀ ਜਾਹ।







ਮੱਖਣ ਸਿੰਘ ਬੈਂਸ

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ



ਗਿਆਨੀ ਰਵਿੰਦਰ ਸਿੰਘ


Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com





ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ।

# ਪਾਲ ਸਿਹੋਤਾ

## ਚੇਅਰਮੈਨ

### ਵੈਸਟ ਕੌਸਟ ਇੰਡੀਅਨ ਓਵਰਸੀਜ਼ ਕਾਂਗਰਸ

559-269-6974

SmartWay®
Transport Partnership
Getting There With Cleaner Air

3545 E Data Avenue
Fresno CA 93735-1933



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗੁ ਚਾਨਣੁ ਹੋਆ
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ

**ਲੱਖ-ਲੱਖ ਵਧਾਈ**







ਫਾਇਲ ਚਿੱਤਰ

# Baba Deep Singh Welfare Society USA

## ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗੁ ਚਾਨਣੁ ਹੋਆ
## ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ








**ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ**



**Suman, Sood & Daroch Families Yuba City**




## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈ**












ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਮੌਕੇ ਸਿੱਖ ਟੈਂਪਲ ਯੂਬਾ ਸਿਟੀ ਵਿਖੇ ਸਿੱਖ ਸੇਵਾ ਸਿਮਰਨ ਸੁਸਾਇਟੀ ਦੇ ਮੈਂਬਰ ਅਤੇ ਸੰਗਤ ਲੰਗਰ ਦੀ ਸੇਵਾ ਕਰਦੇ ਹੋਏ

# ਸਿੱਖ ਸੇਵਾ ਸਿਮਰਨ ਸੁਸਾਇਟੀ ਯੂਬਾ ਸਿਟੀ (ਕੈਲੇਫੋਰਨੀਆ)

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗੁ ਚਾਨਣੁ ਹੋਆ
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ



## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ











ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਮੌਕੇ ਸਿੱਖ ਟੈਂਪਲ ਯੂਬਾ ਸਿਟੀ ਵਿਖੇ ਸ. ਕੁਲਦੀਪ ਸਿੰਘ ਸਹੋਤਾ ਅਤੇ ਸੰਗਤ ਲੰਗਰ ਦੀ ਸੇਵਾ ਕਰਦੇ ਹੋਏ

# ਕੁਲਦੀਪ ਸਿੰਘ ਸਹੋਤਾ ਅਤੇ ਸੰਗਤ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗੁ ਚਾਨਣੁ ਹੋਆ
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ





## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈ**






ਇਕ ਨਗਰ ਕੀਰਤਨ ਦੌਰਾਨ ਸ. ਸਤਨਾਮ ਸਿੰਘ ਨੰਗਲ ਕਲਾਂ ਅਤੇ ਸੰਗਤਾਂ ਲੰਗਰ ਦੀ ਸੇਵਾ ਕਰਦੇ ਹੋਏ

# ਸਤਨਾਮ ਸਿੰਘ ਨੰਗਲ ਕਲਾਂ ਯੂਬਾ ਸਿਟੀ



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗੁ ਚਾਨਣੁ ਹੋਆ
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ




## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ


# L.A. MERCHANDISE

**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ ’ਤੇ ਉਪਲਬੱਧ ਹਨ




Baksho Kaur Bisla Hardev Singh Bisla

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ ਅਤੇ ਤਾਜ਼ੀਆਂ ਸਬਜ਼ੀਆਂ
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ ’ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ ’ਤੇ ਹੈ।

* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

**500 N. Palora Ave.**
**Yuba City, CA 95991**

**530-671-0439, Fax 530-822-0439**
**Cell- 530-844-3250**



**Loose Fabrics, Groceries, Blankets, Vegetables**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $42:99+Tax

ਫੋਲਡਿੰਗ ਬੈਡ ਦੀਆਂ ਚਾਰ ਕੁਆਲਟੀ ਦੀਆਂ ਵਰਾਇਟੀਆਂ ਉਪਲਬੱਧ ਹਨ



# MAHA RISHI VALMIK SABHA USA

## YUBA CITY, CALIFORNIA








## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ



ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਦੇ ਅਹੁਦੇਦਾਰ ਅਤੇ ਮੈਂਬਰ

**President-Prem Sondhi : 530-751-3887, Vice President- Santokh Singh Gill: 530-740-3056, Palwinder Sahota Secretary: 530-674-9766, Vice Secretary- Balbir Singh Dhariwal 916-243-9017, Chairman - Gurpal Singh : 916-873-0311, Vice Chairman- Balbir Singh Thaper : 916-607-4650, Cashier : Vinod Gill : 530-822-9587, Avinash Sondhi : 530-301-1157, Surjit Singh Gill, Deepak Thaper, Kundan Lal Sondhi, Narinder Gill, Sham Lal Sondhi, Varun Gill, Binder Shubh, Ravi Gharu, Amritpal, Maintenance Organizer : Jagjit Singh Gill : 530-315-1425.**

**Address : 84/86 Percy Ave., Yuba City, CA 95991. Phone 530-777-9385**



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗੁ ਚਾਨਣੁ ਹੋਆ
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਗਰ ਕੀਰਤਨ, ਗੁਰਗੱਦੀ ਦਿਵਸ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈ**

# A & S Auto Repair & Services

## Specializing in Brakes & Axles

ਬਰੇਕ ਅਤੇ ਐਕਸਲ ਰਿਪੇਅਰ ਅਤੇ ਸਰਵਿਸ ਕਰਨ ਦੇ ਮਾਹਿਰ
ਸਭ ਕਾਰਾਂ ਲਈ ਤੇਲ ਸਰਵਿਸ ਦੇ ਨਾਲ ਮੁਫਤ ਟਾਇਰ ਰੋਟੇਸਨ ਅਤੇ ਇੰਸਪੈਕਸ਼ਨ

10% of any repair of $ $75.00 or More



Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics

Ph: 916-238-4431
649 W. Elkhorn Blvd. Suite B2
Rio Linda, CA 95673

9:00 AM to 6:00 PM Mon-Sat



Amarjit Sandhu







ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈ**



Tarsem Singh Sam
capitalcityatm@yahoo.com

# Best Payment Solutions



We Provide Free
ATM & Credit Card Machine

Call For More Info

Sam: (916) 289-0413,
Ranjeet Gill (916) 759-7141

We will beat any Rate





Ranjeet Singh Gill
norcalatmusa@gmail.com

# ਗੁਰਦਾਸਪੁਰ ਚੋਣ ’ਚੋਂ ਉੱਭਰੇ ਕੁਝ ਸਵਾਲ



ਡੈਨੀਅਲ ਥੋਬਾ

ਪਿਛਲੇ ਮਹੀਨੇ ਗੁਰਦਾਸਪੁਰ ਜ਼ਿਮਨੀ ਚੋਣ ਵਿਚੋਂ ਕਾਂਗਰਸੀ ਉਮੀਦਵਾਰ ਸ਼੍ਰੀ ਸੁਨੀਲ ਜਾਖੜ ਜੇਤੂ ਰਹੇ ਹਨ ਕਿਉਂਕਿ ਘਟਨਾਵਾਂ ਹੀ ਕੁਝ ਅਜਿਹੀ ਤੇਜ਼ੀ ਨਾਲ ਵਾਪਰੀਆਂ ਕਿ ਚੋਣ ਮੁਹਿੰਮ ਦੇ ਸ਼ੁਰੂ ਹੋਣ ਤੋਂ ਹੀ ਅਜਿਹਾ ਅੰਦਾਜ਼ਾ ਲਗ ਗਿਆ ਸੀ ਕਿ ਇਸ ਵਾਰ ਇਹ ਸੀਟ ਭਾਜਪਾ ਦੀ ਝੋਲੀ ਵਿੱਚ ਨਹੀਂ ਪੈਣੀ। ਭਾਜਪਾ ਨੂੰ ਪਹਿਲਾ ਝਟਕਾ ਉਸੇ ਵੇਲੇ ਹੀ ਲੱਗ ਗਿਆ ਸੀ ਜਦੋਂ ਇਸ ਹਲਕੇ ਦੀ ਪ੍ਰਤੀਨਿਧਤਾ ਕਰਦੇ ਸਵਰਗਵਾਸੀ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਜਾਂ ਉਹਨਾਂ ਦੇ ਕਿਸੇ ਪਾਰਿਵਾਰਕ ਮੈਂਬਰ ਦੀ ਬਜਾਏ ਟਿਕਟ ਦਾ ਗੁਣਾ ਸਵਰਨ ਸਲਾਨੀਆ ਦੇ ਨਾਂ ਤੇ ਪਾ ਦਿੱਤਾ ਗਿਆ ਸੀ। ਜੇਕਰ ਸ਼੍ਰੀਮਤੀ ਕਵਿਤਾ ਖੰਨਾ ਦੇ ਨਾਂ ਤੇ ਭਾਜਪਾ ਹਾਈ ਕਮਾਂਡ ਦੀ ਸਹਿਮਤੀ ਹੋ ਜਾਂਦੀ ਤਾਂ ਉਹਨਾਂ ਨੂੰ ਕੁਝ ਹਮਦਰਦੀ ਵੋਟ ਮਿਲਣ ਦੀ ਸੰਭਾਵਨਾ ਸੀ। ਭਾਜਪਾ ਦੇ ਉਮੀਦਵਾਰ ਨੂੰ ਦੂਜੀ ਮਾਰ ਉਸ ਸਮੇਂ ਪਈ ਜਦੋਂ ਇਸ ਗਠਜੋੜ ਦੇ ਇੱਕ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸੁੱਚਾ ਸਿੰਘ ਲੰਘਾਹ ਵਿਰੁਧ ਜ਼ਬਰ ਜਿਨਾਹ ਦੇ ਦੋਸ਼ ਵਿੱਚ ਮੁਕਦਮਾ ਦਰਜ ਹੋ ਗਿਆ, ਜਦੋਂ ਚੋਣ ਪ੍ਰਚਾਰ ਸਿੱਖਰਾਂ ਤੇ ਸੀ। ਇਸ ਸਮੇਂ ਹੀ ਅਜਿਹੇ ਦੋਸ਼ ਖੁਦ ਸਵਰਨ ਸਲਾਰੀਆ ਤੇ ਲੱਗਣ ਕਾਰਣ, ਉਸਨੂੰ ਇੱਕ ਹੋਰ ਠਿੱਬੀ ਲੱਗ ਗਈ। ਸ਼ਾਇਦ ਇਸੇ ਕਾਰਨ ਹੀ ਸਾਬਕਾ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਇਸ ਹਲਕੇ ਵਿੱਚ ਚੋਣ ਪ੍ਰਚਾਰ ਕਰਨ ਨਹੀਂ ਆ ਸਕੇ। ਇਹਨਾਂ ਝਟਕਿਆਂ ਤੋਂ ਭਾਜਪਾ ਉਮੀਦਵਾਰ ਸੰਭਲ ਨਾ ਸਕਿਆ।

ਇਸ ਲੋਕ ਸਭਾ ਚੋਣ ਦੇ ਸ਼ੁਰੂ ਤੋਂ ਹੀ ਲੋਕਾਂ ਦੀ ਜ਼ੁਬਾਨ ਤੇ ਸੀ ਕਿ ਉਪ ਚੋਣ ਵਿੱਚ ਅਕਸਰ ਪ੍ਰਾਂਤ ਵਿੱਚ ਰਾਜ ਕਰਦੀ ਪਾਰਟੀ ਹੀ ਜਿੱਤਦੀ ਹੈ, ਸੱਚ ਹੋ ਨਿਬੜੀ। ਕਿਉਂਕਿ ਇਸ ਲੋਕ ਸਭਾ ਹਲਕੇ ਦੇ ਨੌਂ ਵਿਧਾਨ ਸਭਾ ਹਲਕਿਆਂ ਵਿਚੋਂ ਸੱਤ ਹਲਕਿਆਂ ਵਿੱਚ ਹੁਕਮਰਾਨ ਕਾਂਗਰਸ ਪਾਰਟੀ ਦਾ ਕਬਜ਼ਾ ਹੈ। ਅਜੇ ਰਾਜ ਵਿੱਚ ਕਾਂਗਰਸ ਦੀ ਸਰਕਾਰ ਬਣੀ ਨੂੰ ਵੀ 6-7 ਮਹੀਨੇ ਹੀ ਹੋਏ ਹਨ। ਇਸ ਲਈ ਵੋਟਰਾਂ ਨੇ ਸਮਝ ਲਿਆ ਕਿ ਹਾਲੇ ਇਸ ਸਰਕਾਰ ਦਾ ਲਗਭਗ ਸਾਢੇ ਚਾਰ ਦਾ ਕਾਰਜਕਾਲ ਰਹਿੰਦਾ ਹੈ ਸ਼ਾਇਦ ਇਹ ਸਰਕਾਰ ਲੋਕਾਂ ਨਾਲ ਕੀਤੇ ਹੋਵੇ ਵਾਅਦੇ ਪੂਰੇ ਕਰ ਦੇਵੇ। ਸ਼੍ਰੀ ਸੁਨੀਲ ਜਾਖੜ ਦੀ ਬੇਦਾਗ ਸ਼ਖਸੀਅਤ ਵੀ ਕਾਂਗਰਸ ਦੇ ਕੰਮ ਆਈ। ਪੰਜਾਬ ਸਰਕਾਰ ਲਈ ਇਹ ਸੀਟ ਕੱਢਣੀ ਬੜੇ ਵਕਾਰ ਦਾ ਸਵਾਲ ਸੀ ਨਹੀਂ ਤਾਂ ਇਹ ਪ੍ਰਭਾਵ ਜਾਣਾ ਸੀ ਕਿ ਸਰਕਾਰ ਇੰਨੇ ਥੋੜੇ ਸਮੇਂ ਵਿੱਚ ਹੀ ਲੋਕਾਂ ਦੇ ਮਨੋਂ ਲੱਥ ਗਈ ਹੈ। ਬੇਸ਼ੱਕ ਰਾਜ ਸਰਕਾਰ ਨੇ ਗੁਰਦਾਸਪੁਰ ਜਿੱਤ ਨੂੰ ਸਰਕਾਰ ਦੀਆਂ ਨੀਤੀਆਂ ਤੇ ਮੋਹਰ ਦੱਸਿਆ ਹੈ ਪ੍ਰੰਤੂ ਹੁਣ ਤੱਕ ਸਰਕਾਰ ਦਾ ਜੋ ਕੰਮ ਕਰਨ ਦਾ ਢੰਗ ਹੈ, ਉਸ ਨਾਲ ਇਹ ਗੱਲ ਪੰਜਾਬ ਵਿੱਚ ਕਿਧਰੇ ਦਿਖਾਈ ਨਹੀਂ ਦੇ ਰਹੀ। ਲੋਕਾਂ ਨਾਲ ਕੀਤੇ ਘਰ ਘਰ ਰੁਜ਼ਗਾਰ, ਬੇਘਰੇ ਲੋਕਾਂ ਨੂੰ ਰਿਹਾਇਸ਼ੀ ਪਲਾਟ ਅਤੇ ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤੇ ਵਰਗੇ ਵਾਅਦੇ ਜਿਉਂ ਦੇ ਤਿਉਂ ਖੜੇ ਹਨ। ਜ਼ਿਮਨੀ ਚੋਣ ਕਿਉਂਕਿ ਰਾਜ ਵਿੱਚ ਵਿਸ਼ੇਸ਼ ਹਲਕੇ ਵਿੱਚ ਹੁੰਦੀ ਹੈ। ਇਸ ਲਈ ਹਾਈਕਮਾਨ ਪਾਰਟੀ ਆਪਣਾ ਸਾਰਾ ਅਮਲਾ ਫੈਲਾ ਲੈ ਕੇ ਉਤੇ ਬੈਠ ਜਾਂਦੀ ਹੈ। ਇਥੇ ਵੀ ਇਸ ਤਰ੍ਹਾਂ ਹੋਇਆ ਅਤੇ ਸਰਕਾਰ ਦਾ ਨੱਕ ਰਹਿ ਗਿਆ।

ਇਸ ਚੋਣ ਵਿੱਚ ਤੀਜੇ ਨੰਬਰ ਤੇ ਆਉਣ ਵਾਲੀ ਪਾਰਟੀ ਆਪ ਦੀ ਗੱਲ ਕਰੀਏ ਤਾਂ ਇਸ ਪਾਰਟੀ ਦੇ ਮੁਖੀ ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਨਾ ਹੀ ਸ਼੍ਰੀ ਐਚ.ਐਸ. ਫੂਲਕਾ ਵਰਗੇ ਨੇਤਾ ਇਸ ਚੋਣ ਮੁਹਿੰਮ ਦੌਰਾਨ ਪੰਜਾਬ ਆਏ। ਆਮ ਆਦਮੀ ਪਾਰਟੀ ਜੋ ਫਰਵਰੀ 16 ਦੀਆਂ ਚੋਣਾਂ ਵਿੱਚ ਪੰਜਾਬ ਵਿੱਚ ਸਰਕਾਰ ਬਣਾਉਣ ਦੀ ਦਾਅਵੇਦਾਰ ਸੀ। ਇਸ ਪਾਰਟੀ ਨੂੰ ਭਾਵੇਂ ਰਾਜ ਵਿੱਚ ਵਿਰੋਧੀ ਪਾਰਟੀ ਦਾ ਰੁਤਬਾ ਵੀ ਪ੍ਰਾਪਤ ਹੋ ਗਿਆ। ਇਸ ਚੋਣ ਵਿੱਚ ਬੇਸ਼ੱਕ ਇਸਦੇ ਸੁਖਪਾਲ ਸਿੰਘ ਖਹਿਰਾ ਅਤੇ ਭਗਵੰਤ ਮਾਣ ਵਰਗੇ ਧੂਆਂ ਧਾਰ ਭਾਸ਼ਣ ਕਰਨ ਵਾਲੇ ਨੇਤਾ ਸਨ। ਫਿਰ ਵੀ ਉਹ ਆਪਣੀ ਪਾਰਟੀ ਦੇ ਉਮੀਦਵਾਰ ਕੈਪਟਨ ਸੁਰੇਸ਼ ਖਜ਼ੂਰੀਆ ਦੀ ਜ਼ਮਾਨਤ ਬਚਾਉਣ ਵਿੱਚ ਵੀ ਸਫਲ ਨਹੀਂ ਹੋ ਸਕੇ।

ਗੁਰਦਾਸਪੁਰ ਚੋਣ ਦਾ ਇੱਕ ਦਿਲਚਸਪ ਪਹਿਲੂ ਇਹ ਰਿਹਾ ਕਿ ਇਕ ਵਾਰ ਇਥੋ ਦੇ ਵੋਟਰਾਂ ਨੇ ਇਸ ਜ਼ਿਮਨੀ ਚੋਣ ਵਿੱਚ ਪਹਿਲਾਂ ਭਾਵ ਨਾ ਤਾਂ 2014 ਦੀਆਂ ਲੋਕ ਸਭਾ ਚੋਣਾਂ ਅਤੇ ਨਾ ਹੀ 2016 ਦੀਆਂ ਵਿਧਾਨ ਸਭਾ ਚੋਣਾਂ ਜਿੰਨੀ ਰੁਚੀ ਨਹੀਂ ਦਿਖਾਈ। ਕਿਉਂਕਿ 2014 ਦੀਆਂ ਚੋਣਾਂ ਵਿੱਚ ਲੋਕਾਂ ਨੂੰ ਕੇਂਦਰ ਦੀ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਅਤੇ ਅਜਿਹੀ ਹੀ 2016 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਨੂੰ ਅਕਾਲੀ-ਭਾਜਪਾ ਦੇ ਦਸ ਸਾਲਾਂ ਰਾਜ ਤੋਂ ਅੱਗੇ ਹੋਏ ਲੋਕਾਂ ਨੇ ਬੜੇ ਜੋਸ਼ ਨਾਲ ਪਹਿਲੀਆਂ ਸਰਕਾਰਾਂ ਨੂੰ ਗਲੋਂ ਲਾਹੁਣ ਲਈ ਬੜੇ ਜੋਸ਼ ਨਾਲ ਆਪਣੇ ਵੋਟ ਦੇ ਹੱਕ ਦੀ ਵਰਤੋਂ ਕੀਤੀ ਸੀ। ਪ੍ਰੰਤੂ ਹੁਣ ਲੋਕਾਂ ਨੇ ਪੰਜਾਬ ਦੀ ਵਰਤਮਾਨ ਕਾਂਗਰਸ ਸਰਕਾਰ ਦਾ ਪ੍ਰਦਰਸ਼ਨ ਪਿਛਲੇ ਛੇ ਸੱਤ ਮਹੀਨਿਆਂ ਵਿੱਚ ਵੇਖ ਲਿਆ ਹੈ ਤਾਂ ਉਹਨਾਂ ਨੂੰ ਇਸ ਸਰਕਾਰ ਤੋਂ ਕਿਸੇ ਖਾਸ ਕ੍ਰਿਸ਼ਮੇ ਦੀ ਆਸ ਨਹੀਂ ਰਹੀ। ਇਸੇ ਲਈ ਇਥੇ ਵੋਟ ਪ੍ਰਤੀਸ਼ਤ ਕੇਵਲ 56 ਪ੍ਰਤੀਸ਼ਤ ਤੇ ਹੀ ਸਿਮਟ ਕੇ ਰਹਿ ਗਿਆ।

ਜਿਵੇ ਕਿ ਅਸੀਂ ਉਪਰ ਕਿਹਾ ਹੈ ਕਿ ਇਸ ਚੋਣ ਵਿੱਚ ਜਨ ਸਧਾਰਣ ਨੇ ਪਹਿਲਾਂ ਦੀ ਨਿਸਬਤ ਘੱਟ ਰੁੱਚੀ ਦਿਖਾਈ ਪ੍ਰੰਤੂ ਇਸ ਚੋਣ ਦੀ ਮਜ਼ੇਦਾਰ ਗੱਲ ਇਹ ਹੈ ਰਹੀ ਹੈ ਕਿ ਸਾਡੇ ਕੁਝ ਰਿਵਾਇਤੀ ਕਿਸਮ ਦੇ ਸਿਆਸੀ ਅਤੇ ਧਾਰਮਿਕ ਈਸਾਈ ਨੇਤਾ ਬੜੇ ਸਰਗਰਮ ਨਜ਼ਰ ਆਏ। ਇਹਨਾਂ ਨੇ ਆਪਣੀ ਮਨ ਪਸੰਦ ਦੀ ਪਾਰਟੀ ਜਾਂ ਉਮੀਦਵਾਰ ਨੂੰ ਜਿਤਾਉਣ ਲਈ ਸੋਸ਼ਲ ਮੀਡੀਆ, ਅਖਬਾਰਾਂ ਅਤੇ ਹੋਰ ਪ੍ਰਚਾਰ ਮਾਧਿਅਮਾਂ ਰਾਹੀਂ ਪੁਰਜ਼ੋਰ ਅਪੀਲਾਂ ਕੀਤੀਆਂ। ਇਹਨਾਂ ਨੇ ਅਕਾਲੀ-ਭਾਜਪਾ ਅਤੇ ਕਾਂਗਰਸੀ ਉਮੀਦਵਾਰਾਂ ਦੀ ਜਿੱਤ ਲਈ ਗਿਰਜਾਘਰਾਂ ਅਤੇ ਹੋਰ ਪ੍ਰਾਰਥਨਾ ਸਭਾਵਾਂ ਵਿੱਚ ਬੜੇ ਜ਼ੋਰ ਨਾਲ ਪ੍ਰਾਰਥਨਾਵਾਂ ਵੀ ਕੀਤੀਆਂ। ਜਿਥੋਂ ਤੱਕ ਕਿਸੇ ਸੰਗਠਨ ਜਾਂ ਕਿਸੇ ਨੇਤਾ ਵਲੋਂ ਜੋ ਆਪਣੇ ਅਸਰ ਹੇਠਲੇ ਲੋਕਾਂ ਦੀ ਆਰਥਿਕ, ਰਾਜਨੀਤਿਕ, ਧਾਰਮਿਕ, ਜਾਂ ਕਿਸੇ ਹੋਰ ਖੇਤਰ ਵਿੱਚ ਹਾਲਤ ਸੁਧਾਰਨ ਲਈ ਕੋਈ ਸੰਘਰਸ਼ ਕਰਦਾ ਹੈ ਤਾਂ ਉਸਨੂੰ ਲੋਕਤੰਤਰ ਵਿੱਚ ਪੂਰਾ ਅਧਿਕਾਰ ਹੈ ਕਿ ਜਿਸ ਰਾਜਸੀ ਦਲ ਨੇ ਜਾਂ ਉਮੀਦਵਾਰ ਨੇ ਆਪਣੀ ਜਿੱਤ ਤੋਂ ਬਾਅਦ ਉਸਦੀ ਬਰਾਦਰੀ ਦੀ ਬਾਂਹ ਫੜਨ ਦੀ ਕੋਈ ਗੱਲ ਕਰੇਗਾ ਤਾਂ ਅਜਿਹੀ ਪਾਰਟੀ ਜਾਂ ਵਿਅਕਤੀ ਲਈ ਉਹ ਦਿਨ ਰਾਤ ਉਸ ਪਾਰਟੀ ਜਾਂ ਉਮੀਦਵਾਰ ਦੀ ਜਿੱਤ ਦੀ ਕਾਮਨਾ ਕਰਨਾ ਫਬਦਾ ਹੈ। ਲੋਕਾਂ ਨੂੰ ਅਜਿਹੇ ਨੇਤਾਵਾਂ ਦੀ ਕਦਰ ਕਰਨੀ ਚਾਹੀਦੀ ਹੈ।

ਪ੍ਰੰਤੂ ਵੱਖ ਵੱਖ ਪਾਰਟੀਆਂ ਦੇ ਹੱਕ ਵਿੱਚ ਵੋਟਾਂ ਭੁਗਤਾਉਣ ਦੀਆਂ ਅਪੀਲਾਂ ਅਤੇ ਦਲੀਲਾਂ ਜਾਰੀ ਕਰਨ ਵਾਲੇ ਇਹਨਾਂ ਭਦਰ-ਪੁਰਸ਼ਾਂ ਨੂੰ ਰਾਜ ਦੀ ਈਸਾਈ ਜਨਤਾ ਇਹ ਪ੍ਰਸ਼ਨ ਕਰਨ ਦਾ ਅਧਿਕਾਰ ਨਹੀਂ ਰੱਖਦੀ ਕਿ ਉਹਨਾਂ ਨੇ ਆਪਣੀਆਂ ਲੂੰਬੜ ਚਾਲਾਂ ਚੱਲ ਕੇ ਅੱਜ ਤੱਕ ਈਸਾਈ ਬਰਾਦਰੀ ਦੇ ਭਲੇ ਲਈ ਕੀ ਕੀਤਾ ਹੈ? ਇਹ ਸਵਾਲ ਵੀ ਪੁੱਛਿਆ ਜਾ ਸਕਦਾ ਹੈ? ਜਿਸ ਪਾਰਟੀ ਜਾਂ ਉਮੀਦਵਾਰ ਦੇ ਹੱਕ ਵਿੱਚ ਤੁਸੀਂ ਹੁਣ ਪ੍ਰਚਾਰ ਕਰ ਰਹੇ ਹੋ, ਉਹਨਾਂ ਨਾਲ ਤੁਹਾਡੀ ਕੀ ਗੱਲਬਾਤ ਹੋਈ ਹੈ? ਕੀ ਉਹ ਜਿੱਤਣ ਤੋਂ ਬਾਅਦ ਈਸਾਈ ਬਰਾਦਰੀ ਦੇ ਕਿਹੜੇ ਕਿਹੜੇ ਮਸਲੇ ਹੱਲ ਕਰਨਗੇ? ਚਾਹੀਦਾ ਤਾਂ ਇਹ ਸੀ ਕਿ ਜਿਸ ਪਾਰਟੀ ਦੇ ਹੱਕ ਵਿੱਚ ਤੁਸੀਂ ਚੋਣ ਪ੍ਰਚਾਰ ਕਰਦੇ ਹੋ, ਉਸਦਾ ਪ੍ਰੋਗਰਾਮ ਪਹਿਲਾਂ 'ਈਸਾਈ ਜਨਤਾ ਦੀ ਸੱਥ' ਵਿੱਚ ਰੱਖਿਆ ਜਾਂਦਾ ਕਿ ਇਸ ਪਾਰਟੀ ਕੋਲ ਸਾਡੇ ਭਾਈਚਾਰੇ ਦੇ ਕਲਿਆਣ ਲਈ ਇਹ ਜਾਂ ਉਹ ਯੋਜਨਾ ਹੈ। ਜੇਕਰ ਸਾਡੇ ਅਜਿਹੇ ਹਰ ਵੰਨਗੀ ਦੇ ਨੇਤਾ ਇਹ ਦੱਸਣ ਵਿੱਚ ਅਸਫਲ ਰਹੇ ਹਨ ਤਾਂ ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਸਾਡੇ ਅਜਿਹੇ ਨੇਤਾਵਾਂ ਕੋਲ ਕੇਵਲ ਆਪਣੀ ਸਵਾਰਥ ਸਿੱਧੀ ਦਾ ਕੋਈ ਲੁਕਵਾਂ ਏਜੰਡਾ ਹੈ। ਜਿਸਦੀ ਪੂਰਤੀ ਲਈ ਉਹ ਹਰ ਚੋਣ ਸਮੇਂ ਇਸ ਤਰ੍ਹਾਂ ਦੇ ਹੱਥ ਕੰਡੇ ਅਪਣਾਉਂਦੇ ਰਹਿੰਦੇ ਹਨ।

ਧਾਰਮਿਕ ਖੇਤਰ ਵਿੱਚ ਉਹ ਕਿਸੇ ਚੋਣ ਸਮੇਂ ਇਹ ਦੱਸਣ ਤੇ ਸਾਰਾ ਜ਼ੋਰ ਲਗਾ ਦਿੰਦੇ ਹਨ ਕਿ ਰਾਜ ਵਿੱਚ ਈਸਾਈਆਂ ਦੀ ਅਬਾਦੀ 20 ਤੋਂ 30 ਲੱਖ ਤੱਕ ਹੈ। ਜਦੋਂ ਕਿ ਉਹਨਾਂ ਨੂੰ ਰਾਜ ਵਿੱਚ ਅਸਲ ਵਿੱਚ ਕਿੰਨੀ ਈਸਾਈ ਵਸੋਂ ਹੈ? ਜਾਂ ਉਹਨਾਂ ਦੀ ਮਰਦਮਸ਼ੁਮਾਰੀ ਜੋ ਕਿ ਦੇਸ਼ ਵਿੱਚ ਦਸ ਸਾਲਾਂ ਬਾਅਦ ਹੁੰਦੀ ਹੈ? ਕਦੇ ਉਹਨਾਂ ਨੇ ਰਾਜ ਦੀ ਈਸਾਈ ਬਰਾਦਰੀ ਨੂੰ ਇਹ ਅਪੀਲ ਕੀ ਹੈ ਕਿ ਉਹ ਧਰਮ ਦੇ ਖਾਨੇ ਵਿੱਚ ਆਪਣਾ ਧਰਮ ਈਸਾਈ ਜਾਂ ਮਸੀਹੀ ਲਿਖਵਾਉਣ। ਸੋ ਇਸ ਦਿਸ਼ਾ ਵਿੱਚ ਇਹਨਾਂ ਨੇ ਕਦੇ ਕੱਖ ਭੰਨ ਕੇ ਦੋਹਰਾ ਨਹੀਂ ਕੀਤਾ। ਫਿਰ ਇਹਨਾਂ ਨੂੰ ਇਹ ਸੁਪਨਾ ਕਿਥੋਂ ਆ ਜਾਂਦਾ ਹੈ ਕਿ ਰਾਜ ਵਿੱਚ ਈਸਾਈਆਂ ਦੀ ਵਸੋਂ 20 ਤੋਂ 30 ਲੱਖ ਹੈ? ਜਦੋਂ ਕਿਤੇ ਈਸਾਈਆਂ ਨੂੰ ਈਸਾਈ ਜਾਂ ਮਸੀਹੀ ਲਿਖਵਾਉਣ ਦੀ ਗੱਲ ਚਲਦੀ ਹੈ ਤਾਂ ਉਸ ਸਮੇਂ ਅਜਿਹੇ ਲੋਕ ਇਹ ਦਲੀਲ ਦਿੰਦੇ ਹਨ ਕਿ ਪ੍ਰਭੂ ਯਿਸੂ ਕੋਈ ਜਾਤ ਜਾਂ ਧਰਮ ਬਣਾਉਣ ਲਈ ਨਹੀਂ ਆਏ। ਇਹ ਗੱਲ ਸੱਚ ਹੈ ਕਿ ਪ੍ਰਭੂ ਯਿਸੂ ਮਸੀਹ ਦਾ ਮੁਕਤੀ ਦਾ ਦੁਆਰ ਸੰਸਾਰ ਦੇ ਸਾਰੇ ਲੋਕਾਂ ਲਈ ਖੁਲ੍ਹਾ ਹੈ ਪ੍ਰੰਤੂ ਵਚਨ ਇਹ ਵੀ ਦੱਸਦਾ ਹੈ ਕਿ ਪ੍ਰਭੂ ਯਿਸੂ ਦੇ ਨਾਮ ਲੇਵਾ ਲੋਕ ਅੰਤਾਕਿਯਾ ਵਿੱਚ ਮਸੀਹੀ ਅਖਵਾਏ। ਅਤੇ ਇਹ ਅਖਵਾਉਣ ਵਾਲੇ ਉਹ ਪਹਿਲੇ ਚੇਲਿਆਂ ਜਾਂ ਵਿਸ਼ਵਾਸੀ ਲੋਕਾਂ ਵਿੱਚ ਸਨ। ਫਿਰ ਸਾਨੂੰ ਅਜਿਹਾ ਕਹਾਉਣ ਵਿੱਚ ਜਦੋਂ ਉਹਦੇ ਕਹਾਉਂਦੇ ਹਾਂ, ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਰਹੀ ਗੱਲ ਉਹਨਾਂ ਲੋਕਾਂ ਦੀ ਜੋ ਕੇਵਲ ਚੋਣ ਸਮੇਂ ਹੀ ਈਸਾਈ ਅਬਾਦੀ ਨੂੰ ਵਧਾਅ ਚੜਾਅ ਕੇ ਦੱਸਦੇ ਹਨ। ਉਹਨਾਂ ਨੂੰ ਅਸਲ ਵਿੱਚ ਈਸਾਈ ਅਬਾਦੀ ਕਿੰਨੀ ਹੈ? ਘੱਟ ਹੈ, ਵੱਧ ਰਹੀ ਹੈ, ਵੱਧ ਕਿਉਂ ਨਹੀਂ ਰਹੀ? ਆਦਿ ਬਾਰੇ ਕੋਈ ਸਰੋਕਾਰ ਨਹੀਂ ਹੈ। ਉਹ ਤਾਂ ਅਜਿਹਾ ਇਸ ਲਈ ਕਹਿੰਦੇ ਹਨ ਕਿ ਕੋਈ ਪਾਰਟੀ ਇਹ ਮਹਿਸੂਸ ਕਰੇ ਕਿ ਵੀਹ ਜਾਂ ਤੀਹ ਲੱਖ ਵਾਲਾ ਨੇਤਾ ਤਾਂ ਉਹ ਖੜਾ ਹੈ, ਕੁਰਸੀ ਜਾਂ ਅਹੁਦੇ ਦੀ ਗੱਲਬਾਤ ਉਸ ਨਾਲ ਹੀ ਕੀਤੀ ਜਾਵੇ। ਉਂਜ ਕਿਸੇ ਵੀ ਪਾਰਟੀ ਵਿੱਚ ਇਹਨਾਂ ਦੀ ਕੋਈ ਖਾਸ ਪੁੱਛ ਪ੍ਰਤੀਤ ਨਹੀਂ ਹੈ, ਜੇਕਰ ਹੁੰਦੀ ਤਾਂ ਇਹਨਾਂ ਨੂੰ ਘੱਟੋ ਘੱਟ ਵਿਧਾਨ ਸਭਾ ਦੀ ਟਿਕਟ ਜ਼ਰੂਰ ਮਿਲਦੀ।

ਪਿਛਲੇ ਚਾਰ ਪੰਜ ਮਹੀਨੇ ਪਹਿਲਾਂ ਲੁਧਿਆਣਾ ਵਿੱਚ ਇੱਕ ਸਤਿਕਾਰਯੋਗ ਪਾਸਟਰ ਸੁਲਤਾਨ ਮਸੀਹ ਜੀ ਦੀ ਕੁਝ ਅਣਪਛਾਤੇ ਵਿਅਕਤੀਆਂ ਵਲੋਂ ਹੱਤਿਆ ਕਰ ਦਿੱਤੀ ਗਈ। ਜਿਸ ਤੇ ਕੇਵਲ ਈਸਾਈ ਭਾਈਚਾਰੇ ਨੇ ਹੀ ਨਹੀਂ ਸਗੋਂ ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਸਾਰੇ ਲੋਕਾਂ ਨੇ ਦੁੱਖ ਦੇ ਰੋਸ ਦਾ ਪ੍ਰਗਟਾਵਾ ਕੀਤਾ। ਇਸ ਤੇ ਸਰਕਾਰ ਵਲੋਂ ਦੁਖੀ ਪਰਿਵਾਰ ਨੂੰ ਪੰਜ ਲੱਖ ਦੀ ਸਹਾਇਤਾ ਅਤੇ ਉਨ੍ਹਾਂ ਦੇ ਪਰਿਵਾਰ ਵਿਚੋਂ ਇੱਕ ਮੈਂਬਰ ਨੂੰ ਨੌਕਰੀ ਦੇਣ ਦਾ ਐਲਾਨ ਕੀਤਾ ਗਿਆ। ਪ੍ਰੰਤੂ ਏਨਾ ਸਮਾਂ ਬੀਤ ਜਾਣ ਤੇ ਵੀ ਇ ਨਿਗੂਣੀ ਸਹਾਇਤਾ ਅਤੇ ਉਨ੍ਹਾਂ ਦੇ ਬੇਟੇ ਨੂੰ ਨੌਕਰੀ ਦਾ ਸਰਕਾਰ ਵਲੋਂ ਕੀਤਾ ਗਿਆ ਵਾਅਦਾ ਵੀ ਪੂਰਾ ਨਹੀਂ ਕੀਤਾ ਜਾ ਸਕਿਆ। ਸਾਡੇ ਜੋ ਨੇਤਾ ਕੈਪਟਨ ਸਰਕਾਰ ਦੇ ਉਮੀਦਵਾਰ ਨੂੰ ਜਿਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਰਹੇ। ਉਹਨਾਂ ਦੀ 'ਰਹਿਮ ਦੀ ਨਜ਼ਰ' ਉਸ ਪੀੜਿਤ ਪਰਿਵਾਰ ਵੱਲ ਨਹੀਂ ਗਈ ਕਿ ਉਹ ਇਸ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਵੀ ਆਪਣਾ ਅਸਰ ਰਸੂਖ ਵਰਤਦੇ। ਇਥੇ ਇਹ ਗੱਲ ਵੀ ਵਰਣਨਯੋਗ ਹੈ ਕਿ ਅਜਿਹੇ ਮਸਲੇ ਸੰਘਰਸ਼ ਕੀਤੇ ਤੋਂ ਬਗੈਰ ਨੇਪਰੇ ਨਹੀਂ ਚੜ੍ਹਦੇ। ਅਜਿਹਾ ਜੇਕਰ ਕਿਸੇ ਕਿਸਾਨ ਯੂਨੀਅਨ ਦੀ ਕਿਸੇ ਰੈਲੀ ਵਿੱਚ ਕਿਸੇ ਦੀ ਮੌਤ ਹੋ ਜਾਂਦੀ ਤਾਂ ਉਨ੍ਹਾਂ ਨੇ ਆਪਣੀ ਜਦੋ ਜਹਿਦ ਉਦੋਂ ਤੱਕ ਨਹੀਂ ਸੀ ਛੱਡਣੀ ਜਦ ਤੱਕ ਉਹ ਉਕਤ ਰਕਮ ਪ੍ਰਾਪਤ ਨਾ ਕਰ ਲੈਂਦੇ। ਪ੍ਰੰਤੂ ਅਸੀਂ ਜਥੇਬੰਦਕ ਸੰਘਰਸ਼ ਕਰਨਾ ਨਹੀਂ ਸਿੱਖਿਆ।

ਆਰਥਿਕ ਖੇਤਰ ਵਿੱਚ ਵੀ ਸਾਡੇ ਅਜਿਹੇ ਮਹਾਰਾਥੀਆਂ ਦੀ ਪ੍ਰਾਪਤੀ ਵੀ ਨਿਗੁਣੀ ਜਿਹੀ ਹੈ। ਪਿਛਲੇ ਦਿਨੀ ਸਰਕਾਰ ਨੇ ਬੇਘਰੇ ਮਜ਼ਦੂਰਾਂ ਨੂੰ ਪਲਾਟ ਦੇਣ ਲਈ ਇੱਕ ਪੱਤਰ ਨੰ 60/09/2017 ਐਲ.ਡੀ./ਜ. 7812 ਮਿਤੀ 29-8-2017 ਪੇਂਡੂ ਵਿਕਾਸ ਅਤੇ ਪੰਚਾਇਤੀ ਵਿਭਾਗ ਰਾਜ ਦੇ ਡਿਪਟੀ ਕਮਿਸ਼ਨਰਾਂ ਨੂੰ ਜਾਰੀ ਕੀਤਾ ਗਿਆ। ਜਿਸ ਰਾਹੀਂ ਬੇਘਰੇ ਮਜ਼ਦੂਰਾਂ ਤੋਂ ਅਰਜ਼ੀਆਂ ਦੀ ਮੰਗ ਮਿਤੀ 30-9-2017 ਤੱਕ ਕੀਤੀ ਜਿਸ ਅਨੁਸਾਰ ਹਰੇਕ ਮਜ਼ਦੂਰ ਦੇ ਜਿਸਦੇ ਆਪਣੇ ਕੋਲ ਪੰਜ ਮਰਲੇ ਦਾ ਪਲਾਟ ਹੈ ਅਤੇ ਉਸਦੇ ਦੋ ਸ਼ਾਦੀ ਸ਼ੁਦਾ ਪੁੱਤਰ ਵੀ ਉਸੇ ਘਰ ਵਿੱਚ ਰਹਿੰਦੇ ਹਨ ਤਾਂ ਉਹਨਾਂ ਦੇ ਪਲਾਟਾਂ ਦੀ ਫਾਰਮ ਭਲੇ ਜਾਣੇ ਸਨ। ਪੰਜਾਬ ਬੇਘਰੇ ਈਸਾਈਆਂ ਦੀ ਗਿਣਤੀ 50,000 ਹੈ। ਪ੍ਰੰਤੂ ਦੋਹਾਂ ਪ੍ਰਮੁੱਖ ਪਾਰਟੀਆਂ ਨਾਲ ਜੁੜੇ ਕਿਸੇ ਵੀ ਨੇਤਾ ਨੇ ਈਸਾਈਆਂ ਨੂੰ ਇਸ ਗੱਲ ਵਿੱਚ ਸੇਧ ਦੇਣ ਲਈ ਗੋਹੜੇ ਚੋਂ ਪੂਣੀ ਨਹੀਂ ਕੱਤੀ। ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਕੁਝ ਸ਼ਾਤਰ ਸਿਆਸਦਾਨਾਂ ਨੇ ਕੁਝ ਚਰਚ ਮੁਖੀਆਂ ਨੂੰ ਕੁਝ ਫਾਰਮ ਦਿੱਤੇ ਕਿ ਫਾਰਮ ਲੋਕਾਂ ਨੂੰ ਪਲਾਟ ਦੇਣ ਲਈ ਭਰੇ ਜਾਣ। ਮਗਰੋਂ ਚੋਣ ਜਾਬਦਾ ਲੱਗ ਗਿਆ ਅਤੇ ਉਹ ਫਾਰ ਇਥੇ ਹੀ ਰੁਲਦੇ ਫਿਰਦੇ ਹਨ। ਹੁਣ ਪੇਂਡੂ ਮਜ਼ਦੂਰ ਯੂਨੀਅਨ ਤੱਕ ਪੁੱਜਦੇ ਕਰ ਰਹੇ ਹਨ।

ਪ੍ਰੰਤੂ ਆਪਣੇ ਉਹਨਾਂ ਨੇਤਾਵਾਂ ਨੂੰ ਜੋ ਪਿਛਲੇ 70 ਸਾਲਾਂ ਵਿੱਚ ਈਸਾਈਆਂ ਦਾ ਕੋਈ ਸਿਆਸੀ ਆਰਥਿਕ, ਸਮਾਜਿਕ ਜਾਂ ਕੋਈ ਧਾਰਮਿਕ ਮਸਲਾ ਹੱਲ ਕਰਵਾਉਣ ਲਈ ਕੋਈ ਸੇਧ ਨਹੀਂ ਦੇ ਸਕੇ ਪ੍ਰੰਤੂ ਈਸਾਈਆਂ ਨੂੰ ਵੱਖੋ ਵੱਖ ਪਾਰਟੀਆਂ ਨੂੰ ਵੋਟਾਂ ਪਾਉਣ ਲਈ ਅਪੀਲਾਂ ਕਰਦੇ ਹਨ। ਗੁਰਦਾਸਪੁਰ ਚੋਣ ਆਈ ਅਤੇ ਲੰਘ ਗਈ। ਪ੍ਰੰਤੂ ਸਾਡੇ ਸਾਮ੍ਹਣੇ ਕਈ ਸਵਾਲ ਬੜੇ ਸਪਸ਼ਟ ਰੂਪ ਵਿੱਚ ਛੱਡ ਗਈ ਹੈ ਜਿਵੇਂ ਕਿਸੇ ਸ਼ਾਇਰ ਨੇ ਕਿਹਾ ਹੈ "ਛੁੱਟਤੀ ਨਹੀਂ ਯੇ ਕਾਫਰ ਮੂ ਸੇ ਲੱਗੀ ਹੋਈ ਹੈ’’ ਕਿਉਂਕਿ ਇਹ ਕੋਈ ਆਖਰੀ ਚੋਣ ਨਹੀਂ ਹੈ। ਇਸ ਲਈ ਅਗਲੀ ਵਾਰ ਨੂੰ ਕੌਮ ਦੇ ਇਹ ਅਖੌਤੀ ਹਮਦਰਦ ਬਣ ਕੇ ਫਿਰ ਤੁਹਾਡੇ ਦਰਾਂ ਤੇ ਆਉਣਗੇ।

ਤਾਂ ਈਸਾਈ ਜਨਤਾ ਇਹਨਾਂ ਨੂੰ ਸਵਾਲ ਪੁੱਛਣ ਦਾ ਅਧਿਕਾਰ ਰੱਖਦੀ ਹੈ ਕਿ ਹੁਣ ਤੱਕ ਤੁਹਾਡੀ ਕੂਟਨੀਤੀ ਨੇ ਕੌਮ ਦਾ ਕੀ ਸੰਵਾਰਿਆ ਹੈ? ਹੁਣ ਤੱਕ ਆਪਣੇ ਲੋਕਾਂ ਦਾ ਜੀਵਨ ਪੱਧਰ ਸੁਧਾਰਨ ਲਈ ਕੀ ਰੋਲ ਅਦਾ ਕੀਤਾ ਹੈ? ਜਿਸ ਪਾਰਟੀ ਦੇ ਹੱਕ ਵਿੱਚ ਤੁਸੀਂ ਪ੍ਰਚਾਰ ਕਰਦੇ ਰਹੇ ਹੋ, ਉਨ੍ਹਾਂ ਕੋਲ ਈਸਾਈਆਂ ਦੇ ਭਲੇ ਲਈ ਕੀ ਪ੍ਰੋਗਰਾਮ ਹੈ? ਜੇਕਰ ਉਹ ਤੁਹਾਡੇ ਪ੍ਰਸ਼ਨਾਂ ਦਾ ਤੱਸਲੀਬੱਖਣ ਉੱਤਰ ਨਾ ਦੇਣ ਤਾਂ ਅਜਿਹੇ ਲੋਕਾਂ ਨੂੰ ਈਸਾਈਆਂ ਨੂੰ ਕਿਸੇ ਲਈ ਵੋਟਾਂ ਦਾ ਕਹਿਣ ਦਾ ਕੋਈ ਅਧਿਕਾਰ ਨਹੀਂ ਹੋਣਾ ਚਾਹੀਦਾ।

## ਗ੍ਰਾਮੋਫੋਨ ਮਸ਼ੀਨਾਂ ਤੇ ਤਵੇ ਰੱਖਣ ਦਾ ਸ਼ੌਕੀ ‘ਸੁਖਵਿੰਦਰ ਸਿੰਘ ਅਟਵਾਲ’

(ਸਫਾ 6 ਦੀ ਬਾਕੀ)

ਬਾਵਾ, ਜਗਮੋਹਣ ਕੌਰ, ਕੇ ਦੀਪ, ਗੁਰਚਰਨ ਪੋਹਲੀ, ਧੰਨਾ ਸਿੰਘ ਰੰਗੀਲਾ, ਗੁਰਪਾਲ ਸਿੰਘ ਪਾਲ ਆਦਿ ਸਾਮਿਲ ਹਨ। ਇਹ ਪੁਰਾਤਨ ਅਤੇ ਵਿਰਸੇ ਨਾਲ ਸਬੰਧਿਤ ਗ੍ਰਾਮੋਫੋਨ ਮਸ਼ੀਨਾਂ ਤੇ ਚੰਗੀ ਕੁਆਲਟੀ ਦੇ ਰਿਕਾਰਡ ਉਸ ਨੇ ਸਖਤ ਮਿਹਨਤ ਨਾਲ ਸਾਲਾ ਬੱਧੀ ਆਪਣੀਆਂ ਜੇਬਾਂ ’ਚੋਂ ਪੈਸੇ ਖਰਚ ਕਰਕੇ ਸਮੁੱਚੇ ਪੰਜਾਬ ’ਚੋਂ ਵੱਖ-ਵੱਖ ਸਹਿਰਾਂ ਤੇ ਪਿੰਡਾਂ ਦੀ ਖਾਕ ਛਾਣ ਕੇ ਇਕੱਠੇ ਕੀਤੇ ਹਨ। ਜਿਥੇ ਵੀ ਤਵਿਆਂ ਦਾ ਪਤਾ ਲੱਗਦਾ ਹੈ, ਉਹ ਅੱਜ ਵੀ ਉਥੇ ਪਹੁੰਚ ਜਾਂਦਾ ਹੈ। ਉਸ ਨੇ ਇਹ ਪੁਰਾਣੇ ਪੰਜਾਬੀ ਗੀਤਾਂ ਦੇ ਰਿਕਾਰਡਜ਼ ਅਤੇ ਗ੍ਰਾਮੋਫੋਨ ਮਸ਼ੀਨਾਂ ਦਾ ਖਜ਼ਾਨਾ ਆਪਣੇ ਘਰ ਸਾਂਭਿਆ ਹੋਇਆ ਹੈ। ਉਨ੍ਹਾਂ ਦੇ ਇਸ ਕੰਮ ਵਿਚ ਉਨ੍ਹਾਂ ਦੇ ਪੁੱਤਰ ਮਨਪ੍ਰੀਤ ਬੌਬੀ ਤੇ ਰਿੰਕੀ ਵੀ ਪੂਰਾ ਸਾਥ ਦੇ ਰਹੇ ਹਨ। ਸੰਗੀਤ ਨੂੰ ਪਿਆਰ ਕਰਨ ਵਾਲੇ ਪੁਰਾਣੇ ਸੰਗੀਤ ਦੇ ਦੀਵਾਨੇ ਲੋਕ ਉਸ ਕੋਲ ਅਕਸਰਰ ਹੀ ਗੀਤਾਂ ਦਾ ਅਨੰਦ ਲੈਣ ਲਈ ਆਉਂਦੇ ਰਹਿੰਦੇ ਹਨ। ਸੁਖਵਿੰਦਰ ਸਿੰਘ ਨੇ ਕਿਹਾ ਕਿ ਮੌਜੂਦਾ ਨੋਜਵਾਨ ਪੀੜ੍ਹੀ ਪੱਛਮੀ ਸੰਗੀਤ ਮਗਰ ਲੱਗ ਕੇ ਅਤੇ ਨਸ਼ਿਆਂ ਵੱਸ ਹੋ ਕੇ ਆਪਣੇ ਜੀਵਨ ਨੂੰ ਬਰਬਾਦ ਕਰਨ ਦੀ ਬਜਾਏ ਆਪਣੇ ਪੁਰਾਤਨ ਵਿਰਸੇ ਨਾਲ ਜੁੜੇ। ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਆਧੁਨਿਕਵਾਦ ਨੂੰ ਅਪਣਾਉਣ ਦੇ ਨਾਲ-ਨਾਲ ਆਪਣੀਆਂ ਪੁਰਾਣੀਆਂ ਵਿਰਾਸਤੀ ਚੀਜ਼ਾਂ ਦੀ ਵੀ ਸੰਭਾਲ ਕਰਨੀ ਕਰਨੀ ਚਾਹੀਦੀ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਅਜਿਹੀਆਂ ਪੁਰਾਣੀਆਂ ਚੀਜ਼ਾਂ ਨੂੰ ਵੇਖ ਵੇਖ ਕੇ ਆਪਣੇ ਪੁਰਾਣੇ ਪੰਜਾਬ ਦੇ ਦਰਸ਼ਨ ਕਰਦੀਆਂ ਰਹਿਣ।

## ਗੁਰੂ ਨਾਨਕ ਸਾਹਿਬ ਨੇ ਨੀਚਾਂ ਨੂੰ ਊਚ ਕਿਵੇਂ ਕੀਤਾ?

(ਸਫਾ 6 ਦੀ ਬਾਕੀ)

ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥ ਪਤਿਤ ਜਾਤਿ ਉਤਮ ਭਇਆ ਚਾਰਿ ਵਰਨ ਪਏ ਪਗਿ ਆਇ॥੨॥ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ॥ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥੩॥(੭੩੩) ਸੋ ਭਗਤਾਂ ਤੇ ਗੁਰੂ ਸਾਹਿਬਾਨਾਂ ਜਾਤਿ-ਪਾਤਿ ਤੇ ਵਰਣ-ਵੰਡ ਦੀ ਛੂਆ-ਛਾਤ ਨੂੰ ਉਕਾ ਹੀ ਕਬੂਲ ਨਾ ਕਰਦਿਆਂ ਹੋਇਆਂ ਸਾਂਝੀਆਂ ਸੰਗਤਾਂ ਤੇ ਪੰਗਤਾਂ ਕਾਇਮ ਕੀਤੀਆਂ, ਇੱਕ ਥਾਂ ਰਲ ਕੇ ਇਸ਼ਨਾਨ ਕਰਨ ਲਈ ਸਰੋਵਰ ਬਣਵਾਏ, ਸਰਬਸਾਂਝੇ ਧਰਮ ਅਸਥਾਂਨ ਬਣਾਏ ਤੇ ਕਿਹਾ-ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੇ ਨਾ ਦਿਸਹਿ ਬਾਹਰਾ ਜੀਉ॥(੯੭)

ਅੱਜ ਸਾਡੇ ਧਾਰਮਿਕ ਤੇ ਰਾਜਨੀਤਿਕ ਆਗੂ ਜਾਤਿ-ਪਾਤਿ ਦੇ ਜਾਲ ਵਿੱਚ ਫਸ ਕੇ ਬਾਕੀਆਂ ਨੂੰ ਵੀ ਗੁਮਰਾਹ ਕਰ ਰਹੇ ਹਨ ਜਿਵੇਂ ਬੇਦੀ-ਸੋਢੀ ਅਜੀ ਅਸੀਂ ਗੁਰੂ ਨਾਨਕ ਦੀ ਕੁਲ ਵਿੱਚੋਂ ਹਾਂ, ਅਸੀਂ ਸੋਢੀ ਕੁਲ ਦੇ ਹਾਂ, ਅਸੀਂ ਭੱਲੇ ਹਾਂ ਗੁਰੂ ਕੁਲਾਂ ਪੂਜਣਯੋਗ ਹਨ।ਜਿਸ ਗੁਰੂ ਨੇ ਕਿਸੇ ਜਾਤਿ ਕੁਲ ਨੂੰ ਕੋਈ ਮਾਨਤਾ ਹੀ ਨਾ ਦਿੱਤੀ ਹੋਵੇ, ਉਹ ਪੂਜਣਯੋਗ ਕਿਵੇਂ ਹੋ ਗਈ? ਜੋ ਗੁਰੂ ਦੀ ਜਾਤਿ ਉਹ ਹੀ ਗੁਰੂ ਦੇ ਸਿੱਖ ਦੀ ਜਾਤਿ। ਕੀ ਬੇਦੀ ਤੇ ਸੋਢੀ ਹੀ ਗੁਰੂ ਕੁਲ ਵਿੱਚੋਂ ਤੇ ਬਾਕੀ ਗੁਰੂ ਤੋਂ ਵੱਖਰੇ ਹਨ? ਨਹੀਂ ਅਸੀਂ ਸਾਰੇ ਹੀ ਗੁਰੂ ਦੇ ਸਿੱਖ ਹਾਂ ਨਾ ਕਿ ਬੇਦੀਆਂ ਸੋਢੀਆਂ ਦੇ। ਅੱਜ ਅਸੀਂ ਬੜੇ ਫਕਰ ਨਾਲ ਕਹਿੰਦੇ ਹਾਂ ਇਹ ਜੱਟ ਸਿੱਖ, ਇਹ ਮਜ਼ਬੀ ਸਿੱਖ, ਓਹ ਰਵਿਦਾਸੀਆ ਸਿੱਖ, ਇਹ ਛੀਂਬਾ, ਓਹ ਨਾਈ ਸਿੱਖ ਅਤੇ ਇਹ ਰਾਮਗੜੀਏ ਸਿੱਖ, ਅਸੀਂ ਨਾਮਧਾਰੀ ਸਿੱਖ ਹਾਂ। ਜਿਵੇਂ ਬ੍ਰਾਹਮਣ ਸ਼ੂਦਰਾਂ ਤੋਂ ਨਫਰਤ ਕਰਦਾ ਸੀ ਇਵੇਂ ਹੀ ਅਸੀਂ ਅੱਜ ਇੱਕ ਦੂਜੇ ਤੋਂ ਕਰ ਰਹੇ ਹਾਂ ਇਸਦਾ ਪ੍ਰਤੱਖ ਸਬੂਤ ਅਸੀਂ ਧਰਮ ਅਸਥਾਨ ਵੀ ਵੱਖਰੀ-ਆਂ-ਵੱਖਰੀਆਂ ਜਾਤਾਂ ਬਰਦਰੀਆਂ ਦੇ ਨਾਮ ਤੇ ਬਣਾਏ ਹੋਏ ਹਨ। ਲੜਕੇ ਲੜਕੀ ਦਾ ਰਿਸ਼ਤਾ ਕਰਨ ਵੇਲੇ ਸੌ ਜਾਤਿ ਬਰਾਦਰੀ ਪੁੱਛਦੇ ਹਾਂ ਇਥੋਂ ਤੱਕ ਕਿ ਸਿੱਖੀ ਧਾਰਨ ਕਰਕੇ ਵੀ, ਸਾਡੀ ਜਾਤਿ-ਪਾਤਿ ਵਾਲੀ ਨਫਰਤ ਨਹੀਂ ਜਾਂਦੀ, ਕਿਉਂ?

ਖਾਸ ਕਰਕੇ ਸਿੱਖਾਂ ਵਿੱਚ ਜੱਟ ਬਰਾਦਰੀ ਵਿੱਚ ਜਾਤਿ-ਪਾਤਿ ਸਿਖਰਾਂ ’ਤੇ ਹੈ। ਪਹਿਲੀ ਤਾਂ ਗੱਲ ਜੱਟ ਕਹੀਆਂ ਜਾਂਦੀਆਂ ਨੀਵੀਆਂ ਜਾਂ ਦਲਿਤ ਜਾਤਾਂ ਵਿੱਚ ਰਿਸ਼ਤੇ-ਨਾਤੇ ਕਰਦੇ ਹੀ ਨਹੀਂ, ਜੇ ਕਿਸੇ ਅਤਿ ਮਜਬੂਰੀ ਕਾਰਨ ਕਰਨਾ ਹੀ ਪੈ ਜਾਵੇ ਤਾਂ ਲੜਕੀ ਦਾ ਕਦੇ ਨਹੀਂ ਕਰਗੇ, ਲੜਕਾ ਭਾਵੇਂ ਬਾਗੀ ਹੋ ਕੇ ਕਰ ਲਵੇ। ਜੱਟਾਂ ਦੇ ਪਿੰਡਾਂ ਵਿੱਚ ਵੀ ਦਲਿਤਾਂ ਭਾਵ ਮੰਨੀਆਂ ਗਈਆਂ ਨੀਵੀਆਂ ਜਾਤਾਂ ਦੀਆਂ ਬਸਤੀਆਂ ਵੱਖਰੀਆਂ ਰੱਖੀਆਂ ਜਾਂਦੀਆਂ ਅਤੇ ਖੇਤਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਕਮੀਨ-ਕਾਂਦੂ ਕਿਹਾ ਜਾਂਦਾ ਹੈ। ਨਿਹੰਗ ਸਿੰਘ ਜੋ ਆਪਣੇ ਆਪ ਨੂੰ ਗੁਰੂ ਕੀਆਂ ਲਾਡਲੀਆਂ ਫੌਜਾਂ ਆਖਦੇ ਹਨ, ਖੰਡੇ ਦੀ ਪਹੁਲ ਦਲਿਤਾਂ ਨੂੰ ਚੌਥੇ ਪੌੜੀਏ ਕਹਿ, ਅਲੱਗ ਬਾਟੇ ਵਿੱਚ ਦਿੰਦੇ ਨੇ, ਬਾਣਾ ਸਿੰਘਾਂ ਦਾ ਕਰਮ-ਕਰਤੂਤ ਜਾਤਿ ਅਭਿਮਾਨੀ ਬ੍ਰਾਹਮਣਾਂ ਵਾਲੀ। ਉੱਤੋਂ-ਉੱਤੋਂ ਸਾਡੇ ਬਹੁਤੇ ਪ੍ਰਚਾਰਕ ਤੇ ਪ੍ਰਬੰਧਕ ਸਟੇਜਾਂ ’ਤੇ ਜਰੂਰ-ਏਕੁ ਪਿਤਾ ਏਕਸ ਕੇ ਹਮ ਬਾਰਿਕ॥ (੬੧੧) ਦਾ ਹੋਕਾ ਦਿੰਦੇ ਹਾਨ ਪਰ ਪ੍ਰੈਕਟੀਕਲ ਰੂਪ ਵਿੱਚ ਗੁਰੂ ਦਾ ਹੁਕਮ ਮੰਨ, ਜਾਤਿ-ਪਾਤਿ ਦੇ ਕੋਹੜ ਨੂੰ ਛੱਡਦੇ ਨਹੀਂ। ਹਾਂ ਜੇ ਕਿਤੇ ਕੋਈ ਲੜਕੀ ਲੜਕਾ ਜਾਤਿ ਬਰਾਦਰੀ ਤੋਂ ਉੱਪਰ ਉੱਠ ਕੇ ਗੁਣਾਂ ਅਤੇ ਪ੍ਰੇਮ ਦੇ ਅਧਾਰ ਤੇ ਰਿਸ਼ਤਾ ਕਰ ਵੀ ਲੈਂਦਾ ਹੈ ਤਾਂ ਅਸੀਂ ਮਾਂ-ਬਾਪ ਉਸ ਨੂੰ ਕਬੂਲ ਹੀ ਨਹੀਂ ਕਰਦੇ ਸਗੋਂ ਲੜਕੇ ਲੜਕੀ ਨੂੰ ਕਤਲ ਕਰਨ ਤੱਕ ਚਲੇ ਜਾਂਦੇ ਹਾਂ ਕਿਉਂ? ਪ੍ਰਚੱਲਤ ਕਹਾਵਤ ਅਨੁਸਾਰ "ਹਾਥੀ ਦੇ ਦੰਦ ਖਾਣ ਦੇ ਹੋਰ ਤੇ ਵਿਖਾਣ ਦੇ ਹੋਰ" ਭਾਵ ਕਹਿੰਦੇ ਕੁਛ ਤੇ ਕਰਦੇ ਕੁਛ ਹੋਰ ਹਾਂ। ਉੱਤੋਂ-ਉੱਤੋਂ ਗੁਰੂ ਨੂੰ ਮੱਥਾ ਵੀ ਟੇਕਦੇ, ਪੂਜਾ-ਪਾਠ ਵੀ ਕਰਦੇ, ਗੁਰੂ ਵਾਲੇ ਅੰਮ੍ਰਿਤਧਾਰੀ ਵੀ ਅਖਵਾਉਂਦੇ ਹਾਂ ਪਰ ਗੱਲ ਬਾਮਣ ਗੁਰੂ ਦੀ ਮੰਨਦੇ ਹਾਂ ਪਰ-ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰ ਨਾਹਿ॥ਅਰਝ ਉਰਝ ਕੇ ਪਚਿ ਮੂਆ ਚਾਰੋਂ ਬੇਦੋਂ ਮਾਹਿ॥(੧੩੭੭) ਜਾਤਾਂ ਪਾਤਾਂ ਨੂੰ ਮੰਨਣ ਤੇ ਧਾਰਨ ਵਾਲਿਓ ਦੱਸੋ ਅਸੀਂ ਬਾਮਣ ਦੇ ਸਿੱਖ ਹਾਂ ਜਾਂ ਗੁਰੂ ਦੇ? ਜੋ ਗੁਰੂ ਦਾ ਹੁਕਮ ਹੀ ਨਹੀਂ ਮੰਨਦਾ ਉਹ ਗੁਰੂ ਦਾ ਸਿੱਖ ਕਿਵੇਂ ਹੋ ਸਕਦਾ ਹੈ? ਅੱਜ ਹੁਕਮ ਅਸੀਂ ਗੁਰੂ ਨੁਮਾਂ ਭੇਖੀ ਸਾਧਾਂ-ਸੰਤਾਂ, ਅਖਾਉਤੀ ਜਥੇਦਾਰਾਂ, ਆਪੋ ਆਪਣੀਆਂ ਜਾਤੀ ਪਾਰਟੀਆਂ ਦਾ ਮੰਨਦੇ ਹਾਂ, ਗੁਰੂ ਨੂੰ ਤਾਂ ਐਵੇਂ ਲੋਕ ਦਿਖਾਵੇ ਖਾਤਿਰ ਸੀਸ ਨਿਵਾਉਂਦੇ ਹਾਂ-ਸੀਸ ਨਿਵਾਇਐ ਕਿਆ ਥੀਏ ਜਾਂ ਰਿਦੈ ਕਸੁਧੇ ਜਾਹਿੰ॥(੪੭੦) ਗੁਰੂ ਹੁਕਮ ਨਾਂ ਮੰਨਣਾ ਲੋਕ ਦਿਖਾਵਾ ਨਹੀਂ ਤਾਂ ਹੋਰ ਕੀ ਹੈ? ਇਨ੍ਹਾਂ ਸਤਰਾਂ ਦਾ ਲਿਖਾਰੀ ਇਕੱਲਾ ਲਿਖ ਹੀ ਨਹੀਂ ਰਿਹਾ ਪ੍ਰੈਕਟੀਕਲ ਰੂਪ ਵਿੱਚ ਵੀ ਜਾਤਿ-ਪਾਤਿ ਦੇ ਕੋਹੜ ਨੂੰ ਛੱਡ ਚੁੱਕਾ ਅਤੇ ਕਰਤਾਰ ਪਾਸ ਅਰਦਾਸ ਕਰਦਾ ਹੈ ਕਿ ਉਹ ਜਾਤਿ ਅਭਿਮਾਨੀਆਂ ਨੂੰ ਵੀ ਸੁਮਤਿ ਬਖਸ਼ੇ! ਜੋ ਊਚ-ਨੀਚ ਦੇ ਕੋਹੜ ਨੂੰ ਸਦਾ ਲਈ ਗੁਰੂ ਦਾ ਹੁਕਮ ਮੰਨਦੇ ਹੋਏ ਤਿਆਗ ਦੇਣ।

ਇਉਂ ਬਾਬੇ ਨਾਨਕ, ਉਨ੍ਹਾਂ ਦੇ ਜਾਂਨੀਸ਼ਨਾਂ ਅਤੇ ਰੱਬੀ ਭਗਤਾਂ ਨੇ, ਸਰਬ ਸਾਂਝੀਵਾਲਤਾ ਦਾ ਉਪਦੇਸ਼ ਦੇ, ਸਭ ਨੂੰ ਇੱਕ ਪਿਤਾ ਦੇ ਬੱਚੇ-ਬੱਚੀਆਂ ਦਰਸਾਉਂਦੇ ਹੋਏ, ਨੀਚਾਂ ਨੂੰ ਆਪਣਾ ਭਾਈ ਬਣਾ, ਊਚ ਕਰ ਦਿੱਤਾ।

ਸਾਰੇ ਇੱਕ ਥਾਂ ਖਾ ਪੀ, ਸੰਗਤ ਵਿੱਚ ਬਾਣੀ ਪੜ੍ਹ ਵਿਚਾਰ ਅਤੇ ਕੰਮ ਕਰ ਸਕਦੇ ਹਨ। ਇਸ ਲਈ ਸੰਗਤ-ਪੰਗਤ-ਲੰਗਰ, ਸਰਬਸ਼ਾਂਝੀਆਂ ਧਰਮਸ਼ਾਲਾਵਾਂ ਅਤੇ ਸਰਾਵਾਂ ਬਣਵਾਈਆਂ, ਸਰੋਵਰ, ਬੌਲੀਆਂ, ਅਤੇ ਖੂਹ ਲਗਵਾਏ ਜਿੱਥੇ ਸਾਰੇ ਨਹਾ ਅਤੇ ਪਾਣੀ ਪੀ ਸਕਦੇ ਸਨ। ਅੱਜ ਗੁਰੂ ਬਾਬੇ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਮਨਾਇਆ ਤਾਂ ਹੀ ਮੁਬਾਰਕ ਹੈ ਜੇ ਅਸੀਂ ਉਨ੍ਹਾਂ ਦੇ ਉਪਦੇਸ਼ਾਂ ਨੂੰ, ਆਪਣੇ ਰੋਜ਼ਾਨਾਂ ਜੀਵਨ ਵਿੱਚ ਧਾਰਨ ਕਰੀਏ ਅਤੇ ਜਾਤ-ਪਾਤ, ਊਚ-ਨੀਚ ਵਾਲੇ ਨਫਰਤੀ ਕੋਹੜ ਨੂੰ ਆਪਣੀ ਮਾਨਸਿਕਤਾ ਤੋਂ ਗੁਰੂ ਗਿਆਨ ਦੇ ਨਸ਼ਤਰ ਨਾਲ ਕੱਟ ਕੇ ਲਾਹ ਸੁੱਟੀਏ।

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੇਣ : ਆਤਮ-ਵਿਸ਼ਵਾਸ



ਆਮ ਤੋਰ ਤੇ ਕਿਹਾ ਜਾਂਦਾ ਹੈ ਕਿ ਜਦੋਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ, ਉਸ ਸਮੇਂ ਸੰਸਾਰ ਵਿੱਚ ਪਹਿਲਾਂ ਤੋਂ ਹੀ ਅਨੇਕਾਂ ਧਰਮ ਪ੍ਰਚਲਤ ਸਨ, ਫਿਰ ਅਜਿਹੀ ਕਿਹੜੀ ਲੋੜ ਪੈ ਗਈ ਸੀ ਕਿ ਉਨ੍ਹਾਂ ਨੇ ਇੱਕ ਨਵੇਂ ਧਰਮ ਦੀ ਨੀਂਹ ਰਖ ਦਿੱਤੀ। ਪ੍ਰੰਤੂ ਜਦੋਂ ਅਸੀਂ ਉਸ ਸਮੇਂ ਦੇ ਹਾਲਾਤ ਅਤੇ ਉਸ ਸਮੇਂ ਦੇ ਪ੍ਰਚਲਤ ਧਰਮਾਂ ਦੀ ਦਸ਼ਾ ਦੀ ਘੋਖ ਕਰਦੇ ਹਾਂ, ਤਾਂ ਸਾਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਉਸ ਸਮੇਂ ਇੱਕ ਅਜਿਹੇ ਸ਼ਾਂਝੇ ਧਰਮ ਮਾਰਗ ਦੀ ਬਹੁਤ ਲੋੜ ਸੀ, ਜੋ ਧਾਰਮਕ ਵਿਸ਼ਵਾਸਾਂ ਦੀ ਨਿਘਰਦੀ ਜਾ ਰਹੀ ਸਥਿਤੀ ਵਿਚੋਂ ਸੱਚੇ ਧਾਰਮਕ ਵਿਸ਼ਵਾਸ ਨੂੰ ਉਭਾਰ ਸਕੇ ਅਤੇ ਅਖੌਤੀ ਧਾਰਮਕ ਅਗੂਆਂ ਦੇ ਸੁਆਰਥ ਦਾ ਸ਼ਿਕਾਰ ਹੋ ਰਹੇ ਲੋਕਾਂ ਨੂੰ ਬਚਾ ਸਕੇ।

ਉਸ ਸਮੇਂ ਦੇ ਪ੍ਰਚਲਤ ਧਰਮਾਂ ਦੀ ਨਿਘਰਦੀ ਦਸ਼ਾ, ਕੇਵਲ ਭਾਰਤ ਵਿੱਚ ਹੀ ਨਹੀਂ ਸੀ, ਸਗੋਂ ਸੰਸਾਰ ਭਰ ਵਿੱਚ ਫੈਲੀ ਹੋਈ ਸੀ। ਹਰ ਧਰਮ ਦੇ ਪੈਰੋਕਾਰ ਆਪਣੇ ਧਰਮ ਨੂੰ ਸਰਬ-ਸ੍ਰੇਸ਼ਟ ਮੰਨਦੇ ਅਤੇ ਦੂਸਰੇ ਦੇ ਧਰਮ ਨੂੰ ਕਾਫਰਾਂ ਦਾ ਧਰਮ ਪ੍ਰਚਾਰ ਉਸ ਵਿਰੁਧ ਨਫਰਤ ਪੈਦਾ ਕਰਨ ਵਿੱਚ ਰੁਝੇ ਹੋਏ ਸਨ। ਇਸੇ ਸੋਚ ਨੇ ਤਾਕਤਵਰ ਸ਼ਕਤੀਆਂ ਦੇ ਹੱਥ ਵਿੱਚ ਤਲਵਾਰ ਫੜਾ ਦਿੱਤੀ, ਜਿਸ ਨਾਲ ਉਨ੍ਹਾਂ ਨੇ ਕਮਜ਼ੋਰਾਂ ਦੇ ਸਿਰ ਲਾਹੁਣੇ ਸ਼ੁਰੂ ਕਰ ਦਿੱਤੇ। ਨਤੀਜਾ ਇਹ ਹੋਇਆ ਕਿ ਜ਼ੁਲਮ ਦਾ ਦੌਰ ਸ਼ੁਰੂ ਹੋ ਗਿਆ। ਕਮਜ਼ੋਰ ਲਈ ਜਾਨ ਬਚਾਉਣ ਦਾ ਇੱਕੋ-ਇੱਕ ਰਾਹ ਰਹਿ ਗਿਆ ਕਿ ਉਹ ਆਪਣੇ ਧਰਮ ਤਿਆਗ, ਸੱਤਾਧਾਰੀਆਂ / ਤਾਕਤਵਰਾਂ ਦੇ ਧਰਮ ਨੂੰ ਅਪਨਾ ਲਏ।



ਜਸਵੰਤ ਸਿੰਘ 'ਅਜੀਤ'
91 9 827-19890

ਇਸੇ ਕਮਜ਼ੋਰੀ ਅਤੇ ਬੁਜ਼ਦਿਲੀ ਦੇ ਕਾਰਣ ਹੀ ਇਨਸਾਨ ਲਈ ਸਿਰ ਚੁਕ ਕੇ ਟੁਰਨਾ ਅਤੇ ਅਣਖ ਨਾਲ ਜੀਉਣਾ ਮੁਹਾਲ ਹੋ ਗਿਆ ਹੋਇਆ ਸੀ। ਉਸਦੇ ਸਿਰ ਤੇ ਜ਼ਾਲਮ ਹਾਕਮਾਂ ਦੇ ਜ਼ੁਲਮ ਦੀ ਤਲਵਾਰ ਹਰ ਸਮੇਂ ਲਟਕਦੀ ਰਹਿੰਦੀ, ਜਿਸਦੇ ਸਹਿਮ ਹੇਠ ਉਹ ਜੀਵਨ ਦੀਆਂ ਘੜੀਆਂ ਗਿਣਦਿਆਂ ਦਿਨ-ਕਟੀ ਕਰਨ ਤੇ ਮਜਬੂਰ ਹੋਏ ਰਹਿੰਦੇ। ਪਠਾਣਾਂ, ਮੁਗਲਾਂ ਆਦਿ ਜਿਨ੍ਹਾਂ ਵੀ ਲੁਟੇਰਿਆਂ ਨੇ ਹਿੰਦੁਸਤਾਨ ਤੇ ਹਮਲਾ ਕੀਤਾ, ਉਨ੍ਹਾਂ ਦੀ ਹਮੇਸ਼ਾ ਇਹੀ ਕੌਸ਼ਿਸ਼ ਰਹੀ ਕਿ ਉਹ ਜਿਥੇ ਹਿੰਦੁਸਤਾਨ ਦੀ ਦੌਲਤ ਲੁਟ ਆਪਣੇ ਦੇਸ਼ ਲੈ ਜਾਣ, ਉਥੇ ਹੀ ਉਹ ਹਿੰਦੁਸਤਾਨ ਦੀ ਇਜ਼ਤ (ਔਰਤਾਂ) ਵੀ ਲੁਟ, ਆਪਣੇ ਦੇਸ਼ ਦੇ ਬਾਜ਼ਾਰਾਂ ਵਿੱਚ ਲਿਜਾ ਜਾ ਵੇਚਣ। ਜਦੋਂ ਮੁਗਲਾਂ ਨੇ ਹਿੰਦੁਸਤਾਨ ਤੇ ਹਮਲਾ ਕੀਤਾ, ਅਰੰਭ ਵਿੱਚ ਭਾਵੇਂ ਉਨ੍ਹਾਂ ਦਾ ਉਦੇਸ਼ ਸੋਨੇ ਦੀ ਚਿੜੀ ਹਿੰਦੁਸਤਾਨ ਨੂੰ ਲੁਟ, ਤਬਾਹ ਤੇ ਬਰਬਾਦ ਕਰਨਾ ਹੀ ਸੀ, ਪਰ ਬਾਅਦ ਵਿੱਚ ਉਨ੍ਹਾਂ ਹਿੰਦੁਸਤਾਨ ਨੂੰ ਜਿੱਤ, ਆਪਣੀ ਹਕੂਮਤ ਦੇ ਪੈਰ ਪੱਕੇ ਕਰਨ ਲਈ, ਇਥੋਂ ਦੇ ਵਾਸੀਆਂ, ਜੋ ਕਿ ਮੁੱਖ ਰੂਪ ਵਿੱਚ ਹਿੰਦੂ ਸਨ, ਜਿਨ੍ਹਾਂ ਨੂੰ ਉਹ ਕਾਫਰ ਕਹਿੰਦੇ ਸਨ, ਨੂੰ ਆਪਣੇ ਧਰਮ, ਇਸਲਾਮ ਵਿੱਚ ਲਿਆਉਣ ਲਈ, ਤਲਵਾਰ ਦੇ ਜ਼ੋਰ ਨਾਲ ਧਰਮ-ਪ੍ਰੀਵਰਤਨ ਦੀ ਮੁਹਿੰਮ ਛੇੜ ਦਿੱਤੀ।

ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਹਿੰਦੁਸਤਾਨੀਆਂ ਪੁਰ ਬੇ-ਬਹਾ ਜ਼ੁਲਮ ਢਾਹੇ, ਉਨ੍ਹਾਂ ਦੇ ਧਰਮ-ਅਸਥਾਨਾਂ ਦਾ ਅਪਮਾਨ ਕੀਤਾ। ਪਰ ਹਿੰਦੁਸਤਾਨੀ ਉਨ੍ਹਾਂ ਦਾ ਜ਼ੁਲਮ ਦਾ ਢੁਕਵਾਂ ਜਵਾਬ ਦੇਣ ਦੀ ਬਜਾਏ ਚੁਪਚਾਪ ਸਹਿਣ 'ਤੇ ਮਜਬੂਰ ਜਾਪਣ ਲਗੇ। ਜਿਸਦਾ ਕਾਰਣ ਇਹ ਸੀ ਕਿ ਬੁੱਧ ਅਤੇ ਜੈਨ ਮਤ ਦੇ ਪ੍ਰਚਾਰਕਾਂ ਨੇ ਅਹਿੰਸਾ ਦਾ ਪ੍ਰਚਾਰ ਕਰ, ਉਨ੍ਹਾਂ ਨੂੰ ਇਤਨਾ ਬੁਜ਼ਦਿਲ ਬਣਾ ਕੇ ਰਖ ਦਿੱਤਾ ਸੀ ਕਿ ਉਹ ਆਪਣੇ ਪੁਰ ਹੋ ਰਹੇ ਜ਼ੁਲਮ ਦਾ ਵਿਰੋਧ ਕਰਨਾ ਤਾਂ ਦੂਰ ਰਿਹਾ 'ਆਹ!' ਦਾ ਨਾਹਰਾ ਤਕ ਮਾਰਨ ਦਾ ਹੀਆ ਵੀ ਨਹੀਂ ਸੀ ਕਰ ਪਾ ਰਹੇ। ਦੂਸਰੇ ਪਾਸੇ ਜ਼ੁਲਮ ਦਾ ਸ਼ਿਕਾਰ ਹੋ ਰਹੇ ਲੋਕਾਂ ਵਲੋਂ ਕੋਈ ਵਿਰੋਧ ਨਾ ਹੁੰਦਾ ਵੇਖ, ਜ਼ਾਲਮਾਂ ਦੇ ਹੌਂਸਲੇ ਲਗਾਤਾਰ ਵਧਦੇ ਜਾ ਰਹੇ ਸਨ। ਉਨ੍ਹਾਂ ਆਪਣੇ ਮੰਨੋਰੰਜਨ ਲਈ ਜ਼ੁਲਮ ਦੇ ਨਵੇਂ-ਨਵੇਂ ਢੰਗ ਅਪਨਾਣੇ ਸ਼ੁਰੂ ਕਰ ਦਿੱਤੇ। ਜ਼ੁਲਮ ਦਾ ਸ਼ਿਕਾਰ ਲੋਕਾਂ ਨੂੰ ਤੜਪਦਿਆਂ ਵੇਖ, ਉਨ੍ਹਾਂ ਵਲੋਂ ਕਿਲਕ-ਾਰੀਆਂ ਮਾਰੀਆਂ ਜਾਂਦੀਆਂ, ਨਚ-ਗਾ ਜਸ਼ਨ ਮਨਾਏ ਜਾਂਦੇ।

ਅਜਿਹੇ ਜ਼ੁਲਮਾਂ ਨੇ ਦੇਸ਼ ਨੂੰ ਦੋ ਸ਼੍ਰੇਣੀਆਂ, ਜ਼ਾਲਮ ਤੇ ਮਜ਼ਲੂਮ ਵਿੱਚ ਵੰਡ ਕੇ ਰੱਖ ਦਿੱਤਾ। ਨਾ ਤਾਂ ਜ਼ਾਲਮ ਹਾਕਮ ਨੂੰ ਆਪਣੇ ਧਰਮ ਦੇ ਮੂਲਾਂ ਅਤੇ ਮਾਨਤਾਵਾਂ ਦਾ ਕੋਈ ਪਾਸ ਰਿਹਾ ਅਤੇ ਨਾ ਹੀ ਜ਼ੁਲਮ ਦਾ ਸ਼ਿਕਾਰ ਹੋ ਰਹੇ ਮਜ਼ਲੂਮ ਨੂੰ ਆਪਣੇ ਧਰਮ ਦੇ ਅਸੂਲਾਂ ਦੀ ਸਮਝ ਰਹਿ ਗਈ। ਇੱਕ ਤਰ੍ਹਾਂ ਦੇਸ਼ ਦਾ ਪੂਰਾ ਸਮਾਜ ਹੀ ਦੋ ਸ਼੍ਰੇਣੀਆਂ, ਜ਼ਾਲਮ ਤੇ ਮਜ਼ਲੂਮ ਵਿੱਚ ਵੰਡਿਆ ਗਿਆ।

ਅਜਿਹੇ ਨਾਜ਼ੁਕ ਸਮੇਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ। ਉਨ੍ਹਾਂ ਆਪਣੇ ਚਹੁੰ ਪਾਸੇ ਨਜ਼ਰ ਦੌੜਾਈ, ਸੰਸਾਰ ਦੀ ਤਰਸਯੋਗ ਹਾਲਤ ਵੇਖੀ ਤਾਂ ਉਨ੍ਹਾਂ ਮਜ਼ਲੂਮ ਨੂੰ ਜ਼ੁਲਮ ਦੀ ਜਿਲ੍ਹਣ ਵਿੱਚੋਂ ਕਢ, ਉਸਨੂੰ ਮਨੁਖਤਾ ਦੇ ਰਾਹ ਤੇ ਚਲਾਣ ਦਾ ਤਹੱਈਆ ਕਰ ਲਿਆ। ਉਨ੍ਹਾਂ ਮਜ਼ਲੂਮ ਨੂੰ ਇਹ ਸੰਦੇਸ਼ ਦੇ ਕੇ ਝਿੰਜੋੜਿਆ, ਕਿ ਜ਼ੁਲਮ ਸਹਿਣਾ ਜ਼ੁਲਮ ਕਰਨ ਨਾਲੋਂ ਵੀ ਕਿਤੇ ਵੱਡਾ ਗੁਨਾਹ ਹੈ। ਅਣਖ ਅਤੇ ਆਤਮ-ਸਨਮਾਨ ਨਾਲ ਜੀਉਣ ਲਈ, ਜ਼ੁਲਮ ਦਾ ਵਿਰੋਧ ਕਰਦਿਆਂ ਮਰ ਜਾਣਾ ਅਣਖ-ਹੀਨ ਜੀਵਨ ਨਾਲੋਂ ਕਿਤੇ ਹਜ਼ਾਰ ਦਰਜੇ ਬੇਹਤਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦਿੱਤੇ ਇਸ ਸੰਦੇਸ਼ ਤੋਂ ਸਪਸ਼ਟ ਸੀ ਕਿ ਸਿੱਖੀ ਦਾ ਰਾਹ ਸੌਖਾ ਨਹੀਂ ਤੇ ਨਾ ਹੀ ਇਹ ਕੋਈ ਖੇਡ ਹੈ। ਇਹੀ ਕਾਰਣ ਸੀ ਕਿ ਗੁਰੂ ਸਾਹਿਬ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਜੇ ਉਨ੍ਹਾਂ ਨਾਲ ਜੁੜਨਾ ਤੇ ਉਨ੍ਹਾਂ ਦੇ ਦਸੇ ਮਾਰਗ ਤੇ ਚਲਣਾ ਹੈ ਤਾਂ ਸਿਰ ਤਲੀ ਤੇ ਰਖ ਅਤੇ ਸਿਰ ਦੇਣ ਲਈ ਆਪਣੇ ਆਪ ਨੂੰ ਤਿਆਰ ਕਰ, ਉਨ੍ਹਾਂ ਨਾਲ ਆਉਣਾ ਹੋਵੇਗਾ।

ਇਸਦਾ ਕਾਰਣ ਉਨ੍ਹਾਂ ਇਹ ਦਸਿਆ ਕਿ ਇਸ ਰਾਹ ਤੇ ਤੁਰਦਿਆਂ ਇੱਕ ਪਾਸੇ ਜ਼ੁਲਮ ਨੂੰ ਵੰਗਾਰਨਾ ਹੋਵੇਗਾ ਅਤੇ ਦੂਜੇ ਪਾਸੇ ਮਜ਼ਲੂਮ ਦੇ ਦਿੱਲ ਵਿੱਚ ਆਤਮ-ਸਨਮਾਨ ਅਤੇ ਆਤਮ-ਵਿਸ਼ਵਾਸ ਦੀ ਭਾਵਨਾ ਭਰ, ਉਸਨੂੰ ਅਣਖ ਨਾਲ ਜੀਣ ਲਈ ਤਿਆਰ ਕਰਨਾ ਹੋਵੇਗਾ। ਜ਼ਾਲਮ ਭਾਵੇਂ ਬਾਦਸ਼ਾਹ ਹੀ ਕਿਉਂ ਨਾ ਹੋਵੇ ਅਤੇ ਉਸਦੇ ਅਹਿਲਕਾਰ ਭਾਵੇਂ ਕਿਤਨੇ ਹੀ ਤਾਕਤਵਰ ਕਿਉਂ ਨਾ ਹੋਣ, ਉਨ੍ਹਾਂ ਨੂੰ 'ਰਾਜੇ ਸ਼ੀਂਹ ਮੁਕਦਮ ਕੁਤੇ' ਕਹਿਣ ਦੀ ਹਿੰਮਤ ਜੁਟਾਣੀ ਹੋਵੇਗੀ। ਜਿਸਦਾ ਸਪਸ਼ਟ ਮਤਲਬ ਇਹ ਸੀ ਕਿ ਧਰਮ ਅਤੇ ਆਤਮ-ਸਨਮਾਨ ਦੀ ਰਖਿਆ ਲਈ ਜਦੋਂ ਆਤਮ-ਵਿਸ਼ਵਾਸ ਨਾਲ ਭਰਿਆ ਕਦਮ ਅੱਗੇ ਵਧੇਗਾ ਤਾਂ ਜ਼ਾਲਮ ਦਾ ਅਹੰਕਾਰ, ਉਸਨੂੰ ਦਬਾਣ ਲਈ ਆਪਣੀ ਸਮੁੱਚੀ ਤਾਕਤ ਝੌਂਕ ਦੇਵੇਗਾ। ਫਲਸਰੂਪ ਅਨੇਕਾਂ ਜ਼ੁਲਮ ਸਹਿਣੇ ਪੈਣਗੇ। ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਜਾਣਗੇ ਤੇ ਸ਼ਰੀਰ ਨੂੰ ਜੰਬੂਰਾਂ ਨਾਲ ਨੋਚਿਆ ਤਕ ਜਾਇਗਾ। ਜੇ ਅਜਿਹੇ ਜ਼ੁਲਮ ਨੂੰ ਸਹਿੰਦਿਆਂ ਡੋਲ ਗਏ ਜਾਂ ਕਮਜ਼ੋਰ ਪੈ ਗਏ ਤਾਂ ਬਚਿਆ ਧਾਰਮਕ ਵਿਸ਼ਵਾਸ ਵੀ ਟੁੱਟ ਜਾਇਗਾ। ਜੇ ਨਿਰ-ਸੰਕੋਚ ਹੋ ਜਾਨ ਤਲੀ ਤੇ ਰਖ ਅੱਗੇ ਵਧੇ ਤਾਂ ਮਜ਼ਲੂਮਾਂ ਵਾਂਗ ਜੀਵਨ ਬਤੀਤ ਕਰ ਰਿਹਾਂ ਦੀ ਆਤਮਾ ਵਿੱਚ ਨਵ-ਜੀਵਨ ਦਾ ਸੰਚਾਰ ਹੋਵੇਗਾ ਅਤੇ ਉਨ੍ਹਾਂ ਦਾ ਆਤਮ-ਵਿਸ਼ਵਾਸ ਉਨ੍ਹਾਂ ਦੇ ਆਤਮ-ਸਨਮਾਨ ਦੀ ਰਖਿਆ ਪ੍ਰਤੀ ਦ੍ਰਿੜ੍ਹ ਹੋ ਜਾਇਗਾ, ਫਲਸਰੂਪ ਉਹ ਵੱਡੀ ਤੋਂ ਵੱਡੀ ਸ਼ਕਤੀ ਨੂੰ ਚੁਣੌਤੀ ਦੇਣ ਦੇ ਸਮਰਥ ਹੋ ਜਾਣਗੇ।

ਬੀਤੀਆਂ ਪੰਜ ਸਦੀਆਂ ਤੋਂ ਵੱਧ ਸਮੇਂ ਦਾ ਇਤਿਹਾਸ ਗੁਆਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਸੇ ਇਸ (ਸਿੱਖੀ ਦੇ) ਰਾਹ ਤੇ ਚਲਣ ਵਾਲਿਆਂ ਨੂੰ ਕਿਤਨੀਆਂ ਹੀ ਮੁਸੀਬਤਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿੱਖੇ ਅਨੇਕਾਂ ਅਸਹਿ ਅਤੇ ਅਕਹਿ ਤਸੀਹੇ ਦੇ, ਸ਼ਹੀਦ ਕੀਤਾ ਗਿਆ, ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਨਾਲ ਦਿੱਲੀ ਆਏ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਇਆਲਾ ਨੂੰ ਬੇ-ਬਹਾ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਨ੍ਹਾਂ ਸ਼ਹੀਦੀਆਂ ਨੇ ਸਿੱਖਾਂ ਵਿੱਚ ਡਰ-ਭਉ ਅਤੇ ਨਿਰਾਸ਼ਾ ਪੈਦਾ ਕਰਨ ਦੀ ਬਜਾਏ, ਨਵਜੀਵਨ, ਉਤਸਾਹ ਅਤੇ ਜੋਸ਼ ਭਰਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿੱਚ ਉਨ੍ਹਾਂ ਮੁਗਲਾਂ ਦੀਆਂ ਅਜਿਤ ਫੌਜਾਂ ਨਾਲ ਲੋਹਾ ਲਿਆ, ਚੁਣੌਤੀ ਦਿੱਤੀ ਅਤੇ ਜਿਤਾਂ ਪ੍ਰਾਪਤ ਕਰ, ਉਨ੍ਹਾਂ ਦੀ ਤਾਕਤ ਦਾ ਭਾਂਡਾ ਚੁਰਾਹੇ ਵਿੱਚ ਭੰਨਿਆ। ਇਸਤੋਂ ਬਾਅਦ ਕਈ ਹੋਰ ਸਿੱਖ ਜਰਨੈਲਾਂ ਦੀ ਅਗਵਾਈ ਵਿੱਚ ਸਿੱਖਾਂ ਨੇ ਆਪਣੇ ਜੀਵਨ-ਉਦੇਸ਼ ਦੀ ਪ੍ਰਾਪਤੀ ਲਈ ਲਗਾਤਾਰ ਘੋਲ ਜਾਰੀ ਰਖਿਆ। ਕਦਮ-ਕਦਮ ਤੇ ਉਨ੍ਹਾਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਸ਼ਹੀਦੀਆਂ ਦੇਣੀਆਂ ਪਈਆਂ, ਕਈ ਛੋਟੇ-ਵੱਡੇ ਘਲੂਘਾਰੇ ਵਾਪਰੇ. ਜਿਨ੍ਹਾਂ ਵਿੱਚ ਲਖਾਂ ਸਿੰਘ ਸ਼ਹੀਦ ਹੋਏ, ਜੰਗਲਾਂ-ਬੇਲ਼ਿਆਂ ਵਿੱਚ ਸਿਰ ਛੁਪਾ, ਦਿਨ ਕਟਣ ਤੇ ਮਜਬੂਰ ਹੋਣਾ ਪਿਆ। ਇਨ੍ਹਾਂ ਅਸਹਿ ਤੇ ਅਕਹਿ ਸੰਕਟਾਂ ਵਿੱਚ ਵੀ ਉਨ੍ਹਾਂ ਦੇ ਕਦਮ ਡਗਮਗਾਏ ਨਹੀਂ। ਮਜ਼ਲੂਮ ਤੇ ਆਤਮ-ਸਨਮਾਨ ਦੀ ਰਖਿਆ ਲਈ ਉਨ੍ਹਾਂ ਅਜਿਤ ਪਹਾੜਾਂ ਨਾਲ ਵੀ ਟੱਕਰ ਲੈਣੋਂ ਸੰਕੋਚ ਨਹੀਂ ਕੀਤਾ।

ਅਨੇਕਾਂ ਮੁਸ਼ਕਲਾਂ ਅਤੇ ਮੁਸੀਬਤਾਂ ਵਿੱਚ ਵੀ ਜਿਥੇ ਉਨ੍ਹਾਂ ਨੇ ਆਪਣੇ ਸਿੱਖ ਧਰਮ ਦਾ ਪਾਲਣਾ ਅਤੇ ਧਾਰਮਕ ਵਿਸ਼ਵਾਸ ਦੀ ਰਖਿਆ ਕੀਤੀ, ਉਥੇ ਹੀ ਉਨ੍ਹਾਂ ਦੂਸਰੇ ਧਰਮਾਂ ਪ੍ਰਤੀ ਆਪਣੀ ਸਤਿਕਾਰ-ਭਾਵਨਾ ਨੂੰ ਵੀ ਆਪਣੇ ਦਿਲ ਵਿੱਚ ਬਣਾਈ ਰਖਿਆ। ਮਜ਼ਲੂਮ ਭਾਵੇਂ ਹਿੰਦੂ ਸੀ ਜਾਂ ਮੁਸਲਮਾਨ, ਉਨ੍ਹਾਂ ਉਸਦੀ ਰਖਿਆ ਕਰਨ ਵਿੱਚ ਕਿਸੇ ਤਰ੍ਹਾਂ ਦਾ ਭੇਦਭਾਵ ਜਾਂ ਵਿਤਕਰਾ ਨਹੀਂ ਕੀਤਾ। ਉਨ੍ਹਾਂ ਜਦੋਂ ਤਾਕਤ ਫੜ ਰਾਜ ਕਮਾਇਆ ਤਦ ਵੀ ਕਿਸੇ ਨੂੰ ਧਰਮ ਪ੍ਰੀਵਰਤਨ ਲਈ ਮਜਬੂਰ ਨਹੀਂ ਕੀਤਾ ਅਤੇ ਨਾ ਹੀ ਕਿਸੇ ਦੇ ਸਿਰ ਤੇ ਜ਼ੁਲਮ ਦੀ ਤਲਵਾਰ ਲਟਕਾਈ। ਉਨ੍ਹਾਂ ਸਾਹਮਣੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਕਿ ਸਾਰੇ ਧਰਮ ਆਪੋ-ਆਪਣੀ ਥਾਂ ਚੰਗੇ ਹਨ, ਉਨ੍ਹਾਂ ਦੇ ਉਪਦੇਸ਼ ਅਤੇ ਅਸੂਲ ਚੰਗੇ ਹਨ, ਜੋ ਲੋੜ ਹੈ ਤਾਂ ਉਨ੍ਹਾਂ ਨੂੰ ਦਿਲੋਂ ਅਪਨਾਣ ਅਤੇ ਉਨ੍ਹਾਂ ਦੀਆਂ ਮਾਨਤਾਵਾਂ ਦੇ ਪਾਲਣ ਪ੍ਰਤੀ ਈਮਾਨਦਾਰ ਹੋਣ ਦੀ। ਇਸੇ ਲਈ ਗੁਰੂ ਸਾਹਿਬ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਜੋਦੜੀ ਕੀਤੀ ਕਿ 'ਜਗਤ ਜਲੰਦਾ ਰਾਖਿ ਪ੍ਰਭ ਅਪਨੀ ਕਿਰਪਾ ਧਾਰਿ ..
ਜਿਤੁ ਦੁਆਰੇ ਉਭਰੇ ਤਿਤੈ ਲੇਹੁ ਉਬਾਰਿ'।

# ਗੁਰੂ ਗ੍ਰੰਥ ਜੀ ਮਾਨਿਓ .

ਕਿੰਨਾ ਆਨੰਦਮਈ ਸਮਾਂ ਹੁੰਦਾ ਹੈ, ਜਦੋਂ ਸਿੱਖ ਸੰਗਤਾਂ ਇਕ ਹੋ ਕੇ ਇਹ ਪੰਗਤੀਆਂ ਉਚਾਰਨ ਕਰਦੀਆਂ ਹਨ:

ਆਗਿਆ ਭਹ ਅਕਾਲ ਕੀ ਤਭੀ ਚਲਾਇਓ ਪੰਥ।
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ।
ਗੁਰੂ ਗਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੇਂ ਲੇਹ।
ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।
ਖੁਆਰ ਹੋਏ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ।

ਇਹਨਾਂ ਸ਼ਬਦਾਂ ਵਿਚ ਸਪਸ਼ਟ ਹੈ ਕਿ ਹਰ ਸਿੱਖ ਦਾ ਧਰਮ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰਾ ਜ਼ਹੂਰ ਗੁਰੂ ਮੰਨਣਾ ਹੈ ਜੋ ਕਿ ਸਰਬ ਗੁਰੂਆਂ ਦੀ ਰੂਹ ਅਤੇ ਦੇਹ ਹੈ। ਜਦੋਂ ਗੁਰਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਦਾ ਹਾਂ ਤਾਂ ਆਪਣੇ ਆਪ ਹੀ ਉਸ ਦਾ ਸਤਿਕਾਰ ਤੇ ਪਿਆਰ ਪ੍ਰੇਮ ਨਾਲ ਸਿਰ ਝੁਕ ਜਾਂਦਾ ਹੈ ਤੇ ਮਿਠੜੇ ਸ਼ਬਦ ਨੂੰ ਸਰਵਣ ਕਰਨ ਲਈ ਮਨ ਲੋਚਣ ਲੱਗ ਜਾਂਦਾ ਹੈ। ਸ਼ਬਦ ਤੋਂ ਜੀਵਨ ਜਾਚ ਤੇ ਸੇਧ ਮਿਲਦੀ ਹੈ ਤੇ ਸੱਚਾ ਮਾਰਗ ਨਜ਼ਰ ਆਉਂਦਾ ਹੈ।

ਬਾਣੀ ਗੁਰੂ, ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ
ਗੁਰੂ ਬਾਣੀ ਕਹੈ ਸੇਵਕ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ।।

ਇਸ ਤੋਂ ਹੋਰ ਸਪਸ਼ਟ ਹੋ ਜਾਂਦਾ ਹੈ ਕਿ ਗੁਰਬਾਣੀ ਹੀ ਗੁਰੂ ਹੈ। ਗੁਰੂ ਉਹ ਹੈ ਜਿਸ ਤੋਂ ਸਾਨੂੰ ਸੇਧ ਮਿਲੇ, ਗਾਈਡੈਂਸ ਮਿਲੇ।

ਗੁਰਬਾਣੀ ਇਸੁ ਜਗ ਮਹਿ ਚਾਨਣੁ।।
ਗੁਰਬਾਣੀ ਇਯ ਦੁਨੀਆਂ ਦੀ ਰੌਸ਼ਨੀ ਹੈ।

ਇਸੇ ਤਰ੍ਹਾਂ ਧੁਰ ਕੀ ਬਾਣੀ ਆਈ ਤਿਨ ਸਗਲੀ ਚਿੰਤ ਮਿਟਾਈ। ਇਹ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਦਰਜ ਹੈ, ਅਕਾਲ ਪੁਰਖ ਤੋਂ ਆਈ ਹੈ ਤੇ ਇਸ ਦੇ ਸਰਵਣ ਅਤੇ ਸਿਮਰਨ ਦੁਆਰਾ ਦੁੱਖ ਰੋਗ ਸੰਤਾਪ ਦੂਰ ਹੁੰਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਦੀ ਸੇਵਾ ਨਾਲ ਗੁਰੂ ਸਾਹਿਬਾਂ ਦੇ ਮੁੱਖ ਵਾਕ ਤੇ ਭਗਤਾਂ ਦੀਆਂ ਰਚਨਾਵਾਂ ਨੂੰ ਸੰਗ੍ਰਹਿ ਕਰਕੇ ਪੋਥੀ ਪ੍ਰਮੇਸਰ ਆਖਿਆ। ਭਾਦੋਂ ਸੁਦੀ 1604 ਨੂੰ ਪ੍ਰਕਾਸ਼ ਕਰਕੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 2 ਨਵੰਬਰ 1708 ਨੂੰ ਪ੍ਰਗਟ ਗੁਰਾਂ ਦੀ ਦੇਹ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨ ਕੇ ਮੱਥਾ ਟੇਕਿਆ। ਉਸ ਦਿਨ ਤੋਂ ਗੁਰਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰਾ ਹਜ਼ੂਰ ਗੁਰੂ ਮੰਨਦੇ ਹਨ। ਸਿੱਖ ਜੀਵਨ ਦੀ ਹਰ ਰਸਮ ਜਿਵੇਂ ਕਿ ਨਾਮ ਜਪਣਾ, ਆਨੰਦ ਕਾਰਜ, ਅੰਤਿਮ ਸੰਸਕਾਰ ਆਦਿ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਹੀ ਹੁੰਦੇ ਹਨ।

ਗੁਰੂ ਗ੍ਰੰਥ ਸਾਹਿਬ ਦੋ ਪਹਿਲੂਆਂ ਤੋਂ ਨਿਰਾਲੇ ਹਨ।

1. ਗੁਰੂ ਸਾਹਿਬ ਦੀ ਰਚਨਾ ਧਰਮ ਨੂੰ ਸਾਜਣ-ਹਾਰਾਂ ਦੀ ਰਸਨਾ ਤੇ ਕਲਮ ਤੋਂ ਹੋਈ ਤੇ ਧੁਰ ਕੀ ਬਾਣੀ ਉਸੇ ਤਰ੍ਹਾਂ ਹੀ ਕਾਇਮ ਹੈ। ਪੰਜਵੇਂ ਪਿਤਾ ਨੇ ਕੁਰਬਾਨੀ ਦੇ ਦਿੱਤੀ ਪਰ ਬਾਣੀ ਵਿਚ ਤਬਦੀਲੀ ਨਹੀਂ ਹੋਣ ਦਿੱਤੀ।

2. ਇਸ ਵਿਚ ਹੋਰ ਧਰਮਾਂ ਦੇ ਭਗਤਾਂ ਦਾ ਵੀ ਹਿੱਸਾ ਹੈ। ਸੋ ਇਹ ਸਰਬ ਸਾਂਝੀ ਬਾਣੀ ਹੈ। ਕਿਸੇ ਧਰਮ ਨਾਲ ਵਿਤਕਰਾ ਨਹੀਂ। ਕੋਈ ਵੀ ਸਰਵਣ ਜਾਂ ਸਿਮਰਨ ਕਰ ਸਕਦਾ ਹੈ।

ਕੁਝ ਪੱਛਮੀ ਵਿਦਵਾਨਾਂ ਨੇ ਜਦੋਂ ਅੰਗਰੇਜ਼ੀ ਵਿਚ ਤਰਜਮਾ ਪੜ੍ਹਿਆ ਤਾਂ ਉਹਨਾਂ ਅੱਗੇ ਵਿਚਾਰ ਲਿਖੇ: ''ਮੈਂ ਸਾਰੇ ਧਰਮਾਂ ਨੂੰ ਪੜ੍ਹਿਆ ਪਰ ਜੋ ਗੁਰੂ ਗ੍ਰੰਥ ਸਾਹਿਬ ਵਿਚ ਹਿਰਦੇ ਨੂੰ ਅਪੀਲ ਮਿਲਦੀ ਹੈ, ਉਹ ਹੋਰ ਕਿਤੇ ਵੀ ਨਹੀਂ ਮਿਲੀ।''
- ਪਰਲ ਐਸੋ ਬੱਕ ਨੋਬਲ ਇਨਾਮ ਵਿਜੇਤਾ

ਸਿੱਖ ਧਰਮ ਅਤੇ ਗੁਰੂ ਗ੍ਰੰਥ ਜੀ ਦੀ ਇਸ ਦੁਨੀਆਂ ਨੂੰ ਇਕ ਸਪੈਸ਼ਲ ਚੋਣ ਹੈ।
- ਡਾ. ਆਰਨਲਡ ਟੋਇਨਬੀ

''ਮੈਨੂੰ ਪਹਿਲੇ ਸਿੱਖੀ ਬਾਬਤ ਕੁਝ ਪਤਾ ਨਹੀਂ ਸੀ। ਜਦੋਂ ਮੈਂ ਗੁਰੂ ਗ੍ਰੰਥ ਜੀ ਨੂੰ ਪੜ੍ਹਿਆ ਤਾਂ ਮਹਿਸੂਸ ਹੋਇਆ ਕਿ ਜੇ ਨਾ ਪੜ੍ਹਦਾ ਤਾਂ ਮੇਰਾਂ ਗਆਨ ਅਧੂਰਾ ਰਹਿਣਾ ਸੀ।'
- ਈ. ਐਮ. ਫੋਰਸਟਰ (ਅੰਗਰੇਜ਼ੀ ਨਾਵਲਿਸਟ)

ਇਸੇ ਤਰ੍ਹਾਂ ਟੈਗੋਰ, ਰੱਸਲ, ਵਿਵੇਕਾਨੰਦ ਆਦਿ ਫਿਲਾਸਫਰਾਂ ਨੇ ਗੁਰੂ ਸਾਹਿਬ ਦੇ ਲਈ ਪ੍ਰਸ਼ੰਸਾ ਤੇ ਸ਼ਰਧਾ ਦੇ ਸ਼ਬਦ ਵਰਤੇ ਹਨ।

ਗੁਰੂ ਗ੍ਰੰਥ ਜੀ ਦੀ ਰਚਨਾ ਇਕ ਅਦਭੁਤ ਤੇ ਵਿਗਿਆਨਕ ਤਰਤੀਬ ਨਾਲ ਹੋਈ ਹੈ। ਸਾਰੀ ਰਚਨਾ ਰਾਗਾਂ ਵਿਚ ਜੋੜੀ ਹੈ ਤੇ ਹਰ ਰਾਗ ਉਸੇ ਹੀ ਤਰਤੀਬ ਵਿਚ ਹੈ, ਜਿਵੇਂ ਪਹਿਲੇ ਚੌਪਦੇ, ਫਿਰ ਅਸਟਪਦੇ, ਛੰਤ: ਵਾਰਾਂ ਤੇ ਅਖੀਰ ਵਿਚ ਭਗਤਾਂ ਦੀ ਬਾਣੀ ਹੈ। 430 ਅੰਸ਼ਾਂ ਵਿਚ 5894 ਵਾਕਾਂ ਵਿਚ ਅਥਾਹ ਗਿਆਨ ਹੈ। ਬਾਣੀ ਸਰਵਣ ਜਾਂ ਪਾਠ ਕਰਦਿਆਂ ਮਨ ਅਤੇ ਆਤਮਾ 'ਤੇ ਬੜਾ ਡੂੰਘਾ ਅਸਰ ਪੈਂਦਾ ਹੈ ਤੇ ਜੀਵਨ ਸੋਝੀ ਮਿਲਦੀ ਹੈ।



ਡਾ. ਹਰਬੰਸ ਸਿੰਘ ਸਰਾਓਂ
408 531 7057

ਜਿਵੇਂ ਕਿ:
ਮਨ ਜੀਤੈ ਜੁਗ ਜੀਤੁ।।
ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ।
ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ।
ਕੂੜ ਨਿਖੁਟੇ ਨਾਨਕਾ ਓੜਕ ਸਚੁ ਰਹੀ।
ਏਕ ਪਿਤਾ ਏਕਸ ਦੇ ਹਮ ਬਾਰਕ।
ਸਰਬ ਰੋਗ ਦਾ ਅਉਖਦੁ ਨਾਮੁ।
ਸਭੁ ਕੋ ਉਚਾ ਆਖੀਐ ਨੀਚੁ ਨਾ ਦੀਸੇ ਕੋਇ।
ਪ੍ਰਭੁ ਕੋ ਸਿਮਰਹਿ ਸੋ ਪ੍ਰਉਪਕਾਰੀ।

Betrand Russel who won Nobal Prize 1950

Here are his views on Sikhism.
"... Sikhism has splendid doctrines whigh has come into existence for the benefit of the entire mankind. Sikhs should go out and propagate their great faith.

The Sikhs believe in democracy, freedom of speech, freedom of worship, pluralism, human rights, equality of all people and women are equal to men in all respects according of sikh scriptures.

# "ਗਿਆਨ ਅਤੇ ਸੋਚ ਦਾ ਘੇਰਾ"



ਸਕਰਿਪਟ ਰਾਈਟਰ ਅਮਨਪ੍ਰੀਤ ਸਿੰਘ
91-94173-45485

ਪੜ੍ਹਾਈ ਲਿਖਾਈ ਅਤੇ ਗਿਆਨ ਆਪਣੇ ਸੋਚਣ ਦਾ ਘੇਰਾ ਵਿਸ਼ਾਲ ਬਣਾਉਂਦਾ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਜਿਸਦਾ ਸੋਚਣ ਦਾ ਘੇਰਾ ਜਿਨ੍ਹਾਂ ਵਿਸ਼ਾਲ ਹੈ ਉਹ ਉਹਨਾਂ ਹੀ ਅਸਲ ਗਿਆਨੀ ਹੈ। ਇਹ ਗੱਲ ਬਿਲਕੁਲ ਸੱਚ ਵੀ ਹੈ। ਪਰ ਕੀ ਹਰ ਪੜ੍ਹਿਆ ਲਿਖਿਆ ਸੱਚਮੁੱਚ ਗਿਆਨੀ ਹੈ? ਕਿਸ ਦਾ ਸੋਚਣ ਦਾ ਘੇਰਾ ਵਿਸ਼ਾਲ ਹੈ ਅਤੇ ਕਿਸ ਦਾ ਸੋਚਣ ਦਾ ਘੇਰਾ ਵਿਸ਼ਾਲ ਨਹੀਂ ਹੈ, ਇਹ ਕਿੰਝ ਪਤਾ ਕੀਤਾ ਜਾਵੇ? ਕਿਉਂਕਿ ਜੇ ਸੋਚ ਦਾ ਘੇਰਾ ਦੇਖਣ ਦੀ ਸਹੀ ਸਮਰਥਾ ਆਵੇਗੀ ਤਾਂ ਹੀ ਤਾਂ ਪਤਾ ਚਲੇਗਾ ਕਿ ਸਹੀ ਗਿਆਨੀ ਕੌਣ ਹੈ। ਸੋਚ ਦਾ ਘੇਰਾ ਮਾਪਣ ਲਈ ਕੋਈ ਖਾਸ ਪੈਮਾਨਾ ਤਿਆਰ ਨਹੀਂ ਕੀਤਾ ਜਾ ਸਕਦਾ। ਜਿਸ ਇਨਸਾਨ ਦਾ ਖੁਦ ਦਾ ਸੋਚਣ ਦਾ ਘੇਰਾ ਬਹੁਤ ਵਿਸ਼ਾਲ ਹੈ, ਉਹੋ ਹੀ ਸਹੀ ਫੈਸਲਾ ਕਰ ਸਕਦਾ ਹੈ ਕਿ ਕਿਸ ਦਾ ਸੋਚਣ ਦਾ ਘੇਰਾ ਵਿਸ਼ਾਲ ਹੈ ਅਤੇ ਕਿਸ ਦਾ ਵਿਸ਼ਾਲ ਨਹੀਂ ਹੈ। ਪਰ ਇਥੇ ਇਕ ਉਦਾਹਰਣ ਦਿੱਤੀ ਜਾ ਸਕਦੀ ਹੈ, ਸੋਚ ਦਾ ਘੇਰਾ ਮਾਪਣ ਲਈ। ਇਹ ਉਦਾਹਰਣ ਜ਼ਿੰਦਗੀ ਦੇ ਇਕ ਕੌਣ ਨੂੰ ਦੇਖਣ ਦਾ ਘੇਰਾ ਦਾਰਸਾਏਗੀ। ਜੇ ਇਕ ਬੰਦਾ ਪਹਿਲਾਂ ਆਪਣੇ ਬਾਰੇ ਸੋਚਦਾ ਹੈ ਅਤੇ ਫਿਰ ਆਪਣੇ ਅਤੇ ਪਰਿਵਾਰ ਬਾਰੇ ਉਸਦੇ ਸੋਚਣ ਦਾ ਘੇਰਾ ਸਭ ਤੋਂ ਛੋਟਾ ਹੈ। ਜੇ ਬੰਦਾ ਪਹਿਲਾਂ ਆਪਣੇ ਅਤੇ ਆਪਣੇ ਪਰਿਵਾਰ ਬਾਰੇ ਸੋਚਦਾ ਹੈ ਅਤੇ ਫਿਰ ਆਪਣੇ ਪਿੰਡ ਯਾ ਸ਼ਹਿਰ ਬਾਰੇ, ਫਿਰ ਇਸਦਾ ਘੇਰਾ ਪਿਛਲੇ ਬੰਦੇ ਨਾਲੋਂ ਥੋੜਾ ਵੱਡਾ ਹੈ। ਜੇ ਬੰਦਾ ਪਹਿਲਾਂ ਪਿੰਡ ਯਾ ਸ਼ਹਿਰ ਬਾਰੇ ਸੋਚਦਾ ਹੈ ਅਤੇ ਬਾਅਦ ਵਿੱਚ ਸਟੇਟ ਬਾਰੇ, ਫਿਰ ਇਸਦਾ ਘੇਰਾ ਹੋਰ ਵੱਡਾ ਹੋ ਗਿਆ। ਜੇ ਬੰਦਾ ਪਹਿਲਾਂ ਸਟੇਟ ਬਾਰੇ ਸੋਚਦਾ ਹੈ ਅਤੇ ਫਿਰ ਭਾਰਤ ਬਾਰੇ, ਫਿਰ ਇਹ ਘੇਰਾ ਹੋਰ ਵੱਡਾ ਹੋ ਗਿਆ। ਜੇ ਬੰਦਾ ਪਹਿਲਾਂ ਭਾਰਤ ਬਾਰੇ ਸੋਚਦਾ ਹੈ ਫਿਰ ਦੁਨੀਆ ਬਾਰੇ, ਤਾਂ ਘੇਰਾ ਹੋਰ ਵੱਡਾ ਹੋ ਗਿਆ। ਜੇ ਬੰਦਾ ਪਹਿਲਾਂ ਇਨਸਾਨੀਅਤ ਬਾਰੇ ਸੋਚਦਾ ਹੈ, ਅਤੇ ਫਿਰ ਦੇਸ਼, ਸਟੇਟ, ਪਿੰਡ ਯਾ ਸ਼ਹਿਰ, ਪਰਿਵਾਰ ਅਤੇ ਆਪਣੇ ਬਾਰੇ ਸੋਚਦਾ ਹੈ, ਤਾਂ ਫਿਰ ਅਜਿਹੇ ਇਨਸਾਨ ਦਾ ਘੇਰਾ ਸਭ ਤੋਂ ਵੱਧ ਵਿਸ਼ਾਲ ਹੈ ਅਤੇ ਅਜਿਹਾ ਆਦਮੀ ਹੀ ਸਹੀ ਗਿਆਨੀ ਹੈ। ਬਾਕੀ ਸਭ ਲੋਕਾਂ ਨੇ ਕਿਤਾਬਾਂ ਤਾਂ ਚਾਰ ਜ਼ਰੂਰ ਪੜ੍ਹੀਆਂ ਹੋਣਗੀਆਂ, ਪਰ ਉਹ ਪੜ੍ਹ ਕੇ ਵੀ ਗਿਆਨ ਨੂੰ ਮਹਿਸੂਸ ਨਹੀਂ ਕਰ ਪਾਏ। ਇਸ ਪੈਮਾਨੀ ਰਾਹੀਂ ਅਸੀਂ ਇਹ ਜਾਣ ਸਕਦੇ ਹਾਂ ਕਿ ਸਾਡੀ ਸੋਚ ਦਾ ਘੇਰਾ ਕਿਥੇ ਜਿਹੇ ਖੜ੍ਹਾ ਹੈ।

# ਆਲਮੀ ਤਪਸ਼ ਦੀ ਅਮਰੀਕਾ ਨੂੰ ਮਾਰ



ਡਾ. ਗੁਰਿੰਦਰ ਕੌਰ
001-609-721-0950

ਅਮਰੀਕਾ ਦੇ ਕੈਲੇਫੋਰਨੀਆਂ ਰਾਜ ਵਿੱਚ ਅਕਤੂਬਰ ਦੇ ਮਹੀਨੇ ਨਾਪਾ ਵੈਲੀ ਅਤੇ ਉਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਲੱਗੀ ਅੱਗ ਨਾਲ ਲਗਭਗ 40 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਸੈਂਕੜਿਆਂ ਦੀ ਗਿਣਤੀ ਲੋਕ ਹਾਲੇ ਵੀ ਲਾਪਤਾ ਹਨ। ਇਸ ਅੱਗ ਨਾਲ ਲਗਭਗ 2.25 ਹਜ਼ਾਰ ਏਕੜ ਉੱਤੇ ਲੱਗੇ ਦਰਖ਼ਤ, ਝਾੜੀਆਂ ਅਤੇ ਅੰਗੂਰਾਂ ਦੇ ਬਾਗ਼ ਸੜ ਕੇ ਸੁਆਹ ਹੋ ਗਏ ਹਨ। ਇਸ ਨਾਲ-ਨਾਲ 3500 ਇਮਾਰਤਾਂ ਅਤੇ ਘਰ ਵੀ ਅੱਗ ਦੀ ਭੇਂਟ ਚੜ੍ਹ ਗਏ ਹਨ। ਅੱਗ ਦੀ ਤੀਬਰਤਾ ਇੰਨੀ ਜ਼ਿਆਦਾ ਸੀ ਕਿ ਜੇ ਇਸ ਨੂੰ ਅੱਗ ਦਾ ਤੂਫ਼ਾਨ ਵੀ ਕਿਹਾ ਜਾਵੇ ਤਾਂ ਕੋਈ ਅੱਤਕਥਨੀ ਨਹੀਂ ਹੋਵੇਗੀ। ਵਿਗਿਆਨੀਆਂ ਨੇ ਇਸ ਅੱਗ ਨੂੰ ਅਮਰੀਕਾ ਵਿੱਚ ਲੱਗੀਆਂ ਖ਼ਤਰਨਾਕ ਅਤੇ ਭਿਆਨਕ ਅੱਗਾਂ ਵਿੱਚੋਂ ਤੀਜੀ ਖ਼ਤਰਨਾਕ ਅੱਗ ਦੱਸਿਆ ਹੈ। ਸਾਲ 1933 ਵਿੱਚ ਗਰੀਫ਼ਥ ਪਾਰਕ ਵਿੱਚ 29 ਲੋਕਾਂ ਅਤੇ ਸਾਲ 1991 ਓਕਲੈਂਡ ਹਿਲਜ਼ ਵਿੱਚ ਲੱਗੀ ਅੱਗ ਨਾਲ 25 ਲੋਕਾਂ ਦੀ ਮੌਤ ਹੋ ਗਈ ਸੀ। ਅਮਰੀਕਾ ਦੇ ਨੈਸ਼ਨਲ ਪਬਲਿਕ ਰੇਡਿਓ ਅਨੁਸਾਰ 13 ਸਤੰਬਰ, 2014 ਨੂੰ ਅਮਰੀਕਾ ਦੇ 9 ਰਾਜਾਂ ਵਿੱਚ ਲਗਭਗ 123 ਥਾਵਾਂ ਉੱਤੇ ਅੱਗ ਲੱਗੀ ਹੋਈ ਸੀ। ਮੌਸਮ ਮਾਹਿਰਾਂ ਅਨੁਸਾਰ ਅੱਗ ਲੱਗਣ ਦਾ ਮੁੱਖ ਕਾਰਨ ਇਹ ਹੈ ਕਿ ਅਮਰੀਕਾ ਦੇ ਇਹ ਰਾਜ (ਉੱਤਰ-ਪੱਛਮੀ) ਪਿੱਛਲੇ ਦੋ ਮਹੀਨਿਆਂ ਤੋਂ ਹੀਟ ਵੇਵ ਦੀ ਲਪੇਟ ਵਿੱਚ ਆਏ ਹੋਏ ਸਨ।

ਦੂਜੇ ਪਾਸੇ ਅਮਰੀਕਾ ਦੇ ਦੱਖਣੀ-ਪੂਰਬੀ ਹਿੱਸੇ ਖ਼ਾਸ ਤੌਰ ਉੱਤੇ ਪੋਰਟੋਰੀਕੋ ਅਤੇ ਵਰਜੀਨ ਟਾਪੂਆਂ ਦੇ ਨਾਲ-ਨਾਲ ਟੈਕਸਾਸ, ਲੁਸਿਆਨਾ, ਫਲੋਰੀਡਾ, ਮਿਸਿਜ਼ਸਿਪੀ ਆਦਿ ਵਰਗੇ ਰਾਜ ਹਾਰਵੇ, ਇਰਮਾ ਅਤੇ ਮਾਰੀਆ ਵਰਗੇ ਭਿਆਨਕ ਸਮੁੰਦਰੀ ਤੂਫ਼ਾਨਾਂ ਦੀ ਮਾਰ ਝੱਲ ਰਹੇ ਹਨ। ਵੱਖ-ਵੱਖ ਮੌਸਮ ਵਿਗਿਆਨੀਆਂ ਨੇ, ਸਮੁੰਦਰੀ ਤੂਫ਼ਾਨਾਂ ਦੇ ਮੌਸਮ ਤੋਂ ਪਹਿਲਾਂ ਜਿਹੜਾ 1 ਜੂਨ ਤੋਂ 50 ਨਵੰਬਰ ਤੱਕ ਰਹਿੰਦਾ ਮੰਨਿਆ ਜਾਂਦਾ ਹੈ, ਅਪ੍ਰੈਲ ਵਿੱਚ ਅਨੁਮਾਨ ਲਗਾਇਆ ਸੀ ਕਿ ਸਾਲ 2017 ਦੇ ਵਰ੍ਹੇ ਵਿੱਚ ਅੰਧਮਹਾਂਸਾਗਰ ਵਿੱਚ ਆਉਣ ਵਾਲੇ ਸਮੁੰਦਰੀ ਤੂਫ਼ਾਨਾਂ ਦੀ ਗਿਣਤੀ ਔਸਤ ਗਿਣਤੀ (12) ਨਾਲੋਂ ਜ਼ਿਆਦਾ ਹੋਵੇਗੀ। ਇਸੇ ਕਰਕੇ ਉਨ੍ਹਾਂ ਨੇ ਇਸ ਵਰ੍ਹੇ ਦੀ ਸੂਚੀ ਵਿੱਚ 20 ਨਾਂ ਸ਼ਾਮਲ ਕੀਤੇ ਸਨ। ਹੁਣ ਤੱਕ ਅੰਧਮਹਾਸਾਗਰ ਵਿੱਚ 14 ਸਮੁੰਦਰੀ ਤੂਫ਼ਾਨ ਆ ਚੁੱਕੇ ਹਨ। ਇਨ੍ਹਾਂ 14 ਸਮੁੰਦਰੀ ਤੂਫ਼ਾਨਾਂ ਵਿੱਚੋਂ ਤਿੰਨ ਕਰਮਵਾਰ ਹਾਰਵੇ, ਇਰਮਾ ਅਤੇ ਮਾਰੀਆ ਨੇ ਅਮਰੀਕਾ ਵਿੱਚ ਭਾਰੀ ਤਬਾਹੀ ਕੀਤੀ ਹੈ। ਅਮਰੀਕਾ ਵਿੱਚ ਸਾਲ 2005 ਵਿੱਚ ਆਏ ਕੈਟਰੀਨਾ ਸਮੁੰਦਰੀ ਤੂਫ਼ਾਨ ਤੋਂ ਬਾਅਦ ਹਾਰਵੇ ਅਮਰੀਕਾ ਵਿੱਚ ਤਬਾਹੀ ਮਚਾਉਣ ਵਾਲਾ ਦੂਜਾ ਵੱਡਾ ਸਮੁੰਦਰੀ ਤੂਫ਼ਾਨ ਸੀ, ਪਰ ਉਸ ਤੋਂ ਬਾਅਦ ਉਪਰੋਥਲੀ ਆਏ ਇਰਮਾ ਅਤੇ ਮਾਰੀਆ ਖ਼ਤਰਨਾਕ ਸਮੁੰਦਰੀ ਤੂਫ਼ਾਨਾਂ ਨੇ ਇੱਕ ਵਾਰ ਅਮਰੀਕੀ ਅਰਥਵਿਵਸਥਾ ਨੂੰ ਚਰਮਰਾ ਹੀ ਦਿੱਤਾ ਹੈ। ਮਾਰੀਆ ਸਮੁੰਦਰੀ ਤੂਫ਼ਾਨ ਨੇ ਤਾਂ ਪੋਰਟੋਰੀਕੋ ਟਾਪੂ ਵਿੱਚ ਇੰਨੀ ਤਬਾਹੀ ਮਚਾਈ ਹੈ ਕਿ ਉੱਥੇ ਬੁਨਿਆਦੀ ਸਹੂਲਤਾਂ ਦੀ ਬਹਾਲੀ ਲਈ ਹੀ ਕਈ ਮਹੀਨੇ ਲੱਗ ਜਾਣਗੇ।

ਦੇਸ਼ ਦੇ ਉੱਤਰ-ਪੱਛਮੀ ਰਾਜ ਵਿੱਚ ਜੰਗਲੀ ਅੱਗ ਅਤੇ ਦੱਖਣੀ-ਪੂਰਬੀ ਰਾਜਾਂ ਦੇ ਸਮੁੰਦਰੀ ਤੂਫ਼ਨਾਂ ਆਦਿ ਦੀਆਂ ਖ਼ਤਰਨਾਕ ਘਟਨਾਵਾਂ ਤੋਂ ਪਹਿਲਾਂ ਸਾਲ 2017 ਦੇ ਪਹਿਲੇ ਚਾਰ ਮਹੀਨਿਆਂ (ਜਨਵਰੀ ਤੋਂ ਅਪ੍ਰੈਲ) ਤੱਕ ਗੜਿਆਂ, ਭਾਰੀ ਮੀਂਹਾਂ ਅਤੇ ਝੱਖੜਾਂ ਨੇ ਡੈਨਵਰ ਅਤੇ ਡੈਲਸ ਆਦਿ ਥਾਵਾਂ ਉੱਤੇ ਭਾਰੀ ਤਬਾਹੀ ਮਚਾਈ ਸੀ। ਇਨ੍ਹਾਂ ਸਾਰੀਆਂ ਖ਼ਤਰਨਾਕ ਕੁਦਰਤੀ ਘਟਨਾਵਾਂ ਵਿੱਚ ਅਮਰੀਕੀ ਸਰਕਾਰ ਦਾ ਜਿੱਥੇ ਕਈ ਸੌ ਬਿਲੀਅਨ ਡਾਲਰਾਂ ਦਾ ਮਾਲੀ ਨੁਕਸਾਨ ਹੋਇਆ ਹੈ, ਉੱਥੇ ਉਸ ਦੇ ਨਾਲ ਸੈਂਕੜੇ ਮਨੁੱਖੀ ਕੀਮਤੀ ਜਾਨਾਂ ਵੀ ਅਣਇਆਈ ਇਨ੍ਹਾਂ ਦੀ ਭੇਂਟ ਚੜ੍ਹ ਗਈਆਂ ਹਨ।

ਹੁਣ ਸਵਾਲ ਉੱਠਦਾ ਹੈ ਕਿ ਅਮਰੀਕਾ ਵਿੱਚ ਇਸ ਤਰ੍ਹਾਂ ਇੱਕੋ ਸਾਲ ਵਿੱਚ ਉਪਰਥੱਲੇ ਬੇਹੱਦ ਖ਼ਤਰਨਾਕ ਕੁਦਰਤੀ ਆਫ਼ਤਾਂ ਦੇ ਆਉਣ ਦਾ ਕੀ ਕਾਰਨ ਹੋ ਸਕਦਾ ਹੈ। ਸਭ ਤੋਂ ਪਹਿਲਾਂ ਇਨ੍ਹਾਂ ਵੱਖ-ਵੱਖ ਤਰ੍ਹਾਂ ਦੀਆ ਕੁਦਰਤੀ ਆਫ਼ਤਾਂ ਦੇ ਕਾਰਨ ਉੱਤੇ ਇੱਕ ਸਰਸਰੀ ਝਾਤ ਮਾਰ ਲਈ ਜਾਵੇ। ਮੌਸਮੀ ਮਾਹਿਰਾਂ ਅਨੁਸਾਰ ਅਮਰੀਕਾ ਦੇ ਉੱਤਰ-ਪੱਛਮੀ ਰਾਜਾਂ ਵਿੱਚ ਭਿਆਨਕ ਅੱਗਾਂ ਲੱਗਣ ਦਾ ਮੁੱਖ ਕਾਰਨ ਦਿਨੋ-ਦਿਨ ਵਧ ਰਿਹਾ ਤਾਪਮਾਨ ਹੈ। ਅਮਰੀਕਾ ਦੇ ਇਹ ਰਾਜ ਪਿੱਛਲੇ ਦੋ ਮਹੀਨਿਆਂ ਭਾਵ ਅਗਸਤ ਅਤੇ ਸਤੰਬਰ ਤੋਂ ਹੀਟ ਵੇਵ ਦੀ ਲਪੇਟ ਵਿੱਚ ਆਏ ਹੋਏ ਸਨ। ਇੱਕ ਸਤੰਬਰ ਨੂੰ ਸਨਫਰਾਂਸਸਿਕੋ ਦਾ ਤਾਪਮਾਨ 106 ਡਿਗਰੀ ਫਾਰਨਹੀਟ ਆਂਕਿਆ ਗਿਆ ਸੀ ਜੋ ਔਸਤ ਤਾਪਮਾਨ ਤੋਂ 36 ਡਿਗਰੀ ਫਾਰਨਹੀਟ ਜ਼ਿਆਦਾ ਸੀ। ਇਸ ਤੋਂ ਇਲਾਵਾ ਮੌਸਮ ਵਿਗਿਆਨੀਆਂ ਅਨੁਸਾਰ ਕੈਲੇਫੋਰਨੀਆਂ ਰਾਜ ਦੇ ਔਸਤ ਤਾਪਮਾਨ ਵਿੱਚ ਸਾਲ 2012 ਤੋਂ ਲਗਾਤਾਰ ਵਾਧਾ ਹੋ ਰਿਹਾ ਹੈ। ਸਾਲ 1900 ਤੋਂ 2012 ਤੱਕ ਇੱਥੋਂ ਦਾ ਗਰਮੀਆਂ ਵਿੱਚ ਔਸਤ ਤਾਪਮਾਨ 70.4 ਡਿਗਰੀ ਫ਼ਾਰਨਹੀਟ ਹੁੰਦਾ ਸੀ ਜਿਹੜਾ 2012-2017 ਤੱਕ ਵੱਧ ਕੇ 73.6 ਡਿਗਰੀ ਹੋ ਗਿਆ ਹੈ। ਤਾਪਮਾਨ ਦੇ ਵਾਧੇ ਤੋਂ ਬਿਨਾਂ ਅੱਗ ਲੱਗਣ ਦੇ ਦੂਜੇ ਕਾਰਨ ਸੋਕਾ, ਹਵਾ ਦੀ ਤੇਜ਼ ਗਤੀ ਅਤੇ ਜ਼ਿਆਦਾ ਬਾਲਣ ਦਾ ਇਕੱਠਾ ਹੋਣਾ ਹੈ। ਸਮੁੰਦਰੀ ਤੂਫ਼ਾਨਾਂ ਭਾਵ ਹਰੀਕੇਨਜ਼ ਦੀ ਵਧ ਰਹੀ ਗਿਣਤੀ ਅਤੇ ਉਨ੍ਹਾਂ ਦੀ ਗਤੀਸ਼ੀਲਤਾ ਵਿੱਚ ਤੀਬਰਤਾ ਦਾ ਮੁੱਖ ਕਾਰਨ ਵੀ ਮੌਸਮ ਵਿਗਿਆਨੀ ਅੰਧਮਹਾਂਸਾਗਰ ਦੇ ਪਾਣੀ ਦਾ ਵਧ ਰਿਹਾ ਤਾਪਮਾਨ ਹੀ ਦੱਸਦੇ ਹਨ। ਵਿਗਿਆਨੀਆਂ ਅਨੁਸਾਰ ਜਦੋਂ ਅੰਧਮਹਾਂਸਾਗਰ ਦਾ ਪਾਣੀ ਗਰਮ ਹੁੰਦਾ ਹੈ ਤਾਂ ਵੀ ਹਰੀਕੇਨਜ਼ (ਅੰਧਮਹਾਂਸਾਗਰ ਦੇ ਸਮੁੰਦਰੀ ਤੂਫ਼ਾਨ) ਬਣਨੇ ਸ਼ੁਰੂ ਹੁੰਦੇ ਹਨ। ਇਸੇ ਲਈ ਇਨ੍ਹਾਂ ਦਾ ਆਉਣ ਦਾ ਸਮਾਂ ਇੱਕ ਜੂਨ ਤੋਂ 30 ਨਵੰਬਰ ਤੱਕ ਮੰਨਿਆ ਜਾਂਦਾ ਹੈ। ਸਮੁੰਦਰੀ ਪਾਣੀ ਦੇ ਤਾਪਮਾਨ ਵਿੱਚ ਪਿੱਛਲੀ ਸਦੀ ਵਿੱਚ ਇੱਕ ਡਿਗਰੀ ਫ਼ਾਰਨਹੀਟ ਦਾ ਵਾਧਾ ਹੋਇਆ ਹੈ। ਵਿਗਿਆਨੀਆਂ ਅਨੁਸਾਰ ਜੇਕਰ ਸਮੁੰਦਰੀ ਪਾਣੀ ਦੇ ਤਾਪਮਾਨ ਵਿੱਚ ਇੱਕ ਡਿਗਰੀ ਸੈਂਟੀਗਰੇਡ ਦਾ ਵਾਧਾ ਹੁੰਦਾ ਹੈ ਤਾਂ ਹਰੀਕੇਨ ਵਿੱਚਲੀ ਹਵਾ ਦੀ ਗਤੀ ਵਿੱਚ 5 ਫ਼ੀਸਦ ਵਾਧਾ ਹੋ ਜਾਂਦਾ ਹੈ। ਇਸ ਤਰ੍ਹਾਂ ਸਮੁੰਦਰੀ ਤੂਫ਼ਾਨਾਂ ਦੀ ਗਿਣਤੀ ਵਿੱਚ ਵਾਧਾ ਵੀ ਤਾਪਮਾਨ ਦੇ ਵਾਧੇ ਨਾਲ ਹੀ ਸੰਬੰਧਿਤ ਹੈ। ਸੋ, ਉਪਰ ਦਿੱਤੇ ਕਾਰਨਾਂ/ਹਵਾਲਿਆਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਧਰਤੀ ਉੱਤੇ ਵਧ ਰਹੇ ਤਾਪਮਾਨ ਕਾਰਨ ਹੀ ਅਮਰੀਕਾ ਵਿੱਚ ਕੁਦਰਤੀ ਆਫ਼ਤਾਂ ਦੀ ਤੀਬਰਤਾ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਪਰ ਦੁੱਖ ਅਤੇ ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤਾਂ ਇਹ ਮੰਨਣ ਨੂੰ ਤਿਆਰ ਹੀ ਨਹੀਂ ਹਨ ਕਿ ਧਰਤੀ ਉੱਤੇ ਵੱਧ ਤਾਪਮਾਨ ਤੇਜ਼ੀ ਨਾਲ ਵੱਧ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਐਵੇਂ ਹੀ ਚੀਨ ਝੂਠਾ ਪ੍ਰਚਾਰ ਕਰ ਰਿਹਾ ਹੈ।



ਇੱਥੇ ਇਹ ਵੀ ਜਾਣ ਲੈਣਾ ਜ਼ਰੂਰੀ ਹੈ ਕਿ ਮੌਸਮ ਤਬਦੀਲੀ ਨੂੰ ਮੰਨਣ ਤੋਂ ਇਨਕਾਰ ਕਰਨ ਵਾਲੇ ਅਮਰੀਕਾ ਨੇ ਪਿੱਛਲੇ ਸਮੇਂ ਵਿੱਚ ਵਾਯੂਮੰਡਲ ਵਿੱਚ ਦੁਨੀਆ ਦੇ ਸਭ ਦੇਸ਼ਾਂ ਤੋਂ ਜ਼ਿਆਦਾ ਗਰੀਨ ਹਾਊਸ ਗੈਸਾਂ ਛੱਡੀਆਂ ਹਨ ਅਤੇ ਅੱਜ ਵੀ ਵਾਯੂਮੰਡਲ ਵਿੱਚ ਛੱਡੀਆਂ ਹੋਈਆਂ ਕੁੱਲ ਗਰੀਨ ਹਾਊਸ ਗੈਸਾਂ ਵਿੱਚ ਅਮਰੀਕਾ ਦਾ ਹਿੱਸਾ 16 ਫ਼ੀਸਦ ਹੈ ਜੋ ਸਭ ਦੇਸ਼ਾਂ ਤੋਂ ਜ਼ਿਆਦਾ ਹੈ। ਇਨ੍ਹਾਂ ਗੈਸਾਂ ਦੇ ਨਿਕਾਸ ਨਾਲ ਹੀ ਸਿੱਧੇ ਤੌਰ ਉੱਤੇ ਮੌਸਮੀ ਤਬਦੀਲੀ ਜੁੜੀ ਹੋਈ ਹੈ। ਸਾਲ 2014 ਵਿੱਚ ਮਾਰਚ ਮਹੀਨੇ ਦੇ ਅੰਤ ਵਿੱਚ ਸੰਯੁਕਤ ਰਾਸ਼ਟਰ ਦੁਆਰਾ ਜਾਰੀ ਕੀਤੀ ਗਈ ਵਾਤਾਵਰਨ ਸੰਬੰਧੀ ਇਕ ਰਿਪੋਰਟ ਵਿੱਚ ਮੌਸਮ ਦੇ ਬਦਲਾਅ ਸੰਬੰਧੀ ਚਿੰਤਾਜਨਕ ਤੱਥ ਪੇਸ਼ ਕਰਦੇ ਹੋਏ ਚਿਤਾਵਨੀ ਦਿੱਤੀ ਗਈ ਸੀ ਕਿ ਜੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘਟਾਉਣ ਲਈ ਠੋਸ ਕਦਮ ਨਾ ਚੁੱਕੇ ਗਏ ਤਾਂ ਮੌਸਮੀ ਤਬਦੀਲੀਆਂ ਦੇ ਖ਼ਤਰਨਾਕ ਪ੍ਰਭਾਵਾਂ ਤੋਂ ਦੁਨੀਆ ਦਾ ਕੋਈ ਵੀ ਦੇਸ਼ ਬਚ ਨਹੀਂ ਸਕੇਗਾ। ਇਸ ਰਿਪੋਰਟ ਵਿੱਚ ਇਹ ਵੀ ਖੁਲਾਸਾ ਕੀਤਾ ਗਿਆ ਸੀ ਕਿ ਆਲਮੀ ਤਪਸ਼ ਛੋਟੇ ਟਾਪੂਆਂ ਤੋਂ ਲੈ ਕੇ ਵੱਡੇ ਮਹਾਂਦੀਪਾਂ ਤੱਕ ਅਤੇ ਗ਼ਰੀਬ ਅਤੇ ਅਮੀਰ ਦੇਸ਼ਾਂ ਦੇ ਨਾਲ-ਨਾਲ ਧਰਤੀ ਦੇ ਸਾਰੇ ਖਿੱਤਿਆਂ ਨੂੰ ਆਪਣੀ ਮਾਰ ਵਿੱਚ ਲੈ ਚੁੱਕੀ ਹੈ। ਧਰਤੀ ਉੱਤੇ ਵਧ ਰਹੇ ਤਾਪਮਾਨ ਅਤੇ ਨਤੀਜੇ ਵਜੋਂ ਹੋਣ ਵਾਲੀਆਂ ਮੌਸਮੀ ਤਬਦੀਲੀਆਂ ਹੁਣ ਭਵਿੱਖ ਦੀ ਗੱਲ ਨਹੀਂ ਰਹਿ ਗਈਆਂ। ਇਸਦੇ ਬੁਰੇ ਪ੍ਰਭਾਵ ਹਰ ਪਾਸੇ ਪਰਤੱਖ ਦਿਖਾਈ ਦੇਣ ਲੱਗ ਪਏ ਹਨ।

ਆਲਮੀ ਤਪਸ਼ ਦੇ ਬੁਰੇ ਪ੍ਰਭਾਵਾਂ ਤੋਂ ਬਚਣ ਲਈ ਸਾਰੇ ਦੇਸ਼ਾਂ ਨੇ ਸਾਲ 2015 ਵਿੱਚ ਪੈਰਿਸ ਵਿੱਚ ਹੋਈ ਮੌਸਮੀ ਤਬਦੀਲੀਆਂ ਸੰਬੰਧੀ ਕਾਨਫਰੰਸ ਵਿੱਚ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘੱਟ ਕਰਨ ਲਈ ਰੂਪ-ਰੇਖਾ ਬਣਾਈ ਸੀ ਤਾਂ ਕਿ ਇੱਕਵੀਂ ਸਦੀ ਦੇ ਅਖ਼ੀਰ ਤੱਕ ਧਰਤੀ ਦਾ ਤਾਪਮਾਨ, ਉਦਯੋਗਿਕ ਇਨਕਲਾਬ ਵੇਲੇ ਦੇ ਔਸਤ ਤਾਪਮਾਨ ਤੋਂ 2 ਡਿਗਰੀ ਸੈਲਸੀਅਸ ਤੋਂ ਜ਼ਿਆਦਾ ਨਾ ਵਧ ਸਕੇ। ਇਸ ਸਮਝੌਤੇ ਨੂੰ ਸਾਰੇ ਦੇਸ਼ਾ ਨੇ ਬਹੁਤ ਸਹਾਰਿਆ ਸੀ। ਉਦੋਂ ਦੇ ਅਮਰੀਕੀ ਰਾਸ਼ਟਰਪਤੀ ਬਰਾਕ ਉਬਾਮਾ ਨੇ ਕਿਹ ਸੀ ਕਿ ਇਹ ਸਮਝੌਤਾ ਸਾਰੀ ਦੁਨੀਆ ਦੇ ਹਿੱਤ ਵਿੱਚ ਹੈ, ਪਰ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਸਮਝੌਤੇ ਵਿੱਚੋਂ ਸਾਲ 2017 ਦੇ ਜੂਨ ਮਹੀਨੇ ਵਿੱਚ ਬਾਹਰ ਨਿਕਲਣ ਦਾ ਐਲਾਨ ਕਰਦੇ ਹੋਏ ਕਿਹਾ ਹੈ ਕਿ ਸਮਝੌਤਾ ਅਮਰੀਕਾ ਦੇ ਹਿੱਤ ਵਿੱਚ ਨਹੀਂ ਹੈ ਕਿਉਂਕਿ ਇਸ ਨਾਲ ਲੱਖਾਂ ਅਮਰੀਕੀ ਸਾਲ 2025 ਤੱਕ ਬੇਕਾਰ ਹੋ ਜਾਣਗੇ। ਉਨਾਂ ਅਨੁਸਾਰ ਮੌਸਮੀ ਬਦਲਾਅ ਕੋਈ ਹਕੀਕਤ ਨਹੀਂ ਹੈ ਅਤੇ ਇਹ ਤਾਂ ਅਮਰੀਕਾ ਨੂੰ ਉਲਝਾਉਣ ਲਈ ਚੀਨ ਨੇ ਇੱਕ ਸ਼ੋਸਾ ਛੱਡਿਆ ਹੈ।

ਇਸ ਸਾਲ ਅਮਰੀਕਾ ਵਿੱਚ ਆਈਆਂ ਖ਼ਤਰਨਾਕ ਕੁਦਰਤੀ ਆਫ਼ਤਾਂ ਤੋਂ ਇਹ ਸਾਫ਼ ਜ਼ਾਹਿਰ ਹੋ ਜਾਂਦਾ ਹੈ ਕਿ ਅਮਰੀਕਾ ਨੂੰ ਹੋਰ ਦੇਸ਼ਾਂ ਨਾਲ ਰਲ ਕੇ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘਟਾ ਕੇ, ਧਰਤੀ ਦੇ ਤਾਪਮਾਨ ਨੂੰ ਵਧਣ ਤੋਂ ਰੋਕਣ ਲਈ ਆਪਣੀ ਪੂਰੀ ਸਮਰੱਥਾ ਨਾਲ ਯੋਗਦਾਨ ਪਾਉਣਾ ਚਾਹੀਦਾ ਹੈ ਤਾਂਕਿ ਅਮਰੀਕੀ ਵਾਸੀਆਂ ਦੀ ਕੁਦਰਤੀ ਆਫ਼ਤਾਂ ਤੋਂ ਰੱਖਿਆ ਕਰਦੇ ਹੋਏ ਦੁਨੀਆ ਦੇ ਬਾਕੀ ਦੇਸ਼ਾਂ ਨੂੰ ਵੀ ਖ਼ਤਰਨਾਕ ਕੁਦਰਤੀ ਆਫ਼ਤਾਂ ਤੋਂ ਰਾਹਤ ਮਿਲ ਸਕੇ।

## ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ ਦੀ ਅਸਲੀਅਤ

# ਲੋੜ ਹੈ ਖੇਤੀਬਾੜੀ ਨੀਤੀ ਨੂੰ ਸਾਰਥਿਕ ਬਣਾਉਣ ਦੀ



ਡਾ. ਗਿਆਨ ਸਿੰਘ
001-609-721-0950

24 ਅਕਤੂਬਰ, 2017 ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੇਂਦਰੀ ਮੰਤਰੀ ਮੰਡਲ ਦੀ ਆਰਥਿਕ ਮਾਮਲਿਆਂ ਬਾਰੇ ਕਮੇਟੀ (ਸੀ.ਸੀ.ਈ.ਏ.) ਦੀ ਮੀਟਿੰਗ ਵਿੱਚ ਸਾਲ 2017-18 ਲਈ ਹਾੜ੍ਹੀ ਦੀਆਂ ਫ਼ਸਲਾਂ ਵਿੱਚੋਂ ਸਭ ਤੋਂ ਪ੍ਰਮੁੱਖ ਜਿਨਸ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ ਦਾ ਐਲਾਨ ਕੀਤਾ ਗਿਆ ਹੈ। ਇਹ ਐਲਾਨ ਦੇਸ਼ ਦੇ 'ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਦੀ ਸਿਫ਼ਾਰਸ਼ ਅਨੁਸਾਰ ਹੈ। ਇਸ ਐਲਾਨ ਅਨੁਸਾਰ ਸਾਲ 2017-18 ਲਈ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ 1735 ਰੁਪਏ ਪ੍ਰਤਿ ਕੁਇੰਟਲ ਹੋ ਗਈ ਹੈ। ਸਾਲ 2016-17 ਲਈ ਇਹ ਕੀਮਤ 1625 ਰੁਪਏ ਸੀ। ਇਸ ਤਰ੍ਹਾਂ ਇਸ ਸਾਲ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ ਵਿੱਚ 110 ਰੁਪਏ ਪ੍ਰਤਿ ਕੁਇੰਟਲ ਦਾ ਵਾਧਾ ਕੀਤਾ ਗਿਆ ਜੋ ਤਕਰੀਬਨ 6.8 ਫ਼ੀਸਦ ਬਣਦਾ ਹੈ। ਦੇਸ਼ ਦੀਆਂ ਵੱਖ-ਵੱਖ ਕਿਸਾਨ ਜੱਥੇਬੰਦੀਆਂ ਨੇ ਇਸ ਵਾਧੇ ਨੂੰ ਨਿਗੁਣਾ ਦੱਸਦੇ ਹੋਏ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਹੈ। ਕੇਂਦਰੀ ਅਨਾਜ ਭੰਡਾਰ ਵਿੱਚ ਪਿੱਛਲੇ ਤਕਰੀਬਨ 7 ਦਹਾਕਿਆਂ ਤੋਂ ਦੇਸ਼ ਦੇ ਸਾਰਿਆਂ ਸੂਬਿਆਂ ਤੋਂ ਕਿਤੇ ਵੱਧ ਯੋਗਦਾਨ ਪਾਉਣ ਵਾਲੇ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਦੁਆਰਾ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ ਵਿੱਚ ਕੀਤੇ ਗਏ ਵਾਧੇ ਨੂੰ ਨਾਕਾਫ਼ੀ ਦੱਸਦਿਆਂ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਇਸ ਫ਼ੈਸਲੇ ਨੂੰ ਮੁੜ ਤੋਂ ਵਿਚਾਰਨ ਦੀ ਮੰਗ ਕੀਤੀ ਹੈ।

ਭਾਰਤ ਵਿਚ ਖੇਤੀਬਾੜੀ ਕੀਮਤ ਨੀਤੀ ਦੀ ਸ਼ੁਰੂਆਤ ਦੂਜੀ ਸੰਸਾਰ ਜੰਗ ਦੌਰਾਨ ਦੇਸ਼ ਵਿੱਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਕਾਰਨ ਇਹਨਾਂ ਦੀਆ ਤੇਜ਼ੀ ਨਾਲ ਵਧਦੀਆਂ ਹੋਈਆਂ ਕੀਮਤਾਂ ਕਾਰਨ ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਹੋ ਗਈ ਸੀ ਅਤੇ ਉਸੇ ਸਮੇਂ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਕੁਝ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਕੀਮਤਾਂ ਵੀ ਨਿਸ਼ਚਿਤ ਕੀਤੀਆਂ ਗਈਆਂ ਸਨ। ਭਾਰਤ ਦੀ ਖੇਤੀਬਾੜੀ ਕੀਮਤ ਨੀਤੀ ਦੇ ਸੰਬੰਧ ਅਹਿਮ ਪੜਾਅ ਸੰਨ 1965 ਦੌਰਾਨ ਆਇਆ ਜਦੋਂ ਕੇਂਦਰ ਸਰਕਾਰ ਨੇ ਕੁਝ ਖੇਤੀਬਾੜੀ ਜਿਨਸਾਂ ਦੀਆ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਸੰਬੰਧੀ ਸਿਫ਼ਾਰਸ਼ਾਂ ਕਰਨ ਲਈ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀ ਸਥਾਪਨਾ ਕੀਤੀ। ਇਹ ਕਮਿਸ਼ਨ ਆਪਣੀ ਸਥਾਪਤੀ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਪ੍ਰਮੁੱਖ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਲਈ ਕੇਂਦਰ ਸਰਕਾਰ ਨੂੰ ਆਪਣੀਆਂ ਸਿਫ਼ਾਰਸ਼ਾਂ ਕਰਦਾ ਆ ਰਿਹਾ। ਕੇਂਦਰ ਸਰਕਾਰ ਆਮ ਕਰਕੇ ਇਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਕੀਮਤਾਂ ਤੈਅ ਕਰਦੀ ਆ ਰਹੀ ਹੈ। ਸੰਨ 1965 ਤੋਂ 1969 ਤੱਕ, ਜਦੋਂ ਦੇਸ਼ ਵਿੱਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਕਾਰਨ ਕੇਂਦਰ ਸਰਕਾਰ ਬਾਹਰਲੇ ਦੇਸ਼ਾਂ, ਖ਼ਾਸ ਕਰਕੇ ਅਮਰੀਕਾ ਤੋਂ ਪੀ.ਐੱਲ 480 ਅਧੀਨ, ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰ ਰਹੀ ਸੀ, ਤਾਂ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀਆਂ ਸਿਫ਼ਾਰਸ਼ਾਂ ਅਨੁਸਾਰ ਕੇਂਦਰ ਸਰਕਾਰ ਦੁਆਰਾ ਖੇਤੀਬਾੜੀ ਜਿਨਸਾਂ ਦੀਆਂ ਤੈਅ ਕੀਤੀਆਂ ਗਈਆਂ ਕੀਮਤਾਂ ਕਿਸਾਨਾਂ ਦੇ ਪੱਖ ਵਿੱਚ ਸਨ ਜਿਸਦੇ ਨਤੀਜੇ ਵਜੋਂ ਕਿਸਾਨਾਂ ਦੀ ਆਮਦਨ ਉਦਯੋਗਾਂ ਅਤੇ ਸੇਵਾਵਾਂ ਦੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਮਨੁੱਖਾਂ ਨਾਲੋਂ ਤੇਜ਼ੀ ਨਾਲ ਵਧੀ। ਇਸ ਸਮੇਂ ਦੌਰਾਨ ਦੇਸ਼ ਵਿੱਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਸਦਕਾ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਵਿੱਚ ਅਥਾਹ ਵਾਧਾ ਹੋਇਆ ਜਿਸ ਨੂੰ 'ਹਰੇ ਇਨਕਲਾਬ' ਦਾ ਨਾਮ ਦਿੱਤਾ ਗਿਆ ਅਤੇ ਭਾਰਤ ਨੂੰ ਬਾਹਰਲੇ ਦੇਸ਼ਾਂ ਤੋਂ ਅਨਾਜ ਮੰਗਵਾਉਣ ਦੀ ਲੋੜ ਨਾ ਰਹੀ। ਸੰਨ 1970 ਤੋਂ ਲੈ ਕੇ ਲੰਬੇ ਸਮੇਂ ਲਈ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀਆਂ ਸਿਫ਼ਾਰਸ਼ਾਂ ਅਨੁਸਾਰ ਕੇਂਦਰ ਸਰਕਾਰ ਵੱਲੋਂ ਤੈਅ ਕੀਤੀਆਂ ਗਈਆਂ ਘੱਟੋ-ਘੱਟ ਸਮਰਥਨ ਕੀਮਤਾਂ ਕਿਸਾਨਾਂ ਦੇ ਹਿੱਤਾਂ ਦੇ ਉਲਟ ਰਹੀਆਂ ਜਿਸ ਦੀ ਕੁਝ ਸੂਬਾ ਸਰਕਾਰਾਂ ਅਤੇ ਦੇਸ਼ ਦੀਆਂ ਕਾਸਨ ਜੱਥੇਬੰਦੀਆਂ ਵੱਲੋਂ ਤਿੱਖੀ ਆਲੋਚਨਾ ਕੀਤੀ ਗਈ। ਇਸ ਆਲੋਚਨਾ ਤੋਂ ਬਚਣ ਲਈ ਕੇਂਦਰ ਸਰਕਾਰ ਨੇ 23 ਫਰਵਰੀ, 1987 ਨੂੰ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦਾ ਨਾਮ ਬਦਲਕੇ 'ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਿਵੇਂ ਇਹ ਕਮਿਸ਼ਨ ਆਪਣੀਆਂ ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਉਹਨਾਂ ਦਾ ਆਧਾਰ ਬਣਾਉਂਦਾ ਹੋਵੇ। ਪਰ ਸਮੇਂ ਨੇ ਚਿੱਟੇ ਦਿਨ ਵਾਂਗ ਸਾਹਮਣੇ ਲਿਆਂਦਾ ਕਿ ਇਹ ਸਿਰਫ਼ ਭੁਲੇਖਾ ਪਾਉਣ ਲਈ ਹੀ ਕੀਤਾ ਗਿਆ ਸੀ। ਇਸ ਸਮੇਂ ਦੌਰਾਨ ਕਿਸਾਨਾਂ ਦੀ ਆਮਦਨ ਲਗਾਤਾਰ ਘਟਦੀ ਗਈ। ਇਸ ਸੰਬੰਧ ਵਿੱਚ ਸਭ ਤੋਂ ਮਾੜਾ ਪੜਾਅ ਸੰਨ 1991 ਵਿੱਚ, ਦੇਸ਼ ਵਿੱਚ 'ਨਵੀਆਂ ਆਰਥਿਕ ਨੀਤੀਆਂ' ਜੋ ਕਾਰਪੋਰੇਟ ਜਗਤ ਪੱਖੀ ਹਨ ਅਪਣਾਉਣ ਕਾਰਨ, ਆਇਆ। ਸੰਨ 1991 ਤੋਂ ਲੈ ਕੇ ਬਾਅਦ ਵਾਲੇ ਸਮੇਂ ਦੌਰਾਨ ਘੱਟੋ-ਘੱਟ ਸਮਰਥਨ ਕੀਮਤਾਂ ਨੀਤੀ ਅਤੇ ਖੇਤੀਬਾੜੀ ਨਾਲ ਸੰਬੰਧਿਤ ਹੋਰ ਸਰਕਾਰੀ ਨੀਤੀਆਂ ਨੇ ਖੇਤੀਬਾੜੀ ਨੂੰ ਇੱਕ ਘਾਟੇ ਵਾਲਾ ਧੰਦਾ ਬਣਾ ਦਿੱਤਾ ਹੈ ਜਿਸ ਬਾਰੇ ਕੇਂਦਰ ਸਰਕਾਰ ਦੇਸ਼ ਦੀ ਪਾਰਲੀਮੈਂਟ ਵਿੱਚ ਵਾਰ-ਵਾਰ ਸਹਿਮਤ ਵੀ ਹੋਈ ਹੈ।


'ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਆਪਣੀਆਂ ਸਿਫ਼ਾਰਸ਼ਾਂ ਕਰਨ ਲਈ ਜਿਹੜੀਆਂ ਲਾਗਤਾਂ ਨੂੰ ਉਹਨਾਂ ਦਾ ਆਧਾਰ ਬਣਾਉਂਦਾ ਹੈ ਉਸ ਵਿੱਚ ਅਨੇਕਾਂ ਖਾਮੀਆਂ ਹਨ। ਕਿਸਾਨ ਜੋ 365 ਦਿਨ 24 ਘੰਟੇ ਖੇਤੀਬਾੜੀ ਦੇ ਕੰਮ ਲਈ ਹਾਜ਼ਰ ਰਹਿੰਦਾ ਹੈ ਉਸਦੇ ਪ੍ਰਬੰਧ ਅਤੇ ਕਿਰਤ ਦੀ ਲਾਗਤ ਨੂੰ ਕੁਝ ਕੁ ਘੰਟਿਆਂ ਤੱਕ ਹੀ ਸੀਮਤ ਕਰ ਲਿਆ ਜਾਂਦਾ ਹੈ ਅਤੇ ਅਜਿਹਾ ਹੀ ਉਸਦੇ ਪਰਿਵਾਰ ਦੇ ਹੋਰ ਜੀਆਂ, ਜੋ ਖੇਤੀਬਾੜੀ ਖੇਤਰ ਵਿੱਚ ਕੰਮ ਕਰਦੇ ਹਨ, ਦੇ ਸੰਬੰਧ ਵਿੱਚ ਕੀਤੀ ਜਾਂਦਾ ਹੈ। ਸਭ ਤੋਂ ਵੱਡੀ ਬੇਇਨਸਾਫ਼ੀ ਕਿਸਾਨ ਦੇ ਘਰ ਵਾਲੀ ਅਤੇ ਪਰਿਵਾਰ ਦੀਆਂ ਹੋਰ ਇਸਤਰੀਆਂ ਦੇ ਸੰਬੰਧ ਵਿੱਚ ਹੈ। ਇਹ ਬੀਬੀਆਂ ਆਪਣਾ ਦਿਨ ਬਹੁਤ ਸਾਰੇ ਪਰਿਵਾਰ ਦੇ ਜੀਆਂ ਅਤੇ ਉਹਨਾਂ ਦੇ ਕਾਮਿਆਂ ਦੀ ਚਾਹ-ਰੋਟੀ ਬਣਾਉਣ ਨਾਲ ਸ਼ੁਰੂ ਕਰਦੀਆਂ ਹਨ ਅਤੇ ਇਹ ਕੰਮ ਦਿਨ ਵਿੱਚ ਕਈ ਵਾਰ ਕਰਨਾ ਪੈਂਦਾ ਹੈ। ਇਸ ਤੋਂ ਬਿਨਾਂ ਇਹ ਬੀਬੀਆਂ ਘਰ ਦੇ ਪਸ਼ੂਆਂ ਦੀ ਦੇਖਭਾਲ ਕਰਦੀਆਂ ਹੋਈਆਂ ਖੇਤਾਂ ਵਿੱਚ ਵੀ ਕੰਮ ਕਰਦੀਆਂ ਹਨ। ਖੇਤੀਬਾੜੀ ਲਾਗਤਾਂ ਵਿੱਚ ਇਹਨਾਂ ਬੀਬੀਆਂ ਦੇ ਕੰਮ ਦੀ ਲਾਗਤ ਨੂੰ ਕੋਈ ਵੀ ਥਾਂ ਨਹੀਂ ਦਿੱਤੀ ਜਾਂਦੀ। ਖੇਤੀਬਾੜੀ ਉਤਪਾਦਨ ਲਾਗਤਾਂ ਗਿਣਨ ਸਮੇਂ ਜ਼ਮੀਨ ਦੇ ਠੇਕੇ ਨੂੰ ਇੱਕ-ਤਿਹਾਈ ਤੋਂ ਵੀ ਘੱਟ ਆਂਕਿਆ ਜਾਂਦਾ ਹੈ। ਇਸੇ ਤਰ੍ਹਾਂ ਦੀ ਬੇਇਨਸਾਫ਼ੀ ਖੇਤੀਬਾੜੀ ਮਸ਼ੀਨਰੀ ਅਤੇ ਬਿਲਡਿੰਗਾਂ ਦੀ ਘਸਾਈ ਦੇ ਸੰਬੰਧ ਵਿੱਚ ਕੀਤੀ ਜਾਂਦੀ ਹੈ।

ਖੇਤੀਬਾੜੀ ਉਤਪਾਦਨ ਲਾਗਤਾਂ ਗਿਣਨ ਦੇ ਸੰਬੰਧ ਵਿੱਚ ਇੱਕ ਹੋਰ ਵੱਡੀ ਬੇਇਨਸਾਫ਼ੀ ਉੱਚ ਉਤਪਾਦਨ ਲਾਗਤਾਂ ਵਾਲੇ ਇਲਾਕਿਆਂ ਜਿਵੇਂ ਪੰਜਾਬ ਨਾਲ ਕੀਤੀ ਜਾਂਦੀ ਹੇ। ਪਹਿਲਾਂ ਤੋਂ ਵੀ ਵੱਖ-ਵੱਖ ਪੱਖਾਂ ਤੋਂ ਘਟਾ ਕੇ ਆਂਕੀਆਂ ਗਈਆਂ ਉਤਪਾਦਨ ਲਾਗਤਾਂ ਦੀ ਸਾਰੇ ਦੇਸ਼ ਲਈ ਔਸਤ ਲੈ ਲਈ ਜਾਂਦੀ ਹੈ। ਇਸ ਦੇ ਨਾਲ-ਨਾਲ ਖੇਤੀਬਾੜੀ ਉਤਪਾਦਨ ਵਿੱਚ ਵਰਤੇ ਜਾਣ ਵਾਲੇ ਮੁੱਖ ਸਾਧਨਾਂ ਦੀਆਂ ਕੀਮਤਾਂ ਜਿਹਨਾਂ ਨੂੰ ਕੇਂਦਰ ਸਰਕਾਰ ਤੈਅ ਕਰਦੀ ਸੀ, ਨੂੰ ਬੇਲਗਾਮ ਮੰਡੀ ਦੇ ਹਵਾਲੇ ਕੀਤਾ ਗਿਆ ਅਤੇ ਕੀਤਾ ਜਾ ਰਿਹਾ ਹੈ। ਸਰਕਾਰ ਖੇਤੀਬਾੜੀ ਖੋਜ ਅਤੇ ਵਿਕਾਸ ਦੇ ਕਾਰਜ਼ਾਂ ਵਿੱਚੋਂ ਵੀ ਲਗਾਤਾਰ ਪਿੱਛੇ ਹਟ ਰਹੀ ਹੈ। ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵਿੱਚੋਂ ਖੇਤੀਬਾੜੀ ਜਿਨਸਾਂ ਦੀ ਕੀਮਤ ਤੈਅ ਕਰਨ ਸੰਬੰਧੀ ਪਿੱਠ ਦਿਖਾਉਣ ਲਈ ਕੇਂਦਰ ਵਿੱਚ ਹਕੂਮਤ ਕਰ ਚੁੱਕੀਆਂ ਅਤੇ ਕਰ ਰਹੀਆਂ ਯੂ.ਪੀ.ਏ. ਅਤੇ ਐੱਨ.ਡੀ.ਏ. ਦੀਆਂ ਸਾਰੀਆਂ ਭਾਈਵਾਲ ਰਾਜਸੀ ਪਾਰਟੀਆਂ ਜ਼ਿੰਮੇਵਾਰ ਹਨ। ਜੇਕਰ ਸਵਾਮੀਨਾਥਨ ਕਮਿਸ਼ਨ ਦੀ ਇਹ ਸਿਫ਼ਾਰਸ਼ ਮੰਨ ਲਈ ਜਾਵੇ ਤਾਂ ਹੁਣ ਦੀ ਘਾਟੇ ਵਾਲੀ ਖੇਤੀਬਾੜੀ ਨਫ਼ੇ ਵਾਲੀ ਖੇਤੀਬਾੜੀ ਤਾਂ ਜ਼ਰੂਰ ਹੋ ਜਾਵੇਗੀ, ਪਰ ਇਸ ਨਾਲ ਵੀ ਕਿਸਾਨਾਂ ਦੀ ਹਾਲਾਤ ਬਹੁਤੀ ਸੁਧਰਨ ਨਹੀਂ ਲੱਗੀ। ਦੇਸ਼ ਵਿੱਚ 80 ਫ਼ੀਸਦ ਤੋਂ ਜ਼ਿਆਦਾ ਉਹ ਕਿਸਾਨ ਹਨ ਜਿਹਨਾਂ ਕੋਲ ਸਿਰਫ਼ 5 ਏਕੜ ਤੱਕ ਹੀ ਜ਼ਮੀਨ ਹੈ। ਅਜਿਹੇ ਕਿਸਾਨਾਂ ਦੀ ਔਸਤਨ ਉਤਪਾਦਨ ਲਾਗਤ ਨੂੰ ਜੇਕਰ 48000 ਰੁਪਏ ਸਲਾਨਾ ਮੰਨ ਲਿਆ ਜਾਵੇ ਤਾਂ ਉਹਨਾਂ ਦਾ ਨਫ਼ਾ ਸਿਰਫ਼ 24000 ਰੁਪਏ ਸਲਾਨਾ ਹੀ ਹੋਵੇਗਾ ਜੋ ਮਹੀਨੇਵਾਰ 2000 ਰੁਪਏ ਬਣਦਾ ਹੈ। ਏੱਥੇ ਸੋਚਣ ਵਾਲੀ ਗੱਲ ਇਹ ਹੈ ਕਿ 5 ਜੀਆਂ ਦੇ ਪਰਿਵਾਰ ਦਾ 2000 ਰੁਪਏ ਵਿੱਚ ਗੁਜ਼ਾਰਾ ਕਿਵੇਂ ਹੋਏਗਾ?

ਲੇਖਕ ਦੇ ਆਪਣੇ ਅਤੇ ਉਸ ਦੀ ਨਿਗਰਾਨੀ ਹੇਠ ਐੱਮ.ਫ਼ਿਲ ਅਤੇ ਪੀਐੱਚ.ਡੀ. ਡਿਗਰੀਆਂ ਲਈ ਕੀਤੇ ਗਏ ਖੋਜ ਕਾਰਜ ਇਹ ਤੱਥ ਸਾਹਮਣੇ ਲਿਆਉਂਦੇ ਹਨ ਕਿ ਪੰਜਾਬ ਸਮੇਤ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਬਹੁਤੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਅਤੇ ਗ਼ਰੀਬੀ ਵਿੱਚ ਜਨਮ ਲੈਂਦੇ ਹਨ, ਕਰਜ਼ੇ ਤੇ ਗ਼ਰੀਬੀ ਵਿੱਚ ਔਖੀ ਦਿਨਕਟੀ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਕਰਜ਼ੇ ਦਾ ਪਹਾੜ ਅਤੇ ਘੋਰ ਗ਼ਰੀਬੀ ਛੱਡ ਕੇ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ ਜਾਂ ਜਦੋਂ ਉਨਾਂ ਦੀਆਂ ਜ਼ਿੰਦਗੀ ਪ੍ਰਤੀ ਸਾਰੀਆਂ ਆਸਾਂ ਮੁੱਕ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀਆਂ ਦੇ ਰਾਹ ਵੀ ਪੈਣ ਲੱਗੇ ਹਨ।

ਦੇਸ਼ ਦੀ ਅਨਾਜ ਸੁਰੱਖਿਆ ਨੂੰ ਬਣਾਈ ਰੱਖਣ ਅਤੇ ਬਾਹਰਲੇ ਦੇਸ਼ਾਂ ਅੱਗੇ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁਡਵਾਉਣ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਖੇਤੀਬਾੜੀ ਨੀਤੀ ਨੂੰ ਇਸ ਤਰ੍ਹਾਂ ਸਾਰਥਿਕ ਬਣਾਵੇ ਤਾਂ ਕਿ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ, ਖੇਤੀਬਾੜੀ ਖੇਤਰ ਤੋਂ ਆਪਣੀ ਆਮਦਨ ਨਾਲ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਦੀਆਂ ਮਨੁੱਖਾਂ ਦੀਆਂ ਬੁਨਿਆਦੀ ਲੋੜਾਂ ਨੂੰ ਆਸਾਨੀ ਅਤੇ ਸਤਿਕਾਰਤ ਢੰਗ ਨਾਲ ਪੂਰੀਆਂ ਕਰ ਸਕਣ।

# ਬੱਬਰ ਅਕਾਲੀ ਲਹਿਰ




1921 ਵਿਚ ਸਰਕਾਰ ਨੇ ਪੰਜਾਬ ਵਿਚ ਜੋ ਸਖਤੀ ਕੀਤੀ, ਸ੍ਰੀ ਨਨਕਾਣਾ ਸਾਹਿਬ ਦੇ ਸਾਕੇ, ਗੁਰੂ ਕੇ ਬਾਗ ਵਿਚ ਮਿ: ਬੀ. ਟੀ. ਵੱਲੋਂ ਕੀਤੇ ਗਏ ਅੱਤਿਆਚਾਰਾਂ ਤੇ ਜੇਲ੍ਹਾਂ ਵਿਚ ਕੀਤੀ ਗਈ ਸਖਤੀ ਦੇ ਫਲਸਰੂਪ ਦੁਆਬੇ ਵਿਚ 'ਬੱਬਰ ਅਕਾਲੀ ਲਹਿਰ' ਜਾਰੀ ਹੋਈ, ਜਿਸ ਦਾ ਮੁੱਖ ਮੰਤਵ ਮੁਖਬਰਾਂ ਅਤੇ ਝੋਲੀ ਚੁੱਕਾਂ ਨੂੰ ਸੋਧਣਾ ਤੇ ਦੇਸ਼ ਵਿਚ ਸਸ਼ਤਰ-ਵਿਦਰੋਹ ਕਰਕੇ ਅੰਗਰੇਜ਼ੀ ਰਾਜ ਨੂੰ ਹਿੰਦੁਸਤਾਨ ਵਿਚੋਂ ਖਤਮ ਕਰਨਾ ਸੀ।

ਜਲੰਧਰ ਤੇ ਹੁਸ਼ਿਆਰਪੁਰ ਵਿਚ ਬੱਬਰ ਲਹਿਰ ਦੇ ਜਾਰੀ ਹੋਣ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਹਨਾਂ ਜ਼ਿਲ੍ਹਿਆਂ ਦੇ ਸਿੱਖ ਵਧੇਰੇ ਅਮਰੀਕਾ ਤੇ ਕੈਨੇਡਾ ਵਿਚ ਗਏ ਹਨ। ਉਹਨਾਂ ਦੇ ਅਸਰ ਨਾਲ ਦੁਆਬੇ ਵਿਚ ਆਜ਼ਾਦੀ ਤੇ ਦੇਸ਼ ਭਗਤੀ ਦੀ ਸਪਿਰਿਟ ਪੈਦਾ ਹੋਈ।

ਬੱਬਰ ਲਹਿਰ ਵਿਚ ਜ਼ਿਲ੍ਹਾ ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲੇ ਦੇ ਸਿੱਖਾਂ ਨੇ ਬੜੀ ਕੁਰਬਾਨੀ ਕੀਤੀ ਹੈ। ਇਸ ਲਈ ਇਸ ਦਾ ਸੰਖੇਪ ਵਰਣਨ ਕਰਨਾ ਜ਼ਰੂਰੀ ਹੈ।

**ਬੱਬਰ ਲਹਿਰ ਦੇ ਮੋਢੀ**

ਬੱਬਰ ਅਕਾਲੀ ਲਹਿਰ ਦੇ ਮੋਢੀ ਸਰਦਾਰ ਕਿਸ਼ਨ ਸਿੰਘ ਗੜਗੱਜ ਪਿੰਡ ਵਿਣਗ ਜ਼ਿਲ੍ਹਾ ਜਲੰਧਰ ਤੇ ਬਾਬੂ ਸੰਤਾ ਸਿੰਘ ਪਿੰਡ ਹਰਿਉ ਜ਼ਿਲ੍ਹਾ ਲੁਧਿਆਣਾ ਸਨ। ਇਹ ਦੋਵੇਂ ਰਿਟ-ਾਇਰਡ ਫੌਜੀ ਸਨ। ਸ. ਕਿਸ਼ਨ ਸਿੰਘ ਪਲਟਣ ਨੰ: 2/35 ਵਿਚੋਂ ਨੌਕਰੀ ਛੱਡ ਕੇ ਆਏ ਸਨ। ਬਾਬੂ ਸੰਤਾ ਸਿੰਘ ਪਲਟਣ ਨੰ: 42 ਵਿਚ ਸਨ। 1921 ਵਿਚ ਇਹ ਪਲਟਣ ਜਲੰਧਰ ਛਾਉਣੀ ਵਿਚ ਸੀ। ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਪਿੱਛੋਂ ਦੁਸਾਂਝ ਕਲਾਂ ਵਿਚ ਇਕ ਭਾਰੀ ਪੁਲੀਟੀਕਲ ਕਾਨਫਰੰਸ ਹੋਈ। ਉਸ ਮੌਕੇ ਬਾਬੂ ਜੀ ਨੇ ਨੌਕਰੀ ਛੱਡ ਕੇ ਕੌਮੀ ਲਹਿਰ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਉਪਰੋਕਤ ਦੋਹਾਂ ਮੁਖੀਆਂ ਨੇ 'ਬੱਬਰ ਅਕਾਲੀ ਦਲ' ਕਾਇਮ ਕੀਤਾ, ਜਿਸ ਵਿਚ ਹੇਠ ਲਿਖੇ ਸਰਗਰਮ ਮੈਂਬਰ ਸਨ:- ਸ. ਕਰਮ ਸਿੰਘ ਦੌਲਤਪੁਰ (ਜਲੰਧਰ), ਸ. ਸੁੰਦਰ ਸਿੰਘ ਮਖਸੂਸਪੁਰ, ਸ. ਕਰਮ ਸਿੰਘ ਝਿੰਗੜ, ਸ. ਧੰਨਾ ਸਿੰਘ ਬਿਹਬਲਪੁਰ (ਹੁਸ਼ਿਆਰਪੁਰ), ਮਾਸਟਰ ਦਲੀਪ ਸਿੰਘ ਗੋਸਲ (ਜਲੰਧਰ), ਸ. ਹਜ਼ਾਰਾ ਸਿੰਘ ਮੁੰਡੇਰ (ਜਲੰਧਰ), ਸ. ਬੰਤਾ ਸਿੰਘ, ਭੋਲਾ ਸਿੰਘ ਤੇ ਪਿਆਰਾ ਸਿੰਘ ਧਾਮੀਆਂ (ਹੁਸ਼ਿਆਰਪੁਰ), ਸ. ਵਰਿਆਮ ਸਿੰਘ ਧੁੱਗੋ (ਹੁਸ਼ਿਆਰਪੁਰ), ਸ. ਭੋਲਾ ਸਿੰਘ ਅਧਿਕਾਰੇ ਕਾਠੇ, ਸ. ਉਜਾਗਰ ਸਿੰਘ ਧਾਮੀਆਂ, ਸ. ਰਤਨ ਸਿੰਘ ਸਿੰਗੜੀਵਾਲਾ, ਸ. ਕਿਸ਼ਨ ਸਿੰਘ ਸਾਂਸਰਾ, ਸ. ਕਰਤਾਰ ਪਿੰਡ ਪੰਡੋਰੀ ਨਿੱਝਰਾਂ, ਗਿ: ਹਰਬੰਸ ਸਿੰਘ ਸਰਹਾਲਾ ਕਲਾਂ ਤੇ ਸ. ਨੰਦ ਸਿੰਘ ਆਦਿਕ।


ਇਸ ਲੇਖ ਦੇ ਪੇਸ਼ਕਰਤਾ-
ਸ. ਹਰਦਿਆਲ ਸਿੰਘ ਥਿਆੜਾ



**ਬੱਬਰ ਪਾਰਟੀ ਦੇ ਨਿਯਮ ਇਹ ਸਨ-** ਸ਼ਰਾਬ ਨਹੀਂ ਪੀਣੀ, ਮਾਸ ਨਹੀਂ ਖਾਣਾ, ਇਸਤਰੀ ਦਾ ਤਿਆਗ, ਚੋਰੀ ਨਾ ਕਰਨੀ, ਦੇਸ਼ ਵਿਚ ਏਕਤਾ ਦੀ ਲਹਿਰ ਪੈਦਾ ਕਰਨੀ ਤੇ ਜਾਨ ਤੇ ਖੇਡ ਜਾਣਾ। ਇਸ ਪਾਰਟੀ ਵਿਚ ਤਿੰਨ ਕਿਸਮ ਦੇ ਆਦਮੀ ਸ਼ਾਮਲ ਸਨ (1) ਕੁਰਬਾਨੀ ਕਰਨ ਵਾਲੇ, (2) ਉਹਨਾਂ ਦੇ ਪਰਿਵਾਰਾਂ ਦੀ ਸਹਾਇਤਾ ਕਰਨ ਵਾਲੇ, (3) ਬੱਬਰਾਂ ਨੂੰ ਸਰਕਾਰੀ ਸਰਗਰਮੀਂ ਦੀ ਸੂਹ ਦੇਣ ਵਾਲੇ।

ਬੱਬਰਾਂ ਨੇ 'ਬੱਬਰ ਅਕਾਲੀ' ਨਾਂ ਦਾ ਸਾਈਕਲੋ ਸਟਾਈਲ ਤੇ ਛਪਣ ਵਾਲਾ ਇਕ ਅਖਬਾਰ ਜਾਰੀ ਕੀਤਾ, ਜਿਸ ਦੀਆਂ ਕੁਝ ਕਵਿਤਾਵਾਂ ਦੇ ਬੰਦ ਇਸ ਪ੍ਰਕਾਰ ਹਨ-

ਯਾਰੋ ਗਣ ਆਜ਼ਾਦੀ ਦੇ ਗਾਣ ਲੱਗ ਪਉ
(1) ਥਾਉਂ ਥਾਈਂ ਬਣਾ ਕੇ ਜਥਿਆਂ ਨੂੰ,
ਵੀਰੋ ਜ਼ਾਲਮਾਂ ਤਾਈਂ ਖਪਾਣ ਲੱਗ ਪਊ।
ਬੇੜਾ ਕੌਮ ਦਾ ਜਿਨ੍ਹਾਂ ਨੇ ਗਰਕ ਕੀਤਾ,
ਸਿਰੀਂ ਜ਼ਾਲਮਾਂ ਦੇ ਖਾਕ ਪਾਣ ਲੱਗ ਪਉ।
ਦੇਸ਼ ਭਗਤਾਂ ਨੂੰ ਜਿਨ੍ਹਾਂ ਨੇ ਦੁੱਖ ਦਿੱਤਾ,
ਉਨ੍ਹਾਂ ਜ਼ਾਲਮਾਂ ਦੀ ਧੌਣ ਲਾਹਣ ਲੱਗ ਪਉ।
ਹਿੰਦ ਵਿਚ ਪਾਪੀ ਨਹੀਂ ਰਹਿਣ ਦੇਣੇ,
ਜਿੱਥੇ ਜਿੱਥੇ ਵੇਖੋ ਵੰਡਾਂ ਪਾਣ ਲੱਗ ਪਉ।
ਸਾੜੋ ਚੌਕੀਆਂ ਲੁੱਟੋ ਖਜ਼ਾਨਿਆਂ ਨੂੰ,
ਅਤੇ ਨਾਫਿਆਂ ਧੁਮ ਧਮਾਣ ਲੱਗ ਪਉ।
ਕੰਮ ਦੂਸਰਾ ਵੀ ਨਾਲ ਸ਼ੁਰੂ ਕਰਨਾ,
ਰੇਲਾਂ ਹੇਠ ਵੀ ਬੰਬ ਟਿਕਾਣ ਲੱਗ ਪਉ।

(2) ਅੱਖੀਂ ਵੇਖ ਬਿਆਦਬੀਆਂ ਚੁੱਪ ਬੈਠਾ,
ਕਾਇਰ ਹੋ ਕੇ ਝੱਟ ਟਪਾਇਆ ਕਿਉਂ?
ਮੂਹਰੇ ਬਾਂਦਰਾਂ ਦੇ ਕਰੇਂ ਹਜ਼ੂਰ ਵਾਲੀ,
ਸਿੰਘ ਨਾਮ ਤੂੰ ਅੱਜ ਸਦਾਇਆ ਕਿਉਂ?

(3) ਸ਼ਾਂਤਮਈ ਨੇ ਹਿੰਦ ਜਗਾ ਦਿੱਤਾ,
ਹੁਣ ਤਾਂ ਸ਼ੁਰੂ ਹੋ ਜਾਊ, ਦੂਜੇ ਦਾ ਲੋਕੋ।
ਮਾਰੇ ਬਿਨਾਂ ਕਦੀ ਨਹੀਂ ਕੰਮ ਸਰਨਾ,
ਲਉ ਜ਼ਾਲਮਾਂ ਵੰਡੀਆਂ ਪਾ ਲੋਕੋ।

(4) ਹਿੰਦੂ ਮੁਸਲਮਾਨ ਤੇ ਸਿੰਘ ਸੂਰਿਓ ਵੇ,
ਵੇਲਾ ਆ ਗਿਆ ਗਦਰ ਮਚਾਵਣੇ ਦਾ।
ਅੱਖੀਂ ਵੇਖ ਬਿਆਦਬੀਆਂ ਹੁੰਦਿਆਂ ਨੂੰ,
ਰਿਹਾ ਵਕਤ ਨਾ ਝੱਟ ਲੰਘਾਵਣੇ ਦਾ।
ਜ਼ੁਲਮ ਵੇਖ ਕੇ ਕਿਉਂ ਸੂਰਿਓ ਚੁੱਪ ਬੈਠੇ,
ਵਕਤ ਆ ਗਿਆ ਤੇਗ ਉਠਾਵਣੇ ਦਾ।

ਇਹਨਾਂ ਕਵਿਤਾਵਾਂ ਤੋਂ ਬੱਬਰ ਅਕਾਲੀਆਂ ਦੇ ਸਹੀ ਖਿਆਲਾਂ ਦਾ ਪਤਾ ਲੱਗਦਾ ਹੈ। ਇਨ੍ਹਾਂ ਤੋਂ ਤਿੰਨ ਗੱਲਾਂ ਪ੍ਰਗਟ ਹੁੰਦੀਆਂ ਹਨ:-

(1) ਬੱਬਰ ਅਕਾਲੀ ਦੇਸ਼ ਦੀ ਆਜ਼ਾਦੀ ਲਈ ਬੜੀ ਤੜਪ ਰੱਖਦੇ ਅਤੇ ਬੜੇ ਇਨਕਲਾਬੀ ਸਨ।
(2) ਜ਼ੁਲਮ ਤੇ ਜਬਰ ਨੂੰ ਵੇਖ ਕੇ ਉਨ੍ਹਾਂ ਨੇ ਇਹ ਰਾਹ ਫੜਿਆ ਸੀ।
(3) ਉਹ ਏਕਤਾ ਦੇ ਹਾਮੀ ਸਨ, ਇਸੇ ਲਈ ਹਿੰਦੂ ਮੁਸਲਮਾਨਾਂ ਤੇ ਸਿੱਖਾਂ ਨੂੰ ਮਿਲ ਕੇ ਦੇਸ਼ ਦੀ ਆਜ਼ਾਦੀ ਲਈ ਇਨਕਲਾਬੀ ਮਾਰਗ ਅਖਤਿਆਰ ਕਰਨ ਦੀ ਪ੍ਰੇਰਨਾ ਕਰਦੇ ਸਨ।

ਮਿ: ਪਿਟਮੈਨ ਸਰਕਾਰੀ ਵਕੀਲ ਨੇ ਸ਼੍ਰੋਮਣੀ ਕਮੇਟੀ ਦੇ ਪਹਿਲੇ ਜਥੇ ਦੇ ਮੁਕੱਦਮੇ ਵਿਚ ਇਹ ਦੂਸ਼ਣ ਲਾਇਆ ਸੀ ਕਿ ਜੇਲ੍ਹਾਂ ਵਿਚ ਅਕਾਲੀਆਂ ਤੇ ਸਖਤੀ ਬਾਰੇ ਸ਼੍ਰੋਮਣੀ ਕਮੇਟੀ ਨੇ ਜੋ ਐਲਾਨ ਕੀਤੇ ਹਨ, ਉਹਨਾਂ ਨੇ ਬੱਬਰ ਲਹਿਰ ਨੂੰ ਤਾਕਤ ਦਿੱਤੀ ਹੈ।

**ਬੱਬਰ ਲਹਿਰ ਦਾ ਆਰੰਭ:**

1921 ਦੀ ਸਿਵਲ ਨਾਫੁਰਮਾਨੀ ਸਮੇਂ ਸਰਕਾਰ ਨੇ ਜਲੰਧਰ ਵਿਚ ਸ਼ਰਾਬ ਦੇ ਠੇਕੇ ਨੀਲਾਮ ਕੀਤੇ। ਉਹਨਾਂ ਨੂੰ ਰੋਕਣ ਲਈ ਰਾਇਜ਼ਾਦਾ ਹੰਸ ਰਾਜ ਅਤੇ ਸਰਦਾਰ ਹਰੀ ਸਿੰਘ ਜਲੰਧਰੀ ਨੇ ਪਿਕਟਿੰਗ ਕੀਤੀ। ਰਾਇਜ਼ਾਦਾ ਜੀ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਸਰਦਾਰ ਹਰੀ ਸਿੰਘ ਦੀ ਦਸਤਾਰ ਲਾਹ ਸੁੱਟੀ ਤੇ ਉਹਨਾਂ ਨੂੰ ਕੇਸਾਂ ਤੋਂ ਫੜ ਕੇ ਇਕ ਗੰਦੀ ਨਾਲੀ ਵਿਚ ਘਸੀਟਿਆ ਗਿਆ। ਉਹ ਬਿਲਕੁਲ ਸ਼ਾਂਤਮਈ ਰਹੇ। ਪਰ ਕਚਹਿਰੀ ਵਿਚ ਪਿੰਡਾਂ ਦੇ ਇਕੱਠੇ ਹੋਏ ਲੋਕਾਂ ਨੂੰ ਇਹ ਨਜ਼ਾਰਾ ਵੇਖ ਕੇ ਬੜਾ ਜੋਸ਼ ਚੜ੍ਹ ਗਿਆ। ਉਹਨਾਂ 'ਚੋਂ ਕਈਆਂ ਦੇ ਦਿਲ ਵਿਚ ਤਸ਼ੱਦਦ ਕਰਨ ਦੀ ਭਾਵਨਾ ਪੈਦਾ ਹੋ ਗਈ। ਇਕ ਰਾਜ ਪਲਟਾਊ ਲਹਿਰ ਜਥੇਬੰਦ ਹੋਣ ਲੱਗ ਪਈ।

1922 ਵਿਚ ਸ. ਕਿਸ਼ਨ ਸਿੰਘ ਵਿਣਗ ਤੇ ਬਾਬੂ ਸੰਤ ਸਿੰਘ ਨੇ ਬੱਬਰ ਅਕਾਲੀ ਜਥੇਬੰਦੀ ਬਣਾ ਦਿੱਤੀ। ਇਸ ਦੇ ਪਿੱਛੇ ਮਾਸਟਰ ਮੋਤਾ ਸਿੰਘ, ਸ. ਹਰੀ ਸਿੰਘ ਜਲੰਧਰੀ ਤੇ ਭਾਈ ਪਿਆਰਾ ਸਿੰਘ ਲੰਗੇਰੀ (ਐਮ. ਐਲ. ਏ.) ਸਹਾਇਕ ਸਨ। ਬੱਬਰ ਉਹਨਾਂ ਤੇ ਭਰੋਸਾ ਕਰਦੇ ਸਨ। ਉਹਨਾਂ ਦਿਨਾਂ ਵਿਚ ਸ. ਬਸੰਤ ਸਿੰਘ ਕੱਕੜ ਪਿੰਡ ਖਾਲਸਾ ਹਾਈ ਸਕੂਲ ਜਲੰਧਰ ਵਿਚ ਅੱਠਵੀਂ ਜਮਾਤ ਵਿਚ ਪੜ੍ਹਦੇ ਸਨ। ਉਹ ਬਾਬੂ ਸੰਤਾ ਸਿੰਘ ਦੀਆਂ ਚਿੱਠੀਆਂ ਕਈ ਥਾਈਂ ਪਹੁੰਚਾਉਂਦੇ ਸਨ ।ਇਸ ਪਾਰਟੀ ਵਿਚ ਕੁਝ ਹੋਰ ਨੌਜਵਾਨ ਵੀ ਸ਼ਾਮਲ ਹੋ ਗਏ। ਦੀਵਾਨ ਬਹਾਦਰ ਦੁਰਗਾ ਦਾਸ ਇੰਸਪੈਕਟਰ ਜਨਰਲ ਕਪੂਰਥਲਾ ਨੇ ਬੱਬਰ ਕੇਸ ਵਿਚ ਸਰਕਾਰੀ ਗਵਾਹ ਤੇ ਦੌਰ 'ਤੇ ਇਕ 'ਬੱਬਰ ਅਕਾਲੀ' ਦੀ ਲਿਖੀ ਹੋਈ ਡਾਇਰੀ ਪੇਸ਼ ਕੀਤੀ ਸੀ। ਉਸ ਵਿਚ ਲਿਖਿਆ ਸੀ ਕਿ 500 ਇਨਕਲਾਬੀ ਪੰਜਾਬ ਵਿਚ ਤਿਆਰ ਹੋ ਜਾਣ ਤਾਂ ਹਕੂਮਤ ਦਾ ਤਖਤਾ ਉਲਟਣ ਦਾ ਪ੍ਰੋਗਰਾਮ ਸਿਰੇ ਚੜ੍ਹ ਸਕਦਾ ਹੈ।

ਆਪਣੇ ਇਨਕਲਾਬੀ ਪ੍ਰੋਗਰਾਮ ਨੂੰ ਸਿਰੇ ਚੜ੍ਹਾਉਣ ਲਈ ਬੱਬਰਾਂ ਨੇ ਕੁਝ ਫੌਜਾਂ 'ਚੋਂ, ਕੁਝ ਰਿਆਸਤਾਂ 'ਚੋਂ ਤੇ ਕੁਝ ਸਰਹੱਦ ਵਿਚੋਂ ਹਥਿਆਰ ਇਕੱਠੇ ਕੀਤੇ। ਹਕੂਮਤ ਨੂੰ ਉਲਟਾਣ ਤੇ ਝੋਲੀ ਚੁੱਕਾਂ ਨੂੰ ਸੋਧਣ ਦਾ ਕੰਮ ਸ਼ੁਰੂ ਕਰ ਦਿੱਤਾ। ''ਝੋਲੀ ਚੁੱਕ ਨਹੀਂ ਛੱਡਣੇ ਕਰਨਾ ਜਲਦ ਸੁਧਾਰ' ਦਾ ਨਾਅਰਾ ਲਾ ਦਿੱਤਾ।

ਅਗਸਤ 1922 ਵਿਚ ਬੱਬਰ ਲਹਿਰ ਸ਼ੁਰੂ ਹੋ ਗਈ। ਲੋਕਾਂ ਵਿਚ ਚਰਚਾ ਚੱਲ ਪਈ ਕਿ ਦੁਆਬੇ ਦੇ ਪਿੰਡਾਂ ਵਿਚ ਝੋਲੀ ਚੁੱਕਾਂ ਨੂੰ ਮਾਰਨ ਲਈ ਹਥਿਆਰਬੰਦ ਆਦਮੀ ਫਿਰਦੇ ਹਨ। ਸਤੰਬਰ-ਅਕਤੂਬਰ ਵਿਚ ਬੱਬਰਾਂ ਨੇ ਇਸ਼ਤਿਹਾਰ ਤੇ ਪੈਂਫਲਟ ਵੰਡੇ। ਇਸ ਨਾਲ ਸਰਕਾਰੀ ਆਦਮੀ ਬਹੁਤ ਘਬਰਾ ਗਏ। ਬੱਬਰਾਂ ਨੇ ਬਿਸ਼ਨ ਸਿੰਘ ਜ਼ੈਲਦਾਰ ਰਾਣੀਪੁਰ ਰਿਆਸਤ ਕਪੂਰਥਲਾ, ਬੂਟਾ ਸਿੰਘ ਨੰਬਰਦਾਰ ਨੰਗਲ ਸ਼ਾਮਾ ਜ਼ਿਲ੍ਹਾ ਜਲੰਧਰ ਰਲੇ, ਦਿੱਤੂ ਤੇ ਦੀਵਾਨ ਆਦਿਕ ਮੁਖਬਰਾਂ ਤੇ ਝੋਲੀ ਚੁੱਕਾਂ ਨੂੰ ਪਾਰ ਬੁਲਾਇਆ। ਇਸ ਨਾਲ ਜ਼ਿਲ੍ਹਾ ਜਲੰਧਰ ਤੇ ਹੁਸ਼ਿਆਰਪੁਰ ਵਿਚ ਬਹੁਤ ਦਹਿਸ਼ਤ ਪੈਦਾ ਹੋ ਗਈ। ਬੱਬਰਾਂ ਨੇ ਪਿੰਡ ਸੂਢ ਦੇ ਝੋਲੀ ਚੁੱਕਾਂ ਨੂੰ ਸੋਧਣ ਲਈ ਹੱਲਾ ਕੀਤਾ ਪਰ ਉਹ ਸਫਲ ਨਾ ਹੋਇਆ। ਕੌਲ ਗੜ੍ਹ ਦੇ ਮੁਖਬਰਾਂ ਨੂੰ ਸੋਧਣ ਦਾ ਯਤਨ ਕੀਤਾ। ਇਸ ਹਮਲੇ ਵਿਚ ਬੱਬਰਾਂ ਨੂੰ ਸਫਲਤਾ ਹੋਈ। ਇੱਥੇ ਹਰਨਾਮ ਸਿੰਘ ਸਵੈਦ ਪੋਸ਼ ਮਾਰਿਆ ਗਿਆ।

ਮਿ: ਸੀ. ਡਬਲਿਊ ਜੈਕਬ ਡਿਪਟੀ ਕਮਿਸ਼ਨਰ ਜਲੰਧਰ ਨੇ ਐਸ. ਮੋਂਗਰ ਡਿਪਟੀ ਇੰਸਪੈਕਟਰ ਜਨਰਲ ਖੁਫੀਆ ਪੁਲਿਸ ਪੰਜਾਬ ਨੂੰ ਲਿਖਿਆ, ''ਬੱਬਰਾਂ ਨੂੰ ਛੇਤੀ ਗ੍ਰਿਫਤਾਰ ਕੀਤਾ ਜਾਵੇ, ਨਹੀਂ ਤੇ ਜ਼ਿਲ੍ਹੇ ਵਿਚ ਬਦਅਮਨੀ ਦਾ ਡਰ ਹੈ।''

ਡਿਪਟੀ ਕਮਿਸ਼ਨਰ ਦੀ ਸ਼ਿਕਾਇਤ 'ਤੇ ਸਰਕਾਰ ਨੇ ਖਾਂ ਸਾਹਿਬ ਮੀਰ ਅਫਜ਼ਲ ਇਮਾਮ ਨੂੰ ਬੱਬਰਾਂ ਦੀ ਗ੍ਰਿਫਤਾਰੀ ਲਈ ਨਿਯਤ ਕਰ ਦਿੱਤਾ। ਸੂਬੇਦਾਰ ਗੇਂਦਾ ਸਿੰਘ ਮਾਣਕੋ ਘੜਿਆਲ ਤੇ ਉਸ ਦੇ ਲੜਕੇ ਨੇ ਬੱਬਰਾਂ ਨੂੰ ਫੜਾਉਣ ਲਈ ਮੁਖਬਰੀ ਕੀਤੀ।

**ਪਿੰਡ ਬਬੇਲੀ ਰਿਆਸਤ ਕਪੂਰਥਲਾ ਦੀ ਘਟਨਾ:**

1 ਸਤੰਬਰ 1922 ਨੂੰ ਡਿਪਟੀ ਕਮਿਸ਼ਨਰ ਜਲੰਧਰ ਨੂੰ ਇਤਲਾਹ ਮਿਲੀ ਕਿ ਬੱਬਰਾਂ ਦੀ ਇਕ ਪਾਰਟੀ ਪਿੰਡ ਬਬੇਲੀ ਰਿਆਸਤ ਕਪੂਰਥਲਾ ਵਿਚ ਸ. ਸ਼ਿਵ ਸਿੰਘ ਦੇ ਘਰ ਛੁਪੀ ਹੋਈ ਹੈ। ਇਸ ਪਰ ਡੀ. ਸੀ. ਨੇ ਬੱਬਰਾਂ ਨੂੰ ਫੜਨ ਲਈ ਪੁਲਿਸ ਦੀ ਗਾਰਦ 13 ਨੰਬਰ ਰਸਾਲੇ ਦਾ ਇਕ ਦਸਤਾ, ਮਿ: ਸਮਿੱਥ ਤੇ ਇਕ ਏ. ਐਸ. ਪੀ. ਨੂੰ ਉਥੇ ਭੇਜ ਦਿੱਤਾ। ਖਾਂ ਬਹਾਦਰ ਮੀਆਂ ਅਬਦੁਲ ਅਜ਼ੀਜ਼ ਪੰਜਾਬ ਪੁਲਿਸ ਤੇ ਦੀਵਾਨ ਬਹਾਦਰ ਦੁਰਗਾ ਦਾਸ ਇੰਸਪੈਕਟਰ ਜਨਰਲ ਰਿਆਸਤ ਕਪੂਰਥਲਾ ਵੀ ਉਥੇ ਪੁੱਜ ਗਏ। ਪੁਲਿਸ ਨੇ ਬੱਬਰਾਂ ਨੂੰ ਘੇਰਾ ਪਾ ਲਿਆ। ਉਹ ਵੀ ਤਿਆਰ ਸਨ। ਇਸ ਲਈ ਪੁਲਿਸ ਤੇ ਇਹਨਾਂ ਵਿਚਕਾਰ ਲੜਾਈ ਸ਼ੁਰੂ ਹੋ ਗਈ।

ਦੋਹਾਂ ਪਾਸਿਆਂ ਤੋਂ ਗੋਲੀਆਂ ਚੱਲਣ ਲੱਗ ਪਈਆਂ। ਬੱਬਰਾਂ ਨੇ ਬੜਾ ਠੁਕ ਕੇ ਪੁਲਿਸ ਤੇ ਫੌਜ ਦਾ ਮੁਕਾਬਲਾ ਕੀਤਾ। ਇਸ ਲੜਾਈ ਵਿਚ ਭਾਈ ਕਰਮ ਸਿੰਘ ਦੌਲਤਪੁਰ, ਸ. ਉਦੇ ਸਿੰਘ ਰਾਮਗੜ੍ਹ, ਸ. ਬਿਸ਼ਨ ਸਿੰਘ ਮਾਂਗਟ, ਸ. ਮਹਿੰਦਰ ਸਿੰਘ ਤੇ ਇਕ ਹੋਰ ਬੱਬਰ ਸ਼ਹੀਦ ਹੋ ਗਏ। ਸ. ਉਦੇ ਸਿੰਘ ਪਾਸ ਪੱਕੀ ਬੰਦੂਕ ਸੀ। ਉਹ ਆਖਰੀ ਦਮ ਤੱਕ ਮੁਕਾਬਲਾ ਕਰਦੇ ਰਹੇ। ਇਸ ਘਟਨਾ ਦਾ ਪੁਲਿਸ ਤੇ ਇਲਾਕੇ ਉਤੇ ਡੂੰਘਾ ਅਸਰ ਪਿਆ। ਸ. ਸ਼ਿਵ ਸਿੰਘ ਪਿੰਡ ਬਬੇਲੀ ਨੂੰ ਪੁਲਿਸ ਨੇ ਬੱਬਰਾਂ ਦੀ ਸਹਾਇਤਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ। ਹੋਰ ਕਈ ਲੋਕਾਂ ਤੇ ਵੀ ਬੜੀ ਸਖਤੀ ਕੀਤੀ।

ਇਸ ਘਟਨਾ ਪਿੱਛੋਂ ਬੱਬਰਾਂ ਨੇ ਸੂਬੇਦਾਰ ਗੇਂਦਾ ਸਿੰਘ ਮਾਣਕੋ ਨੂੰ ਕਤਲ ਕਰ ਦਿੱਤਾ।

ਨਵੰਬਰ 1922 ਵਿਚ ਬੱਬਰ ਲਹਿਰ ਤੇ ਕਾਬੂ ਪਾਣ ਲਈ ਐਸ. ਮੋਂਗਰ ਡੀ. ਆਈ. ਜੀ., ਡਿਪਟੀ ਕਮਿਸ਼ਨਰ ਜਲੰਧਰ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਤੇ ਕਈ ਅਫਸਰਾਂ ਦੀ ਇਕ ਕਾਨਫਰੰਸ ਹੋਈ। ਉਸ ਵਿਚ ਫੈਸਲਾ ਕੀਤਾ ਗਿਆ ਕਿ ਇਸ ਲਹਿਰ ਨੂੰ ਖਤਮ ਕਰਨ ਲਈ ਪੁਲਿਸ ਦਾ ਖਾਸ ਅਮਲਾ ਫੈਲਾ ਨੀਅਤ ਕੀਤਾ ਜਾਵੇ। ਤੇ ਫੌਜ ਦੀ ਮਦਦ ਲਈ ਜਾਵੇ। ਬੱਬਰਾਂ ਦੀਆਂ ਗ੍ਰਿਫਤਾਰੀਆਂ ਲਈ ਇਨਾਮ ਵੀ ਰੱਖੇ ਗਏ। ਭਾਈ ਕਿਸ਼ਨ ਸਿੰਘ, ਭਾਈ ਕਰਮ ਸਿੰਘ ਝਿੰਗੜ ਤੇ ਸ. ਦਲੀਪ ਸਿੰਘ ਦੀ ਗ੍ਰਿਫਤਾਰੀ ਲਈ ਖਾਸ ਇਨਾਮ ਰੱਖੇ ਗਏ। ਪਰ ਬੱਬਰ ਲਹਿਰ ਨਾ ਰੁਕੀ। ਸਰਕਾਰ ਨੇ ਫੌਜ ਤੇ ਪੁਲਿਸ ਰਾਹੀਂ ਪਿੰਡਾਂ ਤੇ ਸਖਤੀ ਸ਼ੁਰੂ ਕਰ ਦਿੱਤੀ। ਜਿਸ ਤੇ ਵੀ ਬੱਬਰ ਹੋਣ ਦਾ ਸ਼ੱਕ ਪਿਆ, ਉਸ ਨੂੰ ਫੜ ਲਿਆ। ਜਿਸ ਪਿੰਡ ਜਾਂ ਖੂਹ ਤੇ ਬੱਬਰਾਂ ਨੇ ਡੇਰਾ ਕੀਤਾ, ਉਥੇ ਪੁੱਜ ਕੇ ਪੁਲਿਸ ਨੇ ਲੋਕਾਂ ਤੇ ਸਖਤ ਕੀਤੀ।

**ਪਿੰਡ ਮੁੰਡੇਰ ਦਾ ਮੁਕਾਬਲਾ:**

12 ਦਸੰਬਰ 1922 ਨੂੰ ਖਾਂ ਬਹਾਦਰ ਅਬਦੁਲ ਅਜ਼ੀਜ਼ ਤੋਂ ਡਿਪਟੀ ਕਮਿਬਨਰ ਜਲੰਧਰ ਨੂੰ ਪਤਾ ਲੱਗਾ ਕਿ ਕੁਝ ਬੱਬਰ ਪਿੰਡ ਮੁੰਡੇਰ ਵਿਚ ਹਨ। ਇਸ ਪਰ ਪੁਲਿਸ ਉਥੇ ਪੁੱਜ ਗਈ। ਜਲੰਧਰ ਛਾਉਣੀ ਤੋਂ ਜਨਰਲ ਫਿਟਸ ਦੀ ਕਮਾਨ ਥੱਲੇ ਫੌਜ ਵੀ ਉਥੇ ਪੁੱਜ ਗਈ। ਜਨਰਲ ਫਿਟਸ ਨੇ ਡਿਪਟੀ ਕਮਿਸ਼ਨਰ ਜਲੰਧਰ ਨੂੰ ਦੱਸਿਆ ਕਿ ਬੱਬਰ ਇਕ ਮਕਾਨ ਵਿਚ ਹਨ। ਜਦੋਂ ਅਫਸਰ ਤੇ ਪੁਲਿਸ ਵਾਲੇ ਉਸ ਮਕਾਨ ਵੱਲ ਵਧੇ ਤਾਂ ਅੱਗੋਂ ਬੱਬਰਾਂ ਨੇ ਗੋਲੀਆਂ ਚਲਾਈਆਂ। ਇਕ ਤਰਖਾਣ ਨੇ ਪੁਲਿਸ ਨੂੰ ਦੱਸਿਆ ਕਿ ਬੱਬਰ ਉਸ ਦੇ ਮਕਾਨ ਵਿਚ ਹਨ।

ਪੁਲਿਸ ਤੇ ਅਫਸਰਾਂ ਨੇ ਸਾਰੇ ਪਿੰਡ ਦੇ ਲੋਕਾਂ ਨੂੰ ਬਾਹਰ ਕੱਢ ਲਿਆ ਤੇ ਬੱਬਰਾਂ ਉਤੇ ਗੋਲੀਆਂ ਵਰ੍ਹਾਣੀਆਂ ਸ਼ੁਰੂ ਕਰ ਦਿੱਤੀਆਂ। ਪਰ ਉਹ ਸੂਰਮੇ ਲਗਾਤਾਰ ਮੁਕਾਬਲਾ ਕਰਦੇ ਰਹੇ। ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਗਜਾਉਂਦੇ ਸਨ। ਜਦ ਪੁਲਿਸ ਦੀ ਕੋਈ ਪੇਸ਼ ਨਾ ਗਈ ਤਾਂ ਫੌਜ ਨੇ ਪਿੰਡ ਨੂੰ ਘੇਰ ਲਿਆ ਤੇ ਜਿਸ ਚੁਬਾਰੇ ਵਿਚ ਬੱਬਰ ਮੋਰਚਾ ਲਾਈ ਬੈਠੇ ਸਨ, ਉਸ ਪਰ ਮਸ਼ੀਨ ਗੰਨ ਨਾਲ ਫਾਇਰ ਕੀਤੇ ਗਏ। ਪਰ ਬੱਬਰ ਫਿਰ ਵੀ ਡਟੇ ਰਹੇ।

ਅਖੀਰ ਅਫਸਰਾਂ ਨੇ ਮਕਾਨ ਨੂੰ ਅੱਗ ਲਾਉਣ ਦੀ ਸਲਾਹ ਕੀਤੀ। ਪੈਟਰੋਲ ਤੇ ਮਿੱਟੀ ਦਾ ਤੇਲ ਪਾ ਕੇ ਉਸ ਮਕਾਨ ਨੂੰ ਅੱਗ ਲਾਈ ਗਈ। ਇਸ ਤਰ੍ਹਾਂ ਭਾਈ ਨੱਥਾ ਸਿੰਘ, ਜਵਾਲਾ ਸਿੰਘ ਤੇ ਬੰਤਾ ਸਿੰਘ ਧਾਮੀਆ ਸ਼ਹੀਦ ਹੋ ਗਏ। ਇਨ੍ਹਾਂ 'ਚੋਂ ਭਾਈ ਵਰਿਆਮ ਸਿੰਘ ਬੱਬਰ ਵਰ੍ਹਦੀ ਗੋਲੀ ਤੇ ਅੱਗ ਵਿਚੋਂ ਬਚ ਕੇ ਨਿਕਲ ਗਿਆ। ਜਾਂਦੀ ਵੇਰ ਉਸ ਨੇ ਪੁਲਿਸ ਤੇ ਫਾਇਰ ਵੀ ਕੀਤੇ।

**ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਐਲਾਨ**

ਨਵੰਬਰ 1922 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤੇ, ਜਿਹਨਾਂ ਵਿਚ ਸਿੱਖ ਜਨਤਾ ਤੇ ਖਾਸ ਕਰ ਅਕਾਲੀ ਜਥਿਆਂ ਨੂੰ ਤੰਬੀਹ ਕੀਤੀ ਗਈ ਕਿ ਉਹ ਸ਼ਾਂਤਮਈ ਨੂੰ ਕਾਇਮ ਰੱਖਣ।

**(ਬਾਕੀ ਅਗਲੇ ਸਫੇ ਤੇ)**

ਇਹਨਾਂ ਐਲਾਨਾਂ ਵਿਚ ਤਸ਼ੱਦਦ ਦੀ ਨਿਖੇਧੀ ਕੀਤੀ ਗਈ। ਇਸ

# ਸਿੱਖ ਟੈਂਪਲ ਟੈਰਾ ਬੁਆਇਨਾ (ਯੂਬਾ ਸਿਟੀ) ਵਿਖੇ ਆਤਮ ਰਸ ਕੀਰਤਨ ਦਰਬਾਰ ਸਜਾਏ ਗਏ

**(ਸਫਾ 1 ਦੀ ਬਾਕੀ)**

ਜਨੁ ਨਾਨਕ ਮੰਗੇ ਧੂੜਿ ਤਿਨ ਜੋ ਗੁਰ ਕੇ ਸਿਖ ਮੇਰੇ ਭਾਈ।।

ਆਦਿ ਗੁਰਬਾਣੀ ਸ਼ਬਦਾਂ ਨਾਲ ਹਾਜ਼ਰੀਆਂ ਭਰੀਆਂ ਅਤੇ ਕਥਾਵਾਚਕ ਭਾਈ ਇਕਬਾਲ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਗੱਲ ਕਰਦਿਆਂ ਕਿਹਾ ਕਿ ਅੱਜ ਤੱਕ ਕੋਈ ਵੀ ਅਜਿਹਾ ਹੀਰਾ ਨਹੀਂ ਬਣਿਆ ਜੋ ਗੁਰੂ ਦੇ ਸਿੱਖ ਦੀ ਦਸਤਾਰ ਤੇ ਰਾਜ ਕਰ ਸਕੇ।

ਇਹਨਾਂ ਤੋਂ ਇਲਾਵਾ ਨਗਰ ਕੀਰਤਨ ਕਮੇਟੀ ਦੇ ਚੇਅਰਮੈਨ ਸ. ਗੁਰਨਾਮ ਸਿੰਘ ਪੰਮਾ ਅਤੇ ਪਲਵਿੰਦਰ ਸਿੰਘ ਮਾਹੀ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਸਮੂਹ ਸੰਗਤਾਂ ਨੂੰ ਨਗਰ ਕੀਰਤਨ ਪ੍ਰਤੀ ਜਾਣਕਾਰੀ ਮੁਹੱਈਆ ਕਰਵਾਉਂਦਿਆਂ ਹਰ ਪ੍ਰਕਾਰ ਦੇ ਸਾਥ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਇਹ ਸਭ ਕਾਰਜ ਸਭ ਦੇ ਸਾਂਝੇ ਹਨ ਤੇ ਇਸ ਨੂੰ ਜਿੰਨਾ ਵਧੀਆ ਤਰੀਕੇ ਨਾਲ ਆਪਣੇ ਭਾਈਚਾਰੇ ਤੇ ਦੂਸਰੇ ਭਾਈਚਾਰਿਆਂ ਨੂੰ ਦਿਖਾ ਸਕੀਏ, ਇਕ ਵਧੀਆ ਸੰਕੇਤ ਜਾਂਦਾ ਹੈ। ਸੋ ਆਪ ਸਭ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਆਪਣੇ ਪਰਿਵਾਰ, ਦੋਸਤਾਂ-ਮਿੱਤਰਾਂ ਆਦਿ ਨਾਲ ਹਾਜ਼ਰੀਆਂ ਭਰ ਕੇ ਸਾਨੂੰ ਧੰਨਵਾਦੀ ਬਣਾਓ ਤੇ ਆਪ ਜੀ ਦੇ ਆਏ ਵੱਡਮੁੱਲੇ ਵਿਚਾਰਾਂ ਦਾ ਸਵਾਗਤ ਕਰਦੇ ਹਾਂ ਤੇ ਕਰਦੇ ਰਹਾਂਗੇ।



ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਬਲਬੀਰ ਸਿੰਘ ਸੋਹਲ ਨੇ 'ਦੇਸ਼ ਦੁਆਬਾ' ਹਫਤਾਵਾਰੀ ਅਖਬਾਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਨੂੰ ਬਹੁਤ ਚੰਗਾ ਲੱਗਾ ਕਿ ਤੁਸੀਂ ਖੁਦ ਚੱਲ ਕੇ ਆਏ ਹੋ ਤੇ ਅੱਜ ਦੇ ''ਆਤਮ ਰਸ ਕੀਰਤਨ ਦਰਬਾਰ'' ਦੀ ਕਵਰੇਜ ਕੀਤੀ ਤੇ ਸਾਡੇ ਵੱਲੋਂ ਸਮੂਹ ਸੰਗਤਾਂ ਤੇ 'ਦੇਸ਼ ਦੁਆਬਾ' ਦੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਵਿਸ਼ਾਲ ਨਗਰ ਕੀਰਤਨ ਤੇ ਹਾਜ਼ਰੀਆਂ ਭਰੋ। ਸਾਡੇ ਵੱਲੋਂ ਨਗਰ ਕੀਰਤਨ ਦੀਆਂ ਤਿਆਰੀਆਂ ਬਹੁਤ ਚੰਗੇ ਢੰਗ ਤੇ ਉਤਸ਼ਾਹ ਨਾਲ ਚੱਲ ਰਹੀਆਂ ਹਨ, ਸੰਗਤਾਂ ਦਾ ਬਹੁਤ ਸਹਿਯੋਗ ਮਿਲ ਰਿਹਾ ਹੈ।

ਨਗਰ ਕੀਰਤਨ ਬੇਸ਼ੱਕ ਅਜੇ ਕੁਝ ਦਿਨ ਹਨ ਪਰ ਦਾਨੀ ਪਰਿਵਾਰਾਂ ਨੇ ਪਹਿਲਾਂ ਤੋਂ ਹੀ ਲੰਗਰਾਂ ਦੀ ਸੇਵਾ ਆਰੰਭ ਕਰ ਦਿੱਤੀ ਹੈ।

ਦੀਵਾਨਾਂ ਦੀ ਸਮਾਪਤੀ ਤੇ ਸਟੇਜ ਸਕੱਤਰ ਦੀ ਸੇਵਾ ਨਿਭਾਅ ਰਹੇ ਸ. ਗੁਰਮੇਜ ਸਿੰਘ ਗਿੱਲ ਨੇ ਸਭ ਦਾ ਕੋਟਿਨ-ਕੋਟਿ ਧੰਨਵਾਦ ਕੀਤਾ ਅਤੇ ਗੁਰੂ ਘਰ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਭਾਈ ਸਾਹਿਬ ਸਿੰਘ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

# ਬੱਬਰ ਅਕਾਲੀ ਲਹਿਰ

**(ਸਫਾ 27 ਦੀ ਬਾਕੀ)**

ਇਹਨਾਂ ਐਲਾਨਾਂ ਵਿਚ ਤਸ਼ੱਦਦ ਦੀ ਨਿਖੇਧੀ ਕੀਤੀ ਗਈ। ਇਸ ਲਈ ਦੋਹਾਂ ਜਥੇਬੰਦੀਆਂ ਦੀ ਪਾਲਸੀ ਸ਼ਾਂਤਮਈ ਸੀ।

ਫਰਵਰੀ ਤੇ ਮਾਰਚ 1923 ਵਿਚ ਬੱਬਰਾਂ ਨੇ ਕਈ ਝੋਲੀ ਚੁੱਕ ਛੜਕਾ ਸੁੱਟੇ। ਇਸ ਤੋਂ ਲੋਕੀ ਥਰ ਥਰ ਕੰਬਣ ਲੱਗ ਪਏ।

**ਸ਼੍ਰੋਮਣੀ ਕਮੇਟੀ ਦਾ ਐਲਾਨ**

ਸ਼੍ਰੋਮਣੀ ਕਮੇਟੀ ਨੇ ਮਿਤੀ 24 ਅਪ੍ਰੈਲ 1923 ਨੂੰ ਐਲਾਨ ਨੰ: 494 ਜਾਰੀ ਕੀਤਾ, ਜੋ ਇਸ ਪ੍ਰਕਾਰ ਸੀ-

''ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਲਾਹ ਨਾਲ ਪਿਛਲੇ ਨਵੰਬਰ (1922) ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਰੀ ਸਿੱਖ ਜਨਤਾ ਤੇ ਅਕਾਲੀ ਜਥਿਆਂ ਲਈ ਖਾਸ ਕਰਕੇ ਇਕ ਐਲਾਨ ਜਾਰੀ ਕੀਤਾ ਗਿਆ ਸੀ, ਜਿਸ ਵਿਚ ਬੱਬਰ ਅਕਾਲੀਆਂ ਵੱਲੋਂ ਇਕ ਵੰਡੀ ਗਈ 'ਬੱਬਰ ਅਕਾਲੀ' ਨਾਮੀ ਦੁਵਰਕੀ ਦਾ ਜ਼ਿਕਰ ਸੀ, ਜਿਸ ਵਿਚ ਕਿ ਕੌਮੀ ਤੇ ਪੰਥਕ ਮਸਲਿਆਂ ਨੂੰ ਹੱਲ ਕਰਨ ਲਈ ਤਸ਼ੱਦਦ ਦਾ ਪ੍ਰਚਾਰ ਕੀਤਾ ਗਿਆ ਸੀ। ਉਪਰੋਕਤ ਐਲਾਨਾਂ ਵਿਚ ਤੰਬੀਹ ਕੀਤੀ ਗਈ ਸੀ। ਗੁਰਦੁਆਰਾ ਗੁਰ ਕੇ ਬਾਗ ਦੇ ਮੋਰਚੇ ਸਮੇਂ ਸਿੱਖਾਂ ਨੇ ਜੋ ਆਦਰਸ਼ਕ ਸ਼ਾਂਤਮਈ ਦਾ ਨਮੂਨਾ ਪੇਸ਼ ਕੀਤਾ ਹੈ, ਉਸ ਤੋਂ ਕਮੇਟੀ ਨੂੰ ਨਿਸਚਾ ਹੋ ਗਿਆ ਹੈ ਕਿ ਜਾਗੇ ਹੋਏ ਸਿੱਖ ਦਿਲਾਂ ਵਿਚ ਤਸ਼ੱਦਦ ਦਾ ਬੀਜ ਕਦੀ ਨਹੀਂ ਬੀਜਿਆ ਜਾ ਸਕਦਾ। ਭਾਵੇਂ ਕਿਸੇ ਦੁਸ਼ਮਣ ਨੂੰ ਵਾਰ ਵਾਰ ਦੁਹਰਾਇਆ ਜਾਵੇ ਪਰ ਸਚਿਆਈ ਨਹੀਂ ਛੁਪ ਸਕਦੀ। ਪਰ ਜਿਸ ਥਾਂ ਕਦੀ ਉਲਝਣਾਂ ਹੋਣ ਉਥ ਕੇਵਲ ਸੁਚੇਤ ਰਹਿਣਾ ਹੀ ਕਾਫੀ ਨਹੀਂ।

'ਬੱਬਰ ਅਕਾਲੀ' ਨਾਮੀ ਦੁਵਰਕੀ ਤੇ ਇਸੇ ਕਿਸਮ ਦਾ ਹੋਰ ਸਾਹਿਤ ਵੰਡਣ ਪਰ ਸ਼੍ਰੋਮਣੀ ਕਮੇਟੀ ਜ਼ਰੂਰੀ ਸਮਝਦੀ ਹੈ ਕਿ ਇਕ ਵਾਰ ਜਨਤਾ ਨੂੰ ਫਿਰ ਖਬਰਦਾਰ ਕਰੇ। ਇਹੋ ਜਿਹਾ ਸਾਹਿਤ ਦੋ ਕਾਰਨਾਂ ਕਰਕੇ ਵੰਡਿਆ ਜਾ ਸਕਦਾ ਹੈ: ਇਕ ਤਾਂ ਇਹ ਕਿ ਕੁਝ ਖਾਸ ਆਦਮੀ ਮਾੜੇ ਇਰਾਦੇ ਤੇ ਮੰਦੀਆਂ ਭਾਵਨਾਵਾਂ ਨਾਲ ਸਿੱਖਾਂ ਨੂੰ ਗੁੰਮਰਾਹ ਕਰਨ ਲਈ ਤਸ਼ੱਦਦ ਦਾ ਪ੍ਰਚਾਰ ਕਰਦੇ ਹੋਣ, ਜੋ ਉਹਨਾਂ ਲਈ ਵੀ ਤਬਾਹੀ ਦਾ ਕਾਰਨ ਹੈ।

''ਅਜਿਹੇ ਲੋਕਾਂ ਨੂੰ ਗੁਰਦੁਆਰਾ ਗੁਰੂ ਕੇ ਬਾਗ ਦੀ ਸ਼ਾਂਤਮਈ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਇਕੋ ਹੀ ਸਿੱਧੀ ਗੱਲ ਹੈ ਕਿ ਉਪਰੋਕਤ ਲੋਕਾਂ ਦੀ ਨਿਖੇਧੀ ਕਰੇ।

ਦੂਜੀ ਗੱਲ ਇਹ ਹੋ ਸਕਦੀ ਹੈ ਕਿ ਕੁਝ ਸੰਜੀਦਾ ਆਦਮੀਆਂ ਨੇ ਆਪਣੇ ਭਰਾਵਾਂ ਤੇ ਲਗਾਤਾਰ ਜ਼ੁਲਮ ਹੁੰਦਾ ਵੇਖ ਕੇ, ਜਿਹੜਾ ਕਿ ਗੁਰਦੁਆਰਾ ਸੁਧਾਰ ਲਹਿਰ ਤੋਂ ਪਹਿਲੇ ਦਾ ਚਲਿਆ ਆਉਂਦਾ ਹੈ ਤੇ ਖਾਸ ਕਰਕੇ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਗ੍ਰਿਫਤਾਰੀਆਂ ਤੇ ਮਾਰ-ਕੁਟਾਈ ਹੋਈ ਹੈ ਤੇ ਅਟਕ ਜੇਲ੍ਹ ਵਿਚ ਸਿੱਖ ਕੈਦੀਆਂ ਨੂੰ ਕਾਇਰਤਾ ਨਾਲ ਨਿਰਦਈ ਤਸੀਹੇ ਦਿੱਤੇ ਗਏ ਹਨ ਜਾਂ ਉਹਨਾਂ ਦੀ ਧਾਰਮਿਕ ਨਿਰਾਦਰੀ ਕੀਤੀ ਗਈ ਹੈ, ਉਸ ਨੂੰ ਵੇਖ ਕੇ ਉਨ੍ਹਾਂ (ਬੱਬਰਾਂ) ਨੇ ਤਸ਼ੱਦਦ ਕਰਨ ਦਾ ਖਿਆਲ ਕੀਤਾ ਹੋਵੇ।

ਜੇ ਅਜਿਹੇ ਚੰਗੇ ਤੇ ਸੁੱਚੇ ਆਦਮੀਆਂ ਨੇ, ਜਿਹਨਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਸੀ, ਕੁਝ ਕੀਤਾ ਹੈ ਤਾਂ ਸ਼੍ਰੋਮਣੀ ਕਮੇਟੀ ਉਨ੍ਹਾਂ ਨਾਲ ਹਮਦਰਦੀ ਰੱਖਦੀ ਹੈ। ਇਹ ਗੱਲ ਉਨ੍ਹਾਂ ਪ੍ਰਤੀ ਸਪੱਸ਼ਟ ਕਰਦੀ ਹੈ ਕਿ ਜਦੋਂ ਮੁਸੀਬਤਾਂ ਅਸਹਿ ਹੋ ਜਾਣ ਤਾਂ ਉਹਨਾਂ ਨੂੰ ਸਬਰ ਨਾਲ ਸਹਿਣਾ ਵੱਡੀ ਗੱਲ ਹੈ।

ਇਹ ਪੰਥ ਦਾ ਸਮੁੱਚਾ ਫੈਸਲਾ ਹੈ ਕਿ ਇਸ ਵਕਤ ਮਨ, ਬਚਨ, ਕਰਮ ਕਰਕੇ ਗੁਪਤ ਤੇ ਪ੍ਰਗਟ ਸ਼ਾਂਤਮਈ ਰਿਹਾ ਜਾਵੇ। ਸ਼੍ਰੋਮਣੀ ਕਮੇਟੀ ਬੜੇ ਜ਼ੋਰ ਤੇ ਪ੍ਰੇਮ ਨਾਲ ਆਪਣੇ ਭੁੱਲੜ ਭਰਾਵਾਂ ਪਾਸ ਬੇਨਤੀ ਕਰਦੀ ਹੈ ਕਿ ਉਹ ਸਬਰ ਤੇ ਸ਼ਾਂਤਮਈ ਨੂੰ ਦ੍ਰਿੜ੍ਹਤਾ ਨਾਲ ਧਾਰਨ ਕਰਨ, ਜਿਹੜੀ ਕਿ ਖਾਲਸੇ ਦੀਆਂ ਰਵਾਇਤਾਂ ਵਿਚ ਹੈ।

**ਭਾਈ ਧੰਨਾ ਸਿੰਘ ਦੀ ਬੀਰਤਾ**

25 ਅਕਤੂਬਰ 1923 ਨੂੰ ਇਕ ਜਵਾਲਾ ਸਿੰਘ ਮੁਖਬਰ ਨੇ ਪੁਲਿਸ ਨੂੰ ਇਤਲਾਹ ਦਿੱਤੀ ਕਿ ਭਾ: ਧੰਨਾ ਸਿੰਘ ਬੱਬਰ ਬਿਹਲਪੁਰੀ ਪਿੰਡ ਮੰਨਣ ਹਾਣਾ (ਹੁਸ਼ਿਆਰਪੁਰ) ਵਿਚ ਹੈ। ਪੁਲਿਸ ਨੇ ਜਾ ਘੇਰਿਆ। ਸੂਰਮੇ ਨੇ ਪੁਲਿਸ ਦਾ ਡੱਟ ਕੇ ਟਾਕਰਾ ਕੀਤਾ। ਭਾ: ਧੰਨਾ ਸਿੰਘ ਦੀ ਕੱਛ ਵਿਚ ਬੰਬ ਸਨ। ਜਦ ਪੁਲਿਸ ਉਸਨੂੰ ਫੜਨ ਲੱਗੀ ਤਾਂ ਉਸ ਨੇ ਬੰਬ ਚਲਾ ਦਿੱਤੇ। ਇਸ ਨਾਲ ਇਕ ਤੇ ਉਹ ਆਪ ਸ਼ਹੀਦ ਹੋ ਗਿਆ। ਪੁਲਿਸ ਦੇ ਪੰਜ ਆਦਮੀ ਤੇ ਇਕ ਅੰਗਰੇਜ਼ ਮਿ: ਹਾਰਟਨ ਮਾਰਿਆ ਗਿਆ। ਇਕ ਮਹਿੰ ਵੀ ਮਰ ਗਈ।

**ਭਾਈ ਵਰਿਆਮ ਸਿੰਘ ਦਾ ਪੁਲਿਸ ਨਾ ਮੁਕਾਬਲਾ:**

21 ਮਈ 1924 ਨੂੰ ਥਾਣਾ ਠੀਕਰੀ ਵਾਲਾ ਜ਼ਿਲ੍ਹਾ ਲਾਇਲਪੁਰ ਦੀ ਪੁਲਿਸ ਨੂੰ ਰਲਾ ਸਿੰਘ ਮਾਣਕੋ ਮੁਖਬਰ ਨੇ ਇਤਲਾਹ ਦਿੱਤੀ ਕਿ ਵਰਿਆਮ ਸਿੰਘ ਬੱਬਰ ਅਕਾਲੀ ਜੋ ਪਿੰਡ ਮੁੰਡੇਰ ਦੇ ਸੜਦੇ ਮਕਾਨ 'ਚੋਂ ਬਚ ਕੇ ਨਿਕਲ ਗਿਆ ਸੀ, ਉਹ ਚੱਕ ਦਪੱਈ ਸਟੇਸ਼ਨ ਸਰ ਸ਼ਮੀਰ ਜ਼ਿਲ੍ਹਾ ਲਾਇਲਪੁਰ ਦੇ ਕੋਲ ਸ: ਬੂਟਾ ਸਿੰਘ ਦੇ ਮੁਰੱਬੇ ਵਿਚ ਛੁਪਿਆ ਹੋਇਆ ਹੈ। ਇਸ ਪਰ ਸ. ਗਹਿਣਾ ਸਿੰਘ ਇੰਸਪੈਕਟਰ, ਇਕ ਹੈਡ ਕਾਂਸਟੇਬਲ ਤੇ ਦਸ ਸਿਪਾਹੀ ਰਫਲਾਂ ਲੈ ਕੇ ਮੌਕੇ ਤੇ ਪੁੱਜ ਗਏ। ਅੱਠ ਵਜੇ ਸਵੇਰ ਦਾ ਵਕਤ ਸੀ। ਭਾਈ ਵਰਿਆਮ ਸਿੰਘ ਤੋਂ ਅੱਧੇ ਮੁਰੱਬੇ ਤੇ ਪੁਲਿਸ ਸੀ। ਜਦ ਉਸ ਸੂਰਮੇ ਨੂੰ ਪਤਾ ਲੱਗਾ ਕਿ ਪੁਲਿਸ ਨੇ ਘੇਰਾ ਪਾ ਲਿਆ ਹੈ ਤਾਂ ਉਸ ਨੇ ਕਣਕ ਦੀਆਂ ਭਰੀਆਂ ਵਿਚੋਂ ਬੰਦੂਕ ਕੱਢੀ। ਗੋਲੀ ਬਾਰੂਦ ਸੰਭਾਲਿਆ। ਜਦ ਉਸ ਨੇ ਬੰਦੂਕ ਪੁਲਿਸ ਵੱਲ ਕੀਤੀ ਤਾਂ ਪੁਲਸੀਏ ਖਾਲ ਵਿਚ ਲੇਟ ਗਏ। ਉਹ ਪੁਲਿਸ ਦੇ ਘੇਰੇ 'ਚੋਂ ਨਿਕਲ ਗਿਆ। ਪੁਲਿਸ ਨੇ ਤਿੰਨ ਚਾਰ ਮੀਲ ਤੱਕ ਉਸ ਦਾ ਪਿੱਛਾ ਕੀਤਾ, ਪਰ ਉਹ ਕਾਬੂ ਨਾ ਆਇਆ। ਸੁਪਰਡੈਂਟ ਪੁਲਿਸ ਨੇ ਕਾਇਰ ਹੋਣ ਦੇ ਦੋਸ਼ ਵਿਚ ਗਹਿਣਾ ਸਿੰਘ ਇੰਸਪੈਕਟਰ ਤੇ ਉਸ ਦੇ ਸਾਥੀਆਂ ਨੂੰ ਮੁਅੱਤਲ ਕਰ ਦਿੱਤਾ ਅਤੇ ਵਰਿਆਮ ਸਿੰਘ ਦੀ ਗ੍ਰਿਫਤਾਰੀ ਲਈ ਤਿੰਨ ਮੁਰੱਬੇ ਇਨਾਮ ਰੱਖਿਆ। ਜੂਨ 1924 ਵਿਚ ਭਾਈ ਵਰਿਆਮ ਸਿੰਘ ਪਿੰਡ ਧੁੱਗਾ (ਹੁਸ਼ਿਆਰਪੁਰ) ਪੁਲਿਸ ਦਾ ਮੁਕਾਬਲਾ ਕਰਦਾ ਹੋਇਆ ਸ਼ਹੀਦ ਹੋ ਗਿਆ।

**ਬੱਬਰਾਂ ਦਾ ਮੁਕੱਦਮਾ:**

ਸੰਤ ਕਰਤਾਰ ਸਿੰਘ ਪਿੰਡ ਪ੍ਰਾਗਪੁਰ ਜ਼ਿਲ੍ਹਾ ਜਲੰਧਰ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ। ਉਸ ਨੇ ਸਰਕਾਰੀ ਗਵਾਹ ਬਣ ਕੇ ਬੱਬਰਾਂ ਦਾ ਸਾਰਾ ਭੇਤ ਦੱਸ ਦਿੱਤਾ। ਨਵੰਬਰ ਤੇ ਦਸੰਬਰ 1923 ਵਿਚ ਕਈ ਬੱਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਹਨਾਂ ਵਿਰੁੱਧ ਮਿ: ਐਲ. ਏ. ਬੁਲ੍ਹ ਸਪੈਸ਼ਲ ਮੈਜਿਸਟ੍ਰੇਟ ਲਾਹੌਰ ਦੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ। ਇਸ ਵਿਚ ਦੀਵਾਨ ਪਿੰਡੀ ਦਾਸ ਸਭਰਵਾਲ ਸਰਕਾਰੀ ਵਕੀਲ ਤੇ ਠਾਕਰ ਦਾਸ ਕੋਰਟ ਇੰਸਪੈਕਟਰ ਸਨ। 91 ਆਦਮੀ ਇਸ ਮੁਕੱਦਮੇ ਵਿਚ ਫੜੇ ਗਏ। ਤਿੰਨ ਜੇਲ੍ਹ ਵਿਚ ਹੀ ਗੁਜ਼ਰ ਗਏ। 88 ਦੇ ਵਿਰੁੱਧ ਮੁਕੱਦਮਾ ਚੱਲਿਆ। ਸ੍ਰੀ ਭਗਤ ਰਾਮ ਪੁਰੀ ਬੱਬਰਾਂ ਵੱਲੋਂ 400) ਰੋਜ਼ਾਨਾ ਤੇ ਵਕੀਲ ਸਨ।

**ਕੌਂਸਲ ਵਿਚ ਸਵਾਲ:**

ਫਰਵਰੀ 1924 ਵਿਚ ਭਾਈ ਜੋਧ ਸਿੰਘ ਐਮ. ਐਲ. ਸੀ. ਨੇ ਪੰਜਾਬ ਕੌਂਸਲ ਵਿਚ ਇਹ ਸਵਾਲ ਪੇਸ਼ ਕੀਤਾ ਕਿ ਬੱਬਰਾਂ ਦੀ ਆੜ ਵਿਚ ਸਰਕਾਰ ਦੁਆਬੇ ਦੇ ਪਿੰਡਾਂ ਵਿਚ ਬੜੀ ਸਖਤੀ ਕਰ ਰਹੀ ਹੈ। ਇਸ ਦੀ ਪੜਤਾਲ ਕੀਤੀ ਜਾਵੇ। ਪਰ ਕੌਣ ਸੁਣਦਾ ਸੀ?

7 ਅਪ੍ਰੈਲ 1924 ਨੂੰ ਮਿ: ਸਪੈਸ਼ਲ ਮੈਜਿਸਟ੍ਰੇਟ ਲਾਹੌਰ ਨੇ 91 ਬੱਬਰ ਅਕਾਲੀ ਕੇਸ ਦੇ ਦੋਸ਼ੀਆਂ ਨੂੰ ਸੈਸ਼ਨ ਸਪੁਰਦ ਕਰਦੇ ਹੋਏ ਬਿਆਨ ਦਿੱਤਾ-

''ਦੋਸ਼ੀਆਂ ਦੀ ਸਾਜਿਸ਼ ਦਾ ਮਕਸਦ ਸਰਕਾਰ ਨੂੰ ਉਲਟਾਣਾ ਸੀ। ਨਨਕਾਣੇ ਸਾਹਿਬ ਦੇ ਸਾਕੇ ਦੇ ਕਾਰਨ ਜਦ ਗੁਰਦੁਆਰਾ ਸੁਧਾਰ ਲਹਿਰ ਸਿੱਖਾਂ ਦੇ ਦਿਮਾਗਾਂ ਵਿਚ ਹਿੱਲਜੁਲ ਪੈਦਾ ਕਰ ਰਹੀ ਸੀ, ਤਾਂ ਕੁਝ ਅਕਾਲੀਆਂ ਨੇ, ਜਿਹਨਾਂ 'ਚੋਂ ਇਕ ਸਾਬਕਾ ਹਵਲਦਾਰ ਕਿਸ਼ਨ ਸਿੰਘ ਤੇ ਅਮਰ ਸਿੰਘ ਵਾਇਦਾ ਮੁਆਫ ਗਵਾਹ ਵੀ ਸ਼ਾਮਲ ਸਨ। ਇਨ੍ਹਾਂ ਨੇ ਸਰਕਾਰੀ ਅਫਸਰਾਂ ਤੇ ਵਫਾਦਾਰਾਂ ਨੂੰ ਕਤਲ ਕਰਨ ਦੀ ਸਾਜਿਸ਼ ਕੀਤੀ। ਕਿਉਂਕਿ ਇਨ੍ਹਾਂ ਦੇ ਖਿਆਲ ਵਿਚ ਉਹ ਗੁਰਦੁਆਰਾ ਸੁਧਾਰ ਦੇ ਰਾਹ ਵਿਚ ਰੋਕ ਸਨ, ਇਸ ਮਕਸਦ ਨੂੰ ਮੁੱਖ ਰੱਖ ਕੇ ਇਨ੍ਹਾਂ ਨੇ ਬੰਬ ਤੇ ਹੋਰ ਹਥਿਆਰ ਕਾਫੀ ਗਿਣਤੀ ਵਿਚ ਸਰਹੱਦੀ ਇਲਾਕੇ ਤੇ ਹੋਰ ਥਾਵਾਂ ਵਿਚੋਂ ਇਕੱਠੇ ਕੀਤੇ। ਲੁੱਟਮਾਰ ਤੇ ਕਤਲਾਂ ਦੀ ਸਾਜਿਸ਼ ਨੂੰ ਇਸ ਲਈ ਧੱਕਾ ਲੱਗਾ ਕਿ ਇਹ ਸਮੇਂ ਤੋਂ ਪਹਿਲਾਂ ਹੀ ਸ਼ੁਰੂ ਕੀਤੀ ਗਈ, ਇਸ ਲਈ ਕਈ ਦੋਸ਼ੀਆਂ ਨੂੰ ਸਜ਼ਾ ਹੋ ਕਈ। ਇਹ ਨਿਸਚਾ ਕਰਨ ਲਈ ਕਾਫੀ ਤੋਂ ਵਧੇਰੇ ਸ਼ਹਾਦਤਾਂ ਮੌਜੂਦ ਹਨ ਕਿ ਕਤਲਾਂ ਦੀ ਸਾਜਿਸ਼ ਦਾ ਕਾਰਨ ਕਿਸ਼ਨ ਸਿੰਘ ਸੀ, ਭਾਵੇਂ ਇਸ ਨੇ ਜੁਰਮ ਵਿਚ ਹਿੱਸਾ ਨਹੀਂ ਲਿਆ। ਸੰਤਾ ਸਿੰਘ, ਜਿਸ ਨੇ ਅੱਧੀ ਦਰਜਨ ਤੋਂ ਵਧੇਰੇ ਕਤਲਾਂ ਤੇ ਹੋਰ ਜੁਰਮਾਂ ਵਿਚ ਜਿਹਾ ਕਿ ਡਾਕਿਆਂ ਤੇ ਚੋਰੀਆਂ ਆਦਿਕ ਵਿਚ ਵੱਧ ਚੜ੍ਹ ਕੇ ਭਾਗ ਲਿਆ ਹੈ, ਉਹ ਸਾਜਿਸ਼ੀਆਂ ਤੋਂ ਸਭ ਤੋਂ ਵਧੀਕ ਜੋਸ਼ੀਲਾ ਮਾਲੂਮ ਹੁੰਦਾ ਹੈ।''

ਮਿ: ਟੈਪ ਸੈਸ਼ਨ ਜੱਜ ਨੇ ਇਸ ਮੁਕੱਦਮੇ ਦੀ ਸਮ-ਾਇਤ ਕੀਤੀ। ਉਸ ਨੇ ਵੀ ਕਾਰਵਾਈ ਖਤਮ ਕਰਦੇ ਹੋਏ ਲਿਖਿਆ:- ''ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਕਿਸ਼ਨ ਸਿੰਘ, ਮਾਸਟਰ ਦਲੀਪ ਸਿੰਘ, ਕਰਮ ਸਿੰਘ ਝਿੰਗੜ, ਸੁੰਦਰ ਸਿੰਘ ਮਖਸੂਸਪੁਰ, ਬਾਬੂ ਸੰਤਾ ਸਿੰਘ, ਕਰਤਾਰ ਸਿੰਘ ਗੋਂਦਪੁਰ ਤੇ ਕਰਤਾਰ ਸਿੰਘ ਪਰਾਗਪੁਰ ਜ਼ਿਲ੍ਹਾ ਜਲੰਧਰ ਹੁਸ਼ਿਆਰਪੁਰ ਤੇ ਲੁਧਿਆਣੇ ਵਿਚ 1921 ਤੋਂ 1923 ਤੱਕ ਗੜ ਗੜ ਕਰਦੇ ਰਹੇ ਹਨ।''

**ਬੱਬਰ ਕੇਸ ਦਾ ਫੈਸਲਾ:**

28 ਫਰਵਰੀ 1925 ਨੂੰ ਮਿ: ਟੈਪ ਸਪੈਸ਼ਲ ਮੈਜਿਸਟ੍ਰੇਟ ਲਾਹੌਰ ਨੇ ਬੱਬਰ ਅਕਾਲੀ ਮੁਕੱਦਮੇ ਦਾ ਫੈਸਲਾ ਸੁਣਾ ਦਿੱਤਾ। ਇਹ ਮੁਕੱਦਮਾ ਢਾਈ ਕੁ ਸਾਲ ਚਲਦਾ ਰਿਹਾ। ਇਸ ਮੁਕੱਦਮੇ ਵਿਚ ਕੁੱਲ 89 ਮੁਲਜ਼ਮਾਂ ਨੂੰ ਹੁਕਮ ਸੁਣਾਇਆ ਗਿਆ। ਪੰਜ ਮੁਲਜ਼ਮਾਂ ਨੂੰ ਫਾਂਸੀ ਦੀ ਸਜ਼ਾ, 11 ਨੂੰ ਉਮਰ ਕੈਦ ਕਾਲਾ ਪਾਣੀ ਅਤੇ 38 ਆਦਮੀਆਂ ਨੂੰ ਚਾਰ ਸਾਲ ਤੋਂ ਲੈ ਕੇ 11 ਸਾਲ ਤੱਕ ਦੀਆਂ ਅੱਡ ਅੱਡ ਸਜ਼ਾਵਾਂ ਦੇ ਹੁਕਮ ਸੁਣਾਏ ਗਏ। 34 ਆਦਮੀ ਬਰੀ ਕੀਤੇ ਗਏ।

**(ੳ) ਫਾਂਸੀ ਦੀ ਸਜ਼ਾ:**

(1) ਸ. ਕਿਸ਼ਨ ਸਿੰਘ ਜੀ ਵਿਣਗ ਲੀਡਰ ਬੱਬਰ ਅਕਾਲੀ ਨੂੰ ਕਾਨੂੰਨ ਵਿਰੁੱਧ ਹਥਿਆਰ ਰੱਖਣ ਦੇ ਜੁਰਮ ਵਿਚ 2 ਸਾਲ ਕੈਦ ਸਖਤ, 3 ਮਹੀਨੇ ਕੈਦ ਨਿਵੇਕਲੀ ਅਤੇ ਇਕ ਸੌ ਰੁਪਿਆ ਜੁਰਮਾਨਾ। ਗੁਪਤ ਤੌਰ 'ਤੇ ਪਿਸਤੌਲ, ਬੰਬ ਅਤੇ ਕਾਰਤੂਸ ਰੱਖਣ ਦੇ ਅਪਰਾਧ ਵਿਚ 4 ਸਾਲ ਕੈਦ ਸਖਤ, ਤਿੰਨ ਮਹੀਨੇ ਕੈਦ ਨਿਵੇਕਲੀ ਅਤੇ ਇਕ ਸੌ ਰੁਪਿਆ ਜੁਰਮਾਨਾ ਅਤੇ ਬਗਾਵਤ ਦੇ ਮੁਕੱਦਮੇ ਵਿਚ ਫਾਂਸੀ ਦੀ ਸਜ਼ਾ ਦਾ ਹੁਕਮ ਹੋਇਆ।

ਅਦਾਲਤ ਨੇ ਸ. ਕਿਸ਼ਨ ਸਿੰਘ ਨੂੰ ਕਿਹਾ, ''ਜੇ ਉਹ ਚਾਹੁਣ ਤਾਂ ਇਕ ਹਫਤੇ ਦੇ ਅੰਦਰ ਹਾਈ ਕੋਰਟ ਵਿਚ ਅਪੀਲ ਕਰ ਸਕਦੇ ਹਨ।'' ਪ੍ਰੰਤੂ ਆਪ ਨੇ ਅਪੀਲ ਕਰਨ ਤੋਂ ਇਨਕਾਰ ਕਰਦੇ ਹੋਏ ਉੱਤਰ ਦਿੱਤਾ- ''ਮੈਂ ਇਸ ਸਜ਼ਾ ਨੂੰ ਬੜੀ ਪ੍ਰਸੰਨਤਾ ਨਾਲ ਕਬੂਲ ਕਰਦਾ ਹਾਂ।''

(2) ਸ. ਕਰਮ ਸਿੰਘ ਜੀ ਅਤੇ (3) ਸ. ਨੰਦ ਸਿੰਘ ਜੀ ਨੂੰ ਸੂਬੇਦਾਰ ਗੇਂਦਾ ਸਿੰਘ ਮਾਣਕੋ ਦੇ ਕਤਲ ਦੇ ਜੁਰਮ ਵਿਚ ਫਾਂਸੀ ਦੀ ਸਜ਼ਾ ਦਿੱਤੀ।

(4) ਬਾਬੂ ਸੰਤਾ ਸਿੰਘ ਜੀ ਨੂੰ ਕਾਨੂੰਨ ਵਿਰੁੱਧ ਹਥਿਆਰ ਰੱਖਣ ਦੇ ਕਾਰਨ 1 ਸਾਲ ਕੈਦ ਸਖਤ, 3 ਮਹੀਨੇ ਕੈਦ ਬੰਦ ਕੋਠੜੀ ਅਤੇ ਸੌ ਰੁਪਿਆ ਜੁਰਮਾਨਾ, ਗੁਪਤ ਤੌਰ ਤੇ ਹਥਿਆਰ ਰੱਖਣ ਦੇ ਜੁਰਮ ਵਿਚ 4 ਸਾਲ ਕੈਦ ਸਖਤ, 3 ਮਹੀਨੇ ਕੈਦ ਬੰਦ ਕੋਠੜੀ ਤੇ ਇਕ ਸੌ ਰੁਪਿਆ ਜੁਰਮਾਨਾ ਅਤੇ ਮੁਕੱਦਮਾ ਸਾਜਿਸ਼ ਤੇ ਕਤਲ ਦੇ ਜੁਰਮ ਵਿਚ ਫਾਂਸੀ ਦੀ ਸਜ਼ਾ ਮਿਲੀ।

(5) ਸ. ਦਲੀਪ ਸਿੰਘ ਜੀ ਧਾਮੀਆਂ (16 ਸਾਲ) ਨੂੰ ਡਾਕੇ ਅਤੇ ਕਤਲ ਦੇ ਜੁਰਮ ਵਿਚ ਫਾਂਸੀ ਦੀ ਸਜ਼ਾ ਦਿੱਤੀ ਗਈ।

**(ਅ) ਕਾਲੇ ਪਾਣੀ ਦੀ ਸਜ਼ਾ:**

ਹੇਠ ਲਿਖੇ 11 ਸਿੰਘਾਂ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਮਿਲੀ- ਸ. ਦਲੀਪ ਸਿੰਘ ਗੋਸਲ, ਸ. ਆਤਮਾ ਸਿੰਘ ਬੀਕਾ, ਸ. ਕਰਮ ਸਿੰਘ ਝੀਂਗੜ, ਸ. ਸੁੰਦਰ ਸਿੰਘ, ਸ. ਰਤਨ ਸਿੰਘ ਸਿੰਗੜੀ ਵਾਲਾ, ਸ. ਦਲੀਪ ਸਿੰਘ ਨੰ: 2, ਸ. ਪਿਆਰਾ ਸਿੰਘ ਧਾਮੀਆਂ, ਸ. ਠਾਕੁਰ ਸਿੰਘ, ਸ. ਸੁਰਜਨ ਸਿੰਘ, ਸ. ਧਰਮ ਸਿੰਘ ਅਤੇ ਸ. ਬੂਟਾ ਸਿੰਘ ਪੰਡੋਰੀ ਨਿਝਰਾਂ।

**(ੲ) ਸਖਤ ਕੈਦ ਦੀ ਸਜ਼ਾ:**

(1) ਸ. ਬੰਤਾ ਸਿੰਘ, ਸ. ਉਜਾਗਰ ਸਿੰਘ, ਸ. ਸ਼ਿਵ ਸਿੰਘ ਬਬੇਲੀ, ਸ. ਬੰਤਾ ਸਿੰਘ, ਸ. ਹਰੀ ਸਿੰਘ, ਸ. ਵਰਿਆਮ ਸਿੰਘ, ਸ. ਵਰਿਆਮ ਸਿੰਘ ਭਦਯਾਣਾ, ਸ. ਕਰਤਾਰ ਸਿੰਘ ਪੰਡੋਰੀ ਨਿਝਰਾਂ, ਸ. ਰਾਮ ਸਿੰਘ, ਸ. ਦੁਮਣ ਸਿੰਘ, ਸ. ਗੁਰਬਚਨ ਸਿੰਘ, ਸ. ਹਰਦਿੱਤ ਸਿੰਘ, ਸ. ਹਰੀ ਸਿੰਘ, ਸ. ਠਾਕਰ ਸਿੰਘ ਡਮੇਲੀ ਅਤੇ ਸ. ਕਰਤਾਰ ਸਿੰਘ ਨੰ: 4 ਨੂੰ 7 ਸਾਲ ਕੈਦ ਸਖਤ 3 ਮਹੀਨੇ ਕੋਠੀ ਬੰਦ ਕੈਦ ਅਤੇ ਇਕ ਸੌ ਰੁਪਿਆ ਜੁਰਮਾਨਾ। ਜੁਰਮਾਨਾ ਨਾ ਤਾਰਨ ਪੁਰ ਇਕ ਸਾਲ ਹੋਰ ਕੈਦ ਦਾ ਹੁਕਮ ਸੁਣਾਇਆ ਗਿਆ।

(2) ਹੇਠ ਲਿਖੇ ਸੱਜਣਾਂ ਨੂੰ ਪੰਜ ਸਾਲ ਕੈਦ ਸਖਤ, ਤਿੰਨ ਮਹੀਨੇ ਕੋਠੀ ਬੰਦ ਕੈਦ ਤੇ ਇਕ ਸੌ ਰੁਪਿਆ ਜੁਰਮਾਨਾ ਅਤੇ ਜੁਰਮਾਨਾ ਨਾ ਤਾਰਨ ਤੇ ਇਕ ਸਾਲ ਹੋਰ ਕੈਦ ਸਖਤ ਸਜ਼ਾ ਮਿਲੀ:- ਸ. ਪ੍ਰੇਮ ਸਿੰਘ, ਸ. ਅਰਜਨ ਸਿੰਘ, ਸ. ਊਧਮ ਸਿੰਘ, ਸ. ਸਰਦੂਲ ਸਿੰਘ, ਸ. ਮੁਨਸ਼ਾ ਸਿੰਘ, ਸ. ਮਹਿੰਗਾ ਸਿੰਘ, ਸ. ਸੁਰਜਨ ਸਿੰਘ, ਸ. ਧਰਮ ਸਿੰਘ, ਸ. ਚੰਚਲ ਸਿੰਘ, ਸ. ਭਾਨ ਸਿੰਘ, ਸ. ਦਲੀਪ ਸਿੰਘ, ਸ. ਮੂਲਾ ਸਿੰਘ, ਸ. ਬਖਸ਼ੀਸ਼ ਸਿੰਘ, ਸ. ਛੱਜਾ ਸਿੰਘ, ਸ. ਕਰਤਾਰ ਸਿੰਘ ਸਪੁੱਤਰ ਸ. ਬੱਗਾ ਸਿੰਘ, ਸ. ਕਰਤਾਰ ਸਿੰਘ ਸਪੁੱਤਰ ਸ. ਬੰਤਾ ਸਿੰਘ, ਸ. ਦਲੀਪ ਸਿੰਘ, ਬੰਤਾ ਸਿੰਘ ਬਿਹਬਲਪੁਰ, ਸ. ਫਕੀਰ ਸਿੰਘ, ਸ. ਸ਼ਾਮ ਸਿੰਘ ਅਤੇ ਸ. ਭਗਵਾਨ ਸਿੰਘ।

(3) ਸ. ਅਮਰ ਸਿੰਘ, ਸ. ਛੱਜਾ ਸਿੰਘ ਤੇ ਹਰਨਾਮ ਸਿੰਘ ਨੂੰ ਕਤਲ ਕਰਨ ਦੇ ਇਰਾਦੇ ਨਾਲ ਹਮਲਾ ਕਰਨ ਦੇ ਅਪਰਾਧ ਵਿਚ 6 ਸਾਲ ਕੈਦ ਸਖਤ ਤਿੰਨ ਮਹੀਨੇ ਕੋਠੀ ਬੰਦ ਕੈਦ ਅਤੇ ਇਕ ਸੌ ਰੁਪਿਆ ਜੁਰਮਾਨਾ ਤੇ ਜੁਰਮਾਨਾ ਨਾ ਉਤਾਰਨ ਪੁਰ ਹੋਰ ਇਕ ਸਾਲ ਕੈਦ ਸਖਤ ਦਾ ਹੁਕਮ ਸੁਣਾਇਆ ਗਿਆ।

**ਹਾਈ ਕੋਰਟ ਵਿਚ ਅਪੀਲ:**

ਬੱਬਰ ਕੇਸ ਦੀ ਹਾਈ ਕੋਰਟ ਵਿਚ ਅਪੀਲ ਕੀਤੀ ਗਈ। ਇਸ ਦਾ ਫੈਸਲਾ 20 ਜਨਵਰੀ 1926 ਨੂੰ ਹੋਇਆ। ਇਸ ਅਨੁਸਾਰ ਸ. ਕਿਸ਼ਨ ਸਿੰਘ, ਬਾਬੂ ਬੰਤ ਸਿੰਘ, ਸ. ਕਰਮ ਸਿੰਘ, ਸ. ਨੰਦ ਸਿੰਘ, ਸ. ਦਲੀਪ ਸਿੰਘ ਤੇ ਸ. ਧਰਮ ਸਿੰਘ ਨੂੰ ਫਾਂਸੀ ਦਿੱਤੀ ਗਈ। 38 ਨੂੰ ਦੋ ਮਹੀਨੇ ਤੋਂ ਲੈ ਕੇ 7 ਸਾਲ ਤੱਕ ਦੀ ਕੈਦ, 10 ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। 24 ਨੂੰ ਹਾਈ ਕੋਰਟ ਨੇ ਬਰੀ ਕਰ ਦਿੱਤਾ। ਇਸ ਤਰ੍ਹਾਂ ਬੱਬਰ ਲਹਿਰ ਦਾ ਅੰਤ ਹੋ ਗਿਆ।

ਪਰ ਫਿਰ ਵੀ ਬੱਬਰ ਲਹਿਰ ਦਾ ਅਸਰ ਪਿੱਛੋਂ ਕਈ ਸਾਲਾਂ ਤੱਕ ਜ਼ਿਲ੍ਹਾ ਜਲੰਧਰ ਤੇ ਹੁਸ਼ਿਆਰਪੁਰ ਵਿਚ ਕਾਇਮ ਰਿਹਾ। ਇਸ ਲਈ ਪਿੱਛੋਂ ਵੀ ਕਈ ਜੋਸ਼ੀਲੇ ਆਦਮੀਆਂ ਨੇ ਝੋਲੀ ਚੁੱਕਾਂ ਨੂੰ ਮਾਰਿਆ।

1937 ਈ. ਵਿਚ ਗਿਆਨੀ ਗੁਰਦਿੱਤ ਸਿੰਘ ਮੰਢਾਲੀ (ਜਲੰਧਰ), ਸ. ਹਰੀ ਸਿੰਘ ਸੂੰਢ, ਕਰਤਾਰ ਸਿੰਘ ਚੱਕ ਬਾਗੜੀਆਂ ਤੇ ਸ. ਸ਼ਿਵ ਸਿੰਘ ਚੱਬੇਵਾਲ ਨੇ ਸਰਕਾਰੀ ਮੁਖਬਰ ਅਤੇ ਵੈਨਕੂਵਰ (ਕੈਨੇਡਾ) ਦੇ ਗੁਰਦੁਆਰੇ ਵਿਚ ਭਾਈ ਭਾਗ ਸਿੰਘ ਜੀ ਨੂੰ ਗੋਲੀ ਮਾਰ ਕੇ ਸ਼ਹੀਦ ਕਰਨ ਵਾਲੇ ਕਾਤਲ ਬੇਲਾ ਸਿੰਘ ਪਿੰਡ ਜੈਣ (ਹੁਸ਼ਿਆਰਪੁਰ) ਨੂੰ ਕਤਲ ਕੀਤਾ। ਇਸ ਕੇਸ ਵਿਚ ਗਿਆਨੀ ਗੁਰਦਿੱਤ ਸਿੰਘ ਤੇ ਕਰਤਾਰ ਸਿੰਘ ਨੂੰ ਫਾਂਸੀ ਹੋਈ।

ਸ. ਉਜਾਗਰ ਸਿੰਘ ਪਨਾਲੀਆ (ਹੁਸ਼ਿਆਰਪੁਰ) ਤੇ ਸ. ਕਰਤਾਰ ਸਿੰਘ ਚੱਕ ਬਾਗੜੀਆਂ (ਜਲੰਧਰ) ਨੇ ਪ੍ਰਸਿੱਧ ਮੁਖਬਰ ਅਨੂਪ ਸਿੰਘ ਮਾਣਕੋ ਤੇ ਉਸ ਦੇ ਪੁੱਤਰ ਨੂੰ ਮਾਰਿਆ ਸੀ। ਇਸ ਕੇਸ ਵਿਚ ਸ. ਕਰਤਾਰ ਸਿੰਘ ਨੂੰ ਫਾਂਸੀ ਹੋਈ।

1942 ਵਿਚ ਗਿਆਨੀ ਹਰਬੰਸ ਸਿੰਘ ਪੁੱਤਰ ਹਵਾਲਦਾਰ ਖੇਮ ਸਿੰਘ ਪਿੰਡ ਸਰਹਾਲਾ ਕਲਾਂ ਮੈਨੇਜਰ ਗੁਰਦੁਆਰਾ ਕਮੇਟੀ ਕੀਰਤਪੁਰ, ਬਾਬਾ ਗੇਂਦਾ ਸਿੰਘ ਸਰਹਾਲਾ ਕਲਾਂ ਤੇ ਸ. ਨਿਰਮਲ ਸਿੰਘ ਸਰੀਂਹ ਸ਼ੰਕਰ ਨੇ ਆਨੰਦਪੁਰ ਸਾਹਿਬ ਦੇ ਝੋਲੀ ਚੁੱਕ ਮੇਲਾ ਸਿੰਘ ਪੁਜਾਰੀ ਨੂੰ ਪਾਰ ਬੁਲਾਉਣ ਦਾ ਯਤਨ ਕੀਤਾ। ਇਸ ਹਮਲੇ ਵਿਚ ਇਕ ਹੋਰ ਆਦਮੀ ਮਾਰਿਆ ਗਿਆ, ਪਰ ਉਹ ਬਚ ਗਿਆ। ਇਹ ਤਿੰਨੇ ਗੁਰਦੁਆਰਾ ਡੇਰਾ ਸਾਹਿਬ ਜਾਮਾ ਰਾਇ ਜ਼ਿਲ੍ਹਾ ਅੰਮ੍ਰਿਤਸਰ ਦੇ ਹਾਈ ਸਕੂਲ ਵਿਚੋਂ 10 ਜਨਵਰੀ 1943 ਵਿਚ ਫੜੇ ਗਏ। ਇਹ ਤਾਰਾ ਸਿੰਘ ਪਣਗੋਟਾ ਜ਼ਿਲ੍ਹਾ ਅੰਮ੍ਰਿਤਸਰ ਨੇ ਫੜਾਏ ਸਨ। ਇਸ ਕੇਸ ਵਿਚ ਗਿਆਨੀ ਹਰਬੰਸ ਸਿੰਘ ਨੂੰ ਫਾਂਸੀ ਹੋਈ। ਸ. ਨਿਰਮਲ ਸਿੰਘ ਤੇ ਸ. ਗੇਂਦਾ ਸਿੰਘ ਬਰੀ ਹੋ ਗਏ।

ਭਾਈ ਰਤਨ ਸਿੰਘ ਪਿੰਡ ਰੱਕੜ ਜ਼ਿਲ੍ਹਾ ਹੁਸ਼ਿਆਰ-ਪੁਰ ਵੀ ਬੜਾ ਦਲੇਰ ਬੱਬਰ ਅਕਾਲੀ ਸੀ। ਉਹ ਵੀ ਪੁਲਿਸ ਦਾ ਮੁਕਾਬਲਾ ਕਰਦਾ ਹੋਇਆ ਮਾਰਿਆ ਗਿਆ। 1936-40 ਈਸਵੀ ਵਿਚ ਜਦ ਸੰਤ ਹਰੀ ਸਿੰਘ ਕਹਾਰਪੁਰੀ ਦੀ ਪ੍ਰੇਰਨਾ ਨਾਲ ਸਿੱਖ ਸੰਗਤਾਂ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਨਵੀਂ ਇਮਾਰਤ ਬਣਾਉਣ ਦੀ ਸੇਵਾ ਕੀਤੀ, ਉਸ ਮੌਕੇ ਅਮਰੀਕਾ ਤੇ ਕੈਨੇਡਾ ਦੇ ਸਿੰਘਾਂ ਨੇ ਬੱਬਰਾਂ ਦੀ ਯਾਦ ਵਿਚ ਤਖਤ ਸਾਹਿਬ ਦੀ ਇਮਾਰਤ ਨਾਲ ਸਬੰਧਤ ਤੇ ਗੁਰਦੁਆਰਾ ਮੰਜੀ ਸਾਹਿਬ ਦੇ ਹੇਠਾਂ ਇਕ 'ਬੱਬਰ ਬੁੰਗਾ' ਬਣਵਾਇਆ, ਜੋ ਇਸ ਵਕਤ ਸੰਗਤਾਂ ਦੀ ਰਿਹਾਇਸ਼ ਲਈ ਵਰਤਿਆ ਜਾਂਦਾ ਹੈ।

# ਸਾਹਿਤਕ ਪੈੜਾਂ- ਗੁਰਗੱਦੀ ਦਿਵਸ ਨੂੰ ਸਮਰਪਿਤ- ਸਵਰਗਵਾਸੀ ਗਿਆਨੀ ਜੰਗ ਸਿੰਘ ਦੀਆਂ ਕੁਝ ਰਚਨਾਵਾਂ

## ਗੁਰੂ ਗ੍ਰੰਥ ਤੇ ਜਿਸ ਪ੍ਰੇਮੀ ਨੂੰ ਹੋਜੇ ਸੱਚਾ ਵਿਸ਼ਵਾਸ

ਸਬਰ ਸੰਤੋਖ ਦਾ ਤੋਸ਼ਾ ਹੋਵੇ, ਜਿਸ ਬੰਦੇ ਦੇ ਪਾਸ॥
ਚਾਰ ਪਦਾਰਥ ਪ੍ਰਾਪਤ ਹੋਵਣ, ਪੂਰਨ ਹੋਵੇ ਆਸ॥

ਗੁਰਬਾਣੀ ਤੋਂ ਜਿਸ ਪ੍ਰੇਮੀ ਨੂੰ, ਨਾਮ ਮਹਾਂਰਸ ਮਿਲਿਆ,
ਦੁਨੀਆਂ ਦੇ ਸਭ ਰਸਾਂ ਕਸਾਂ ਦੀ, ਮਿਟ ਗਈ ਭੁਖ ਪਿਆਸ॥

ਹਉਮੈ ਰੋਗ ਤੇ ਦੁਈ ਦਵੈਤ ਦੇ, ਮਿਟ ਗਏ ਭਰਮ ਹਨੇਰੇ,
ਗੁਰ ਪੂਰੇ ਨੇ ਕਰ ਦਿੱਤਾ ਜਦ ਰਾਮ ਨਾਮ ਪਰਗਾਸ॥

ਅਮਨ, ਆਜ਼ਾਦੀ ਤੇ ਖੁਸ਼ੀਆਂ ਖੇੜੇ, ਸਾਰੀ ਦੁਨੀਆਂ ਮਾਣੇ,
ਗੁਰਬਾਣੀ ਦਾ ਹੋ ਜਾਊ ਜਦ, ਸਾਰੇ ਜੱਗ ਪ੍ਰਕਾਸ਼॥

ਵੈਰ ਵਿਰੋਧ ਤੇ ਜ਼ੁਲਮ ਤਸ਼ੱਦਦ ਸਾਰੇ ਹੀ ਮਿਟ ਜਾਵਣ,
ਇਨਸਾਨਾਂ ਦੇ ਹਿਰਦੇ ਵਿਚ ਜਦ, ਹੋਜੇ ਸਦਾ ਵਿਗਾਸ।

ਸੱਚੇ ਪ੍ਰੀਤਮ, ਸਰਬ ਦੇ ਦਾਤੇ, ਸੁਣ ਮੇਰੀ ਅਰਜ਼ੋਈ,
ਪਿਆਰ ਦੇ ਰੰਗ ਵਿਚ ਰੰਗ ਦੇ ਸਾਰੇ, ਧਰਤੀ ਤੇ ਆਕਾਸ਼॥

ਆਤਮ ਗਿਆਨ ਤੇ ਬ੍ਰਹਮ ਗਿਆਨ ਵੀ, ਉਸ ਬੰਦੇ ਨੂੰ ਮਿਲਦੈ,
ਗੁਰੂ ਗ੍ਰੰਥ ਤੇ ਜਿਸ ਪ੍ਰੇਮੀ ਨੂੰ, ਹੋਜੇ ਸੱਚਾ ਵਿਸ਼ਵਾਸ।

– ਗਿਆਨੀ ਜੰਗ ਸਿੰਘ

## ਪੰਜਾਬ

ਭਾਰਤ ਮਾਂ ਦੀ ਅੱਖ ਦਾ ਤਾਰਾ ਹੈ ਪੰਜਾਬ।
ਦੇਸ਼ ਭਗਤਾਂ ਨੂੰ ਜਾਨ ਤੋਂ ਵੀ ਪਿਆਰਾ ਹੈ ਪੰਜਾਬ।

ਭਾਰਤ ਵਾਸੀਆਂ ਲਈ ਅੰਨ ਦਾ ਭੰਡਾਰ ਹੈ ਪੰਜਾਬ।
ਦੇਸ਼ ਦੇ ਉਜਲੇ ਭਵਿੱਖ ਦੀ ਨੁਹਾਰ ਹੈ ਪੰਜਾਬ।

ਦੇਸ਼ ਪਿਆਰ ਦਾ ਅਥਾਹ ਸਾਗਰ ਹੈ ਪੰਜਾਬ।
ਦੇਸ਼ ਰੱਖਿਆ ਲਈ ਵੀ ਉਜਾਗਰ ਹੈ ਪੰਜਾਬ।


ਭਾਰਤ ਦੇ ਜੁਸੇ ਦਾ ਤਾਂ ਦਿਲ ਹੈ ਪੰਜਾਬ।
ਬਹਾਦਰੀ ਲਈ ਅਡੋਲ ਤੇ ਅਹਿੱਲ ਹੈ ਪੰਜਾਬ।

ਕੌਣ ਕਹਿੰਦਾ ਹੈ ਕਿ ਬਹੁਤ ਛੋਟਾ ਹੈ ਪੰਜਾਬ?
ਭਾਰਤ ਮਾਤਾ ਦੇ ਦਿਲ ਦਾ ਟੋਟਾ ਹੈ ਪੰਜਾਬ।

ਬੇਕਸਾਂ ਤੇ ਮਜ਼ਲੂਮਾਂ ਦਾ ਯਾਰ ਹੈ ਪੰਜਾਬ।
ਸਰਹੱਦਾਂ ਉਤੇ ਖੜ੍ਹਾ ਪਹਿਰੇਦਾਰ ਹੈ ਪੰਜਾਬ।

ਦੁਸ਼ਮਣਾਂ ਲਈ ਦੁਧਾਰਾ ਖੰਡਾ ਹੈ ਪੰਜਾਬ।
ਸੱਜਣਾਂ ਲਈ ਹਿਮਾਲਾ ਵਾਂਗ ਠੰਡਾ ਹੈ ਪੰਜਾਬ।

– ਗਿਆਨੀ ਜੰਗ ਸਿੰਘ



ਗਿਆਨੀ ਜੰਗ ਸਿੰਘ

## ਗੁਰਬਾਣੀ ਇਸ ਜਗ ਮਹਿ ਚਾਨਣ

ਜਿਹੜੀ ਗ਼ਜ਼ਲ ਨੂੰ ਪੜ੍ਹਕੇ, ਮਨ ਨੂੰ ਆਤਮ ਗਿਆਨ ਨਾ ਹੋਇਆ,
ਉਸ ਗ਼ਜ਼ਲ ਨੂੰ ਲਿਖਣ ਲੱਗਿਆਂ, ਸਮਾਂ ਕਿਉਂ ਐਵੇਂ ਖੋਇਆ

ਐਸੀ ਗ਼ਜ਼ਲ ਲਿਖੋ ਜੋ ਪੜ੍ਹਕੇ ਮਨ ਵਿਚ ਹੋਵੇ ਚਾਨਣ
ਪੜ੍ਹਨ ਵਾਲੇ ਨੂੰ ਅਨੁਭਵ ਹੋਵੇ, ਨੂਰੋ ਨੂਰ ਮੈਂ ਹੋਇਆ।

ਨੂਰ ਤਾਂ ਸਭਦੇ ਅੰਦਰ ਹੈ ਪਰ ਭਰਮ ਦੇ ਪੈ ਗਏ ਪਰਦੇ
ਪੂਰੇ ਗੁਰ ਤੋਂ ਗਿਆਨ ਮਿਲੇ ਬਿਨ ਨੂਰ ਨਾ ਹਾਸਲ ਹੋਇਆ।

ਮੂਸਾ ਨੂੰ ਤਾਂ ਨੂਰ ਦੇ ਦਰਸ਼ਨ, ਕੋਹਿਤੂਰ ਤੇ ਹੋਏ
ਪਰ ਗੁਰਬਾਣੀ ਇਹ ਦੱਸਦੀ ਹੈ, ਘਟ ਘਟ ਨੂਰ ਸਮੋਇਆ।

ਮਨ ਨੂੰ ਜੋਤਿ ਸਰੂਪ ਹੈ ਬੀਬਾ ਆਪਣਾ ਮੂਲ ਪਛਾਣ
ਵਡਭਾਗੇ ਗੁਰਸਿੱਖਾਂ ਨੂੰ ਇਹ ਗਿਆਨ ਗੁਰੂ ਤੋਂ ਹੋਇਆ।

– ਗਿਆਨੀ ਜੰਗ ਸਿੰਘ

## ਖ਼ਾਲਸੇ ਦਾ ਕਰਤੱਵ

ਖੰਡੇ ਦੀ ਪਾਹੁਲ ਲੈ ਕੇ ਜੋਸ਼ ਵਿਚ ਆਵੇ ਜਦੋਂ
ਘੂਰ ਘੂਰ ਮੌਤ ਨੂੰ ਡਰਾਵੇ ਤੇਰਾ ਖਾਲਸਾ।

ਸੱਚੇ ਰੱਬੀ ਨੂਰ ਵਿਚ ਬਾਣੀ ਦੇ ਸਰੂਰ ਵਿਚ
ਪ੍ਰੇਮ ਦੇ ਹੀ ਗੀਤ ਸਦਾ ਗਾਵੇ ਤੇਰਾ ਖਾਲਸਾ।

ਦੀਨਾ ਅਤੇ ਦੁਖੀਆਂ ਦੇ ਦੁੱਖ ਦਰਦ ਦੂਰ ਕਰੇ,
ਭਲਾ ਇਹ ਸਭ ਦਾ ਮਨਾਵੇ ਤੇਰਾ ਖਾਲਸਾ।

ਕਰ ਇਸ਼ਨਾਨ ਨਾਮ ਜਪੇ ਅਤੇ ਦਾਨ ਦੇਵੇ,
ਭੁੱਲਿਆਂ ਨੂੰ ਸੱਚੇ ਰਾਹ ਪਾਵੇ ਤੇਰਾ ਖਾਲਸਾ।

ਦੁਸ਼ਟਾਂ ਤੇ ਦੋਖੀਆਂ ਨੂੰ ਦੰਡ ਸਦਾ ਦਿੰਦਾ ਰਹੇ
ਜੱਗ ਵਿਚੋਂ ਜ਼ੁਲਮ ਨੂੰ ਮਿਟਾਵੇ ਤੇਰਾ ਖਾਲਸਾ।

ਸੱਚ ਕਹਿਣੋਂ ਰੁਕਦਾ ਨਹੀਂ ਕਿਸੇ ਅੱਗੇ ਝੁਕਦਾ ਨਹੀਂ,
ਕਿਸੇ ਕੋਲੋਂ ਡਰੇ ਨਾ ਡਰਾਵੇ ਤੇਰਾ ਖਾਲਸਾ।

ਇਕ ਮੁੱਠੀ ਛੋਲਿਆਂ ਦੀ ਖਾ ਕੇ ਤੇਰੇ ਲੰਗਰਾਂ 'ਚੋਂ,
ਮਸਤੇ ਹੋਏ ਹਾਥੀਆਂ ਨੂੰ ਢਾਹਵੇ ਤੇਰਾ ਖਾਲਸਾ।

ਸੰਤਾਂ ਦੇ ਉਬਾਰਨੇ ਨੂੰ ਧਰਮ ਬਿਸਥਾਰਨੇ ਨੂੰ,
ਤੇਗ ਫੜ ਜੁਧਾਂ ਵਿਚ ਜਾਵੇ ਤੇਰਾ ਖਾਲਸਾ।

ਅਣਖ ਲਈ ਆਣ ਲਈ ਧਰਮ ਬਚਾਣ ਲਈ
ਹੱਸ ਕੇ ਸ਼ਹੀਦੀਆਂ ਨੂੰ ਪਾਵੇ ਤੇਰਾ ਖਾਲਸਾ।

ਅੰਮ੍ਰਿਤ ਦੇ ਸੋਮੇ ਹਰਿਮੰਦਰ ਨੂੰ ਜੇ ਢਾਹਵੇ ਕੋਈ
ਸੀਸ ਧਰ ਤਲੀ ਉਤੇ ਆਵੇ ਤੇਰਾ ਖਾਲਸਾ।

ਦੇਗ 'ਚ ਉਬਾਲੇ ਖਾਵੇ, ਆਰੇ ਨਾਲ ਚੀਰਿਆ ਜਾਵੇ
ਰੰਬੀ ਨਾਲ ਖੋਪਰੀ ਲੁਹਾਵੇ ਤੇਰਾ ਖਾਲਸਾ।

ਪੁੱਤਰਾਂ ਦੇ ਦਾਨੀ ਦਸ਼ਮੇਸ਼ ਨੂੰ ਰੀਝਾਣ ਲਈ
ਪੁੱਤਰਾਂ ਦੇ ਟੋਟੇ ਵੀ ਕਰਾਵੇ ਤੇਰਾ ਖਾਲਸਾ।

ਸਭ ਕੁਝ ਵਾਰ ਦੇਵੇ ਵੈਰੀਆਂ ਨੂੰ ਪਿਆਰ ਦੇਵੇ
ਫੱਟੜਾਂ ਦੇ ਮਲ੍ਹਮਾਂ ਵੀ ਲਾਵੇ ਤੇਰਾ ਖਾਲਸਾ।

ਅਣਖਹੀਣ ਹੋ ਕੇ ਇਹਨੂੰ ਜੀਣਾ ਪ੍ਰਵਾਨ ਨਹੀਂ
ਗਲੋਂ ਇਹ ਗਲਾਮੀਆਂ ਨੂੰ ਲਾਹਵੇ ਤੇਰਾ ਖਾਲਸਾ।

– ਗਿਆਨੀ ਜੰਗ ਸਿੰਘ

## ਗ਼ਜ਼ਲ

ਖੁਸ਼ਕਿਸਮਤ ਹਾਂ ਗੁਰੂ ਨਾਨਕ, ਜਿਹਾ ਰਹਿਬਰ ਮਿਲਿਆ।
ਗੁਰਬਾਣੀ 'ਚੋਂ ਗਿਆਨ ਦਾ, ਮੈਨੂੰ ਸਾਗਰ ਮਿਲਿਆ।

ਚੜ੍ਹੀ ਰਹੇ ਦਿਨ ਰਾਤ ਖੁਮਾਰੀ, ਜਿਸਦੀ ਮੈਨੂੰ,
ਗੁਰੂ ਨਾਨਕ ਤੋਂ ਰਾਮ ਨਾਮ, ਰਤਨਾਗਰ ਮਿਲਿਆ।

ਜਿੱਥੇ ਬਹਿਕੇ ਗੁਰਸਿੱਖ, ਮਾਲਿਕ ਦੇ ਗੁਣ ਗਾਉਂਦੇ,
ਚੰਗੇ ਭਾਗ ਨੇ ਜੀਵਨ, ਦੇ ਵਿਚ ਸੋ ਦਰ ਮਿਲਿਆ।

ਜਦ ਮੈਂ ਧਿਆਨ ਲਗਾ ਕੇ, ਸੁਰਤ ਇਕਾਗਰ ਕੀਤੀ,
ਜੋ ਬ੍ਰਹਮੰਡੇ ਸੋਈ, ਪਿੰਡੇ ਅੰਦਰ ਮਿਲਿਆ।

ਹੋਰ ਬਹੁਤ ਕੁਛ ਮਿਲਿਆ, ਗਿਆਨੀ ਉਸ ਮਾਲਿਕ ਤੋਂ,
ਇਕ ਪਿਆਰਾ 'ਆਜ਼ਾਦ' ਜਿਹਾ, ਏ ਮਿੱਤਰ ਮਿਲਿਆ।

– ਗਿਆਨੀ ਜੰਗ ਸਿੰਘ

## ਖਾਲਸਾ ਪੰਥ ਦੇ ਉਪਕਾਰ

ਕੌਣ ਇਹ ਖਾਲਸਾ ਪੰਥ ਸਜਾਉਂਦਾ?
ਜੇ ਦਸਵਾਂ ਅਵਤਾਰ ਨਾ ਹੁੰਦਾ।
ਜਮਰੌਦ ਤੇ ਕੌਣ ਨਿਸ਼ਾਨ ਝੁਲਾਉਂਦਾ?
ਜੇ ਨਲਵਾ ਸਰਦਾਰ ਨਾ ਹੁੰਦਾ।
ਕੌਣ ਦਲਿਤਾਂ ਨੂੰ ਗਲੇ ਲਗਾਉਂਦਾ?
ਕੌਣ ਉਨ੍ਹਾਂ ਨੂੰ ਦੇਂਦਾ ਅੰਮ੍ਰਿਤ?
ਕੌਣ ਜਾਤਾਂ ਦੇ ਭੇਦ ਮਿਟਾਉਂਦਾ?
ਜੇ ਗੁਰਬਖਸ਼ਣਹਾਰ ਨਾ ਹੁੰਦਾ।
ਕੌਣ ਮੁਗਲਾਂ ਦੇ ਜ਼ੁਲਮ ਮਿਟਾ ਕੇ
ਦੇਸ਼ ਧਰਮ ਦੀ ਕਰਦਾ ਰੱਖਿਆ?
ਕੌਣ ਆਪਣਾ ਸਰਬੰਸ ਵਾਰਦਾ?
ਜੇ ਗੁਰ ਕਲਗੀਧਰ ਨਾ ਹੁੰਦਾ।
ਕੌਣ ਗਿੱਦੜਾਂ ਨੂੰ ਸ਼ੇਰ ਬਣਾਉਂਦਾ?
ਕੌਣ ਚਿੜੀਆਂ ਤੋਂ ਬਾਜ਼ ਤੁੜਾਉਂਦਾ?
ਕੌਣ ਕਾਇਰਾਂ ਵਿਚ ਵੀਰਤਾ ਭਰਦਾ?
ਜੇ ਗੁਰ ਸਿਰਜਨਹਾਰ ਨਾ ਹੁੰਦਾ।
ਕੌਣ ਰੋਕਦਾ ਬਾਹਰੋਂ ਹਮਲੇ?
ਕੌਣ ਧਰਮ ਦੀ ਕਰਦਾ ਰਾਖੀ?
ਜੇ ਤੇਗ ਬਹਾਦਰ ਸੀਸ ਨਾ ਦਿੰਦੇ
ਧਰਮ ਦਾ ਬੇੜਾ ਪਾਰ ਨਾ ਹੁੰਦਾ।

– ਗਿਆਨੀ ਜੰਗ ਸਿੰਘ

## ਮੀਠੇ ਹਰਿ ਗੁਣ ਗਾਓ ਜਿੰਦੂ ਤੂੰ ਮੀਠੇ ਹਰਿ ਗੁਣ ਗਾਓ!

ਸੱਚੇ ਸੇਤੀ ਰਤਿਆਂ ਮਿਲਿਆ ਨਿਥਾਵੇਂ ਥਾਓ!!
ਆਓ ਭੈਣੋ ਮਿਲ ਕੇ ਸਭੇ, ਮੀਠੇ ਹਰਿ ਗੁਣ ਗਾਈਏ॥
ਮਿਠ ਬੋਲੜੇ ਉਸ ਪ੍ਰੀਤਮ ਤੋਂ ਨੀਂ, ਸਦ ਬਲਿਹਾਰੇ ਜਾਈਏ।

ਜਿਸ ਨੇ ਬਖਸ਼ਿਸ਼ ਕਰਕੇ ਸਾਨੂੰ, ਦਿੱਤੀ ਮਿੱਠੀ ਬਾਣੀ,
ਉਸ ਪਿਆਰੇ ਤੋਂ ਆਪਣਾ, ਤਨ ਮਨ ਘੋਲ ਘੁਮਾਈਏ।


ਕਾਵਾਂ ਵਰਗੇ ਹਿਰਦੇ ਸੁਣ ਸੁਣ, ਹੰਸਾਂ ਵਰਗੇ ਹੋਵਣ,
ਗੁਰੂ ਗ੍ਰੰਥ ਰਤਨਾਂ ਦੇ ਸਾਗਰ ਤੋਂ, ਰਤਨ ਪਦਾਰਥ ਪਾਈਏ।

ਜਨਮ ਜਨਮ ਦੇ ਕਿਲਬਿਖ ਸਾਰੇ, ਹੋ ਜਾਂਦੇ ਨੇ ਨਾਸ਼,
ਗੁਰਬਾਣੀ ਨੂੰ ਸੁਣ ਕੇ ਜੇਕਰ, ਹਿਰਦੇ ਵਿਚ ਵਸਾਈਏ॥

ਗੁਰੂ ਗ੍ਰੰਥ ਹੈ ਨਾਮ ਦੇ ਬੋਹਿਥ, ਸਭ ਨੂੰ ਪਾਰ ਉਤਾਰੇ,
ਇਸ ਦਾ ਓਟ ਆਸਰਾ ਲੈ ਕੇ, ਭਵਸਾਗਰ ਤਰ ਜਾਈਏ॥

ਕੰਤ ਹੈ ਸਾਡਾ ਬੜਾ ਰੰਗੀਲਾ, ਉਸਦੇ ਚੋਜ ਨਿਆਰੇ,
ਆਓ ਆਪਣਾ ਮਨਾਂ ਨੂੰ ਉਸ ਦੇ, ਪਿਆਰ ਦਾ ਰੰਗ ਚੜ੍ਹਾਈਏ॥

– ਗਿਆਨੀ ਜੰਗ ਸਿੰਘ



ਜਨਾਬ ਆਜ਼ਾਦ ਜਾਲੰਧਰੀ ਅਤੇ ਗਿਆਨੀ ਜੰਗ ਸਿੰਘ ਜੀ

ਸੱਚੀਆਂ ਪ੍ਰੀਤਾਂ ਦੇ ਵਣਜਾਰੇ ਨੇ ਇਹ ਦੋਵੇਂ। ਜਿਸ ਨੇ ਸਿਰਜੇ ਉਸੇ ਨੇ ਸਵਾਰੇ ਨੇ ਇਹ ਦੋਵੇਂ।
ਆਤਮ ਗਿਆਨ ਨਾਲ ਨੂਰੋ ਨੂਰ ਨੇ ਇਨ੍ਹਾਂ ਦੇ ਹਿਰਦੇ, ਰੱਬੀ ਗੁਣਾਂ ਨਾਲ ਵੀ ਖੂਬ ਸ਼ਿੰਗਾਰੇ ਨੇ ਇਹ ਦੋਵੇਂ।

## ਰਾਮਦਾਸ ਗੁਰੂ ਜਗ ਤਾਰਨ ਕੋ

ਗੁਰ ਜੋਤਿ ਸੁ ਅਰਜਨ ਮਾਹਿ ਧਰੀ॥

ਗੁਰੂ ਗ੍ਰੰਥ ਦਾ ਹਰਿਮੰਦਰ ਵਿਚ, ਜਦ ਹੋਇਆ ਪ੍ਰਕਾਸ਼॥
ਸਾਰੇ ਜਗ ਨੂੰ ਮੁਕਤਿ ਹੋਣ ਦਾ, ਤਦ ਮਿਲਿਆ ਧਰਵਾਸ॥

ਭੱਟਾਂ ਨੇ ਜਦ ਚਾਓ 'ਚ ਆ ਕੇ, ਸਤਿਗੁਰ ਦੇ ਗੁਣ ਗਾਏ॥
ਸੁਣਨ ਵਾਲੀਆਂ ਸੰਗਤਾਂ ਦੇ ਮਨ, ਭਰ ਗਿਆ ਹਰਸ਼ ਹੁਲਾਸ॥

ਧੰਨ ਧੰਨ ਗੁਰੂ ਰਾਮਦਾਸ ਜਦ, ਮਿਹਰਾਂ ਦੇ ਘਰ ਆਏ,
ਗੁਰੂ ਅਰਜਨ ਦੇ ਹਿਰਦੇ ਵਿਚ ਤਦ, ਕਰਤੀ ਜੋਤਿ ਪ੍ਰਕਾਸ਼॥

ਸੁਰਤਿ ਦੇ ਮਾਰਗ ਚਲ ਕੇ ਜਦ ਮੈਂ? ਵੇਖ ਲਿਆ ਜੱਗ ਸਾਰਾ॥
'ਨਹੀ ਤੁਧ ਜੇਹਿਆ' ਦੇ ਬਚਨਾਂ ਉਤੇ ਹੋਇਆ ਸੱਚ ਵਿਸ਼ਵਾਸ॥

ਹਰਿਮੰਦਰ ਵਿਚ ਬਹਿ ਕੇ ਗੁਰਮੁਖ, ਗਾਵਣ ਸੱਚੀ ਬਾਣੀ॥
ਜਿਸ ਦੇ ਮਨ ਵਿਚ ਵਸ ਜਾਵੇ ਉਹ, ਹੋ ਜਾਵੇ ਅਬਿਨਾਸ।

ਹਰਿਮੰਦਰ ਵਿਚ ਹਰ ਵੇਲੇ ਹੀ, ਝਿਮ ਝਿਮ ਅੰਮ੍ਰਿਤ ਬਰਸੇ॥
ਜਿਸ ਨੂੰ ਪੀ ਕੇ ਗੁਰਸਿੱਖਾਂ ਦੀ, ਮਿਟਜੇ ਸਭ ਪਿਆਸ।

ਪ੍ਰਭ ਦਰਸ਼ਨ ਦੀ ਲੋਚਾ ਵੀ ਜੋ, ਖਿਨ ਵਿਚ ਹੋਜੇ ਪੂਰੀ॥
ਸਚਖੰਡ ਵਿਚ ਉਸ ਗੁਰਮੁਖ ਦਾ, ਹੋਜੇ ਸਦਾ ਨਿਵਾਸ।

– ਗਿਆਨੀ ਜੰਗ ਸਿੰਘ

# ਸਾਹਿਤਕ ਪੈੜਾਂ- ਗੁਰਗੱਦੀ ਦਿਵਸ ਨੂੰ ਸਮਰਪਿਤ- ਜਨਾਬ ਆਜ਼ਾਦ ਜਲੰਧਰੀ ਦੀਆਂ ਕੁਝ ਰਚਨਾਵਾਂ

## ਸਰਵ ਸਾਂਝੀ ਗੁਰਬਾਣੀ

**ਬੈਂਤ**

ਜਗਤ ਗੁਰੂ ਗੁਰੂ ਨਾਨਕ ਤੇ ਹੋਈ ਨਾਜ਼ਿਲ
ਮਾਤ ਲੋਕ ਅੰਦਰ ਧੁਰ ਕੀ ਆਈ ਬਾਣੀ।

ਬੀਆਬਾਨ ਜੰਗਲ ਪਰਬਤ ਝੂੰਮ ਉਠੇ
ਜਦੋਂ ਆਪ ਗੁਰੂ ਨਾਨਕ ਨੇ ਗਾਈ ਬਾਣੀ।

ਬੜੇ ਪਿਆਰ ਨਾਲ ਭਾਈ ਗੁਰਦਾਸ ਕੋਲੋਂ
ਪੰਚਮ ਪਾਤਸ਼ਾਹ ਆਪ ਲਿਖਵਾਈ ਬਾਣੀ।

ਦਸਮੇਂ ਪਾਤਸ਼ਾਹ ਇਹਨੂੰ ਗੁਰਿਆਈ ਦੇ ਕੇ
ਗੁਰੂ ਗੱਦੀ ਤੇ ਆਪ ਬਿਠਾਈ ਬਾਣੀ।

ਰੱਬੀ ਬਾਣੀ ਦਾ ਜਦੋਂ ਪ੍ਰਕਾਸ਼ ਹੋਇਆ
ਤਿੰਨੋ ਲੋਕ ਖ਼ਾਦਿਮ ਬੇਖ਼ਰੀਦ ਹੋ ਗਏ।

ਦਿੱਤਾ ਬਾਣੀ ਨੇ ਸਭ ਨੂੰ ਉਪਦੇਸ਼ ਸਾਂਝਾ
ਸ਼ਬਦ ਬਾਣੀ ਦੇ ਸਾਰੇ ਤੌਹੀਦ ਹੋ ਗਏ।

ਬਿਰਾਜਮਾਨ ਹੋ ਕੇ ਗ੍ਰੰਥ ਸਾਹਿਬ ਅੰਦਰ
ਗੁਰੂ ਰੂਪ ਰਵੀਦਾਸ ਫਰੀਦ ਹੋ ਗਏ।

ਪੜ੍ਹਕੇ ਬਾਣੀ ਨੂੰ ਜੇਕਰ ਵਿਚਾਰ ਕਰੀਏ
ਬਾਣੀ ਰਾਜ਼ ਇਲਾਹੀ ਪਈ ਖੋਹਲਦੀ ਏ।

ਬੈਠਾ ਬਾਣੀ ਦੇ ਵਿਚ ਆਜ਼ਾਦ ਨਾਨਕ
ਤਾਹੀਓਂ ਸਦਾ ਗੁਰਬਾਣੀ ਸੱਚ ਬੋਲਦੀ ਏ।

**– ਆਜ਼ਾਦ ਜਾਲੰਧਰੀ**

## ਗ਼ਜ਼ਲ

ਇਹ ਧੁਰ ਕੀ ਬਾਣੀ ਆਈ ਏ
ਸਤਿਕਾਰ ਕਰੋ ਗੁਰਬਾਣੀ ਦਾ।

ਇਹਨੇ ਸਗਲੀ ਚਿੰਤ ਮਿਟਾਈ ਏ
ਸਤਿਕਾਰ ਕਰੋ ਗੁਰਬਾਣੀ ਦਾ।

ਸ਼ਰਧਾ ਨਾਲ ਪਾਠ ਜੋ ਕਰਦਾ ਏ
ਉਹ ਬੰਦਾ ਭਵਜਲ ਤਰਦਾ ਏ।

ਲੱਖਾਂ ਨੇ ਮੁਕਤੀ ਪਾਈ ਏ
ਸਤਿਕਾਰ ਕਰੋ ਗੁਰਬਾਣੀ ਦਾ।

ਇਹ ਗੁਰੂਆਂ ਆਪ ਉਚਾਰੀ ਏ
ਵਿਚ ਆਪਣੀ ਰੂਹ ਉਤਾਰੀ ਏ।

ਇਹ ਅਕਾਲ ਪੁਰਖ ਦੀ ਜਾਈ ਏ
ਸਤਿਕਾਰ ਕਰੋ ਗੁਰਬਾਣੀ ਦਾ।

ਇਹਨੂੰ ਗੋਬਿੰਦ ਤਿਲਕ ਲਗਾਇਆ ਸੀ
ਗੁਰਸਿੱਖਾਂ ਨੂੰ ਫੁਰਮਾਇਆ ਸੀ।

ਇਹਨੂੰ ਸੌਂਪੀ ਅੱਜ ਗੁਰਿਆਈ ਏ
ਸਤਿਕਾਰ ਕਰੋ ਗੁਰਬਾਣੀ ਦਾ।

'ਆਜ਼ਾਦ' ਇਲਾਹੀ ਰਾਜ਼ ਹੈ ਇਹ
ਮਹਾਂਪੁਰਸ਼ਾਂ ਦੀ ਆਵਾਜ਼ ਹੈ ਇਹ।

ਇਹ ਗੁਰੂ ਨਾਨਕ ਨੇ ਗਾਈ ਏ
ਸਤਿਕਾਰ ਕਰੋ ਗੁਰਬਾਣੀ ਦਾ।

**– ਆਜ਼ਾਦ ਜਾਲੰਧਰੀ**

## ਨਾਨਕ ਦੇ ਦਰ ਦੀਆਂ ਸਿਫਤਾਂ

### ਗ਼ਜ਼ਲ

ਕਿਸ ਤਰ੍ਹਾਂ ਸਿਫਤ ਕਰਾਂ
ਨਾਨਕ ਮੈਂ ਤੇਰੇ ਦਰ ਦੀਆਂ
ਵੱਡੀਆਂ ਵੱਡੀਆਂ ਹਸਤੀਆਂ
ਏਥੇ ਨੇ ਸੱਜਦੇ ਕਰਦੀਆਂ।

ਰਾਤ ਦਿਨ ਜਿੱਥੇ ਹੈ ਗੁਰਬਾਣੀ
ਦਾ ਅੰਮ੍ਰਿਤ ਬਰਸਦਾ
ਸਵਰਗ ਤੋਂ ਵੱਧ ਸੋਹਣੀਆਂ
ਗਲੀਆਂ ਨੇ ਅੰਮ੍ਰਿਤਸਰ ਦੀਆਂ।

ਅੰਗ ਲਾ ਕੇ ਦਾਤਿਆ ਅੰਗਦ
ਬਣਾ ਦਿੱਤਾ ਸੀ ਤੈਂ
ਬਖਸ਼ਿਸ਼ਾਂ ਲਹਿਣੇ ਤੇ ਹੋਈਆਂ
ਸੀ ਜਾਂ ਤੇਰੇ ਘਰ ਦੀਆਂ।

ਤੇਰੀ ਕੁਦਰਤ ਦਾ ਕ੍ਰਿਸ਼ਮਾ
ਦੇਖਿਆ ਸੰਸਾਰ ਨੇ
ਠੀਕ ਸੰਨ ਫਸਲਾਂ ਮਗਰ
ਮੱਝੀਆਂ ਭੀ ਸਨ ਵਿਚ ਚਰਦੀਆਂ।

ਤੇਰਾ ਤੇਰਾ ਬੋਲਕੇ ਤੈਂ
ਮੋਦੀਖਾਨਾ ਤੋਲਿਆ
ਝੋਲੀਆਂ ਖਾਲੀ ਹਜ਼ਾਰਾਂ
ਦੇਖੀਆਂ ਨੇ ਭਰਦੀਆਂ।

ਭਟਕਦੇ ਸਿੱਧਾਂ ਨੂੰ ਸਿੱਧੇ ਰਾਹ
ਦਿਖਾਇਆ ਸੀ ਕਦੇ
ਤਾਕਤਾਂ ਵਲੀਆਂ ਦੀਆਂ
ਸੰਨ ਕੀਤੀਆਂ ਬੇਪਰਦੀਆਂ।


ਜਾਗ ਪਏ ਸੰਨ ਭੂਮੀਏਂ
ਸੱਜਣ ਤੇ ਕੌਡੇ ਦੇ ਨਸੀਬ
ਰਹਿਮਤਾਂ ਨਜ਼ਰਾਂ 'ਚੋਂ ਤੇਰੀ
ਦੇਖੀਆਂ ਜਦ ਬਹੌਰਦੀਆਂ।

ਮੇਹਰ ਦੀ ਜਦ ਝਾਤ ਪਾਈ
ਤੈਂ ਕਿਸੇ ਮਜ਼ਬੂਰ ਤੇ
ਡੁੱਬਦੀਆਂ ਕਈ ਬੇੜੀਆਂ
ਤੱਕੀਆਂ ਅਸਾਂ ਨੇ ਤਰਦੀਆਂ।

ਮੁੱਲ ਪੈਂਦਾ ਏ ਤੇਰੇ ਦਰ 'ਤੇ
ਹਮੇਸ਼ਾ ਪਿਆਰ ਦਾ
ਕੀਮਤਾਂ ਨਹੀਂ ਪੈਂਦੀਆਂ
'ਆਜ਼ਾਦ' ਏਥੇ ਜ਼ਰ ਦੀਆਂ।

**– ਆਜ਼ਾਦ ਜਾਲੰਧਰੀ**

## ਤੇਰੇ ਦਰ ਤੇ ਨਾਨਕ




**ਗਜ਼ਲ**

ਤੇਰੇ ਦਰ ਤੇ ਨਾਨਕ ਜੋ ਮਨਜ਼ੂਰ ਹੋ ਗਏ
ਔਹ ਗੁੰਮਨਾਮ ਰਹਿ ਕੇ ਭੀ ਮਸ਼ਹੂਰ ਹੋ ਗਏ।

ਮਾਂ ਤ੍ਰਿਪਤਾ ਦੀ ਗੋਦੀ 'ਚ ਰੱਬ ਖੇਡਦਾ ਏ
ਜਿਹਨੇ ਦੇਖਿਆ ਉਹਦੇ ਦੁੱਖ ਦੂਰ ਹੋ ਗਏ।

ਤੇਰੇ ਨੂਰ ਦਾ ਹੋ ਗਿਆ ਏ ਉਜਾਲਾ
ਜ਼ਮਾਨੇ ਦੇ ਨ੍ਹੇਰੇ ਨੇ ਕਾਫੂਰ ਹੋ ਗਏ।

ਜੋ ਫੁਰਮਾਇਆ ਮੂੰਹੋਂ ਔਹ ਲੋਕਾਂ ਨੇ ਮੰਨਿਆ
ਬਚਨ ਤੇਰੇ ਦੁਨੀਆਂ ਦਾ ਦਸਤੂਰ ਹੋ ਗਏ।

ਤੇਰੇ ਦਰ 'ਤੇ ਬਹਿ ਗਏ ਜੋ ਧੂਣੀ ਰਮਾ ਕੇ
ਫਕੀਰਾਂ ਦੇ ਦਾਮਨ ਨੇ ਭਰਪੂਰ ਹੋ ਗਏ।

ਲਹੂ ਬਣ ਗਏ ਮਾਹਲ ਪੂੜੇ ਉਹਨਾਂ ਦੇ
ਮਾਲਕ ਭਾਗੋ ਵਰਗੇ ਜੋ ਮਗਰੂਰ ਹੋ ਗਏ।

ਜਿਹਨਾਂ ਕੀਤੀ ਮਿਹਨਤ ਤੇ ਹੱਕ ਦੀ ਕਮਾਈ
ਤੇਰੇ ਦਰ ਤੇ ਪਰਵਾਨ ਮਜ਼ਦੂਰ ਹੋ ਗਏ।

ਜੋ ਸਿਰ ਧਰ ਤਲੀ ਤੇ ਗਲੀ ਆ ਗਏ ਤੇਰੀ
ਔਹ ਤਬਰੇਜ਼ ਬਣ ਗਏ ਯਾ ਮਨਸੂਰ ਹੋ ਗਏ।

ਤੈਂ ਵੱਲ ਕੀਤੀ ਲਾ ਕੇ ਇਬਾਦਤ ਦੀ ਮਰਹਮ
ਜੋ ਛਾਲੇ ਦਿਲਾਂ ਦੇ ਸੀ ਨਾਸੂਰ ਹੋ ਗਏ।

ਕਈ ਪੀਰ ਸਿੱਧ ਸ਼ਹਿਨਸ਼ਾਹ ਠੱਗ ਲੁਟੇਰੇ
ਤੇਰੇ ਦਰ ਤੇ ਝੁਕਣੇ ਲਈ ਮਜਬੂਰ ਹੋ ਗਏ।

ਜੋ ਆਜ਼ਾਦ ਕਦਮਾਂ ਨਾਲ ਛੂਹ ਗਏ ਨੇ ਤੇਰੇ
ਔਹ ਧਰਤੀ ਦੇ ਜ਼ੱਰਰੇ ਕੋਹੇ-ਤੂਰ ਹੋ ਗਏ।

**– ਆਜ਼ਾਦ ਜਾਲੰਧਰੀ**

## ਹਰ ਇਕ ਮੋੜ ਤੇ ਕੌਡੇ ਰਾਖਸ਼ ਖੜ੍ਹੇ ਨੇ

**ਗਜ਼ਲ**

ਐ ਨਾਨਕ ਦੁਖੀ ਲੋਕ ਅੱਜ ਵੀ ਬੜੇ ਨੇ
ਗ਼ਮਾਂ ਨੇ ਕਰੋੜਾਂ ਹੀ ਬੇਬੱਸ ਫੜੇ ਨੇ।

ਬਚੇਗਾ ਕਿਵੇਂ ਤੇਰਾ ਮਰਦਾਨਾ ਬਾਬਾ
ਹਰ ਇਕ ਮੋੜ ਤੇ ਕੌਡੇ ਰਾਖਸ਼ ਖੜ੍ਹੇ ਨੇ।

ਕਿਤੇ ਜਾਲ ਬੈਠੇ ਨੇ ਸੱਜਣ ਬਿਛਾ ਕੇ
ਕਿਤੇ ਭੂਮੀਏਂ ਨੇ ਬਣਾਏ ਧੜੇ ਨੇ।

ਬੜੀ ਕੀਤੀ ਲੋਕਾਂ ਨੇ ਸਣਿਆਂ ਤਰੱਕੀ
ਮਗਰ ਲੋਕ ਸੜਕਾਂ ਤੇ ਸੁੱਤੇ ਰੜੇ ਨੇ।

ਤੁਅੱਸਬ, ਸਿਆਸਤ ਅਤੇ ਨਫਰਤਾਂ ਦੇ
ਉਹੀ ਜਾਣਦਾ ਨਾਰ੍ਹਾ ਜਿਹਨੂੰ ਲੜੇ ਨੇ।

ਉਹਨਾਂ ਬੇਗੁਨਾਹਾਂ ਦੀ ਗਿਣਤੀ ਨਾ ਪੁੱਛੋ
ਜੋ ਮਜ਼ਹਬੀ ਜਨੂੰਨਾਂ ਦੀ ਬੇਦੀ ਚੜ੍ਹੇ ਨੇ।

ਜੋ ਮਾਵਾਂ ਤੋਂ ਖੋਹੇ ਸੀ ਅਨਮੋਲ ਮੋਤੀ
ਨਾ ਜਾਣੇ ਕਿਹੜੇ ਤਾਜ਼ ਅੰਦਰ ਜੜ੍ਹੇ ਨੇ।

ਕਿਸੇ ਭੀ ਨਾ ਤੱਕੇ ਜਨਾਜ਼ੇ ਉਹਨਾਂ ਦੇ
ਜੋ ਭੱਠੀਆਂ ਤੰਦੂਰਾਂ 'ਚ ਪੈਕੇ ਸੜੇ ਨੇ।

ਖਿਜ਼ਾਵਾਂ 'ਚ ਕਿੱਦਾਂ ਉਹ ਬੂਟੇ ਫਲਣਗੇ
ਜਿਹਨਾਂ ਦੇ ਬਹਾਰਾਂ 'ਚ ਪੱਤਰ ਝੜੇ ਨੇ।

ਭਲਾ ਇਹ ਕੀ ਸਮਝਣਗੇ ਦੱਸ ਪਿਆਰ ਤੇਰਾ
ਜੋ 'ਆਜ਼ਾਦ' ਬਹਿਰੇ ਤੇ ਚਿਕਨੇ ਘੜੇ ਨੇ।

**– ਆਜ਼ਾਦ ਜਾਲੰਧਰੀ**

## ਰੁਬਾਈ

ਸੱਚੀਆਂ ਪ੍ਰੀਤਾਂ ਦੇ ਵਣਜਾਰੇ ਨੇ ਇਹ ਦੋਵੇਂ।
ਜਿਸ ਨੇ ਸਿਰਜੇ ਉਸੇ ਨੇ ਸਵਾਰੇ ਨੇ ਇਹ ਦੋਵੇਂ।
ਆਤਮ ਗਿਆਨ ਨਾਲ ਨੂਰੋ ਨੂਰ ਨੇ ਇਨ੍ਹਾਂ ਦੇ ਹਿਰਦੇ,
ਰੱਬੀ ਗੁਣਾਂ ਨਾਲ ਵੀ ਖ਼ੂਬ ਸ਼ਿੰਗਾਰੇ ਨੇ ਇਹ ਦੋਵੇਂ।

ਹਰਿਮੰਦਰ ਸੋਈ ਆਖੀਐ, ਜਿਥਹ ਹਰਿ ਜਾਤਾ
ਹਰਿਮੰਦਰ ਵਿਚ ਆਪ ਪ੍ਰਭੂ, ਸ਼ਬਦੇ ਰਹਿਆ ਵਿਆਪ।।
ਆਪੇ ਕੀਰਤਨ ਸੁਣ ਰਹਿਆ, ਆਪੇ ਰਹਿਆ ਅਲਾਪ।।

ਝਿਮ ਝਿਮ ਅੰਮ੍ਰਿਤ ਬਰਸਦਾ, ਗੁਰਮੁਖ ਚਾਤ੍ਰਕ ਪੀਣ।।
ਆਪੇ ਹਰਿ ਰਸ ਮਾਣਦਾ, ਘਟਿ ਘਟਿ ਰਹਿਆ ਵਿਆਪ।।

ਏਕ ਨੂਰ ਹੋਇ ਪਸਰਿਆ, ਜੋਤਿ ਜਗੇ ਦਿਨ ਰਾਤ।।
ਬਾਣੀ ਤੋਂ ਪਰਤੱਖ ਹੈ, ਉਸਦਾ ਵਡ ਪਰਤਾਪ।।

ਗੁਰੂ ਗ੍ਰੰਥ ਤੋਂ ਮਿਲ ਰਹੀ, ਨਾਮ ਅਮੋਲਕ ਦਾਤ।।
ਆਪੇ ਹੀ ਪ੍ਰਤਿਪਾਲਦਾ, ਸ਼ਬਦੇ ਥਾਪ ਉਥਾਪ।।

**– ਆਜ਼ਾਦ ਜਾਲੰਧਰੀ**

## ਸਤਿਕਾਰ ਕਰੋ ਗੁਰਬਾਣੀ ਦਾ

ਗੁਰਬਾਣੀ ਹੈ ਗਿਆਨ ਸਾਗਰ

ਜੋ ਖੋਜੇ ਸੋ ਪਾਵੇ

ਨਾਮ ਦੇ ਸੁੱਚੇ ਮੋਤੀ ਮਿਲਦੇ

ਜੇ ਕੋਈ ਚੁੱਭੀਆਂ ਲਾਵੇ

ਬਾਣੀ ਸੱਚ ਦਾ ਮਾਰਗ ਦੱਸਦੀ

ਕਾਗੋਂ ਹੰਸ ਬਣਾਵੇ

ਸ਼ਰਧਾ ਨਾਲ 'ਆਜ਼ਾਦ' ਜੋ ਪੜ੍ਹਦਾ

ਉਹਦਾ ਜਨਮ ਮਰਨ ਕਟ ਜਾਵੇ।

**– ਆਜ਼ਾਦ ਜਾਲੰਧਰੀ**

## ਗੁਰੂ ਨਾਨਕ ਦੇ ਰਾਹ ਜੋ ਤੁਰਦਾ

ਗੁਰੂ ਨਾਨਕ ਦੇ ਰਾਹ ਜੋ ਤੁਰਦਾ
ਗੁਰੂ ਜੀਊਣਾ ਮਰਨਾ ਉਹਦਾ ਸੌਖਾ ਕਰਦਾ
ਗੁਰਬਾਣੀ ਨਾਲ ਜੁੜ ਜਾ ਬੰਦਿਆ
ਇਹ ਦਰਵਾਜ਼ਾ ਨਾਨਕ ਦੇ ਘਰ ਦਾ
ਗੁਰੂ ਨਾਨਕ ਦੇ ਰਾਹ ਜੋ ਤੁਰਦਾ
ਗੁਰੂ ਜਿਊਣਾ ਮਰਨਾ ਉਹਦਾ ਸੌਖਾ ਕਰਦਾ।

ਸੱਚਾ ਸੌਦਾ ਗੁਰੂ ਨੇ ਕੀਤਾ
ਭੋਜਨ ਸਾਧੂਆਂ ਨੂੰ ਛਕਾਇਆ
ਅੱਜ ਵੀ ਚਲਦਾ ਤੇ ਸਦਾ ਚਲਦਾ ਰਹਿਣਾ
ਗੁਰੂ ਨਾਨਕ ਜੋ ਲੰਗਰ ਚਲਾਇਆ
ਗੁਰੂ ਨਾਨਕ ਦੇ ਲੰਗਰਾਂ ਦੇ ਵਿਚ
ਹਰ ਕੋਈ ਸੇਵਾ ਮਨ ਨਾਲ ਕਰਦਾ
ਗੁਰੂ ਨਾਨਕ ਦੇ ਰਾਹ ਜੋ ਤੁਰਦਾ
ਗੁਰੂ ਜਿਊਣਾ ਮਰਨਾ ਉਹਦਾ ਸੌਖਾ ਕਰਦਾ।



ਮਿੱਠਤ ਦਾ ਗੁਰੂ ਪਾਠ ਪੜ੍ਹਾਇਆ
ਰਹਿਣਾ ਨਿਮਰਤਾ ਵਿਚ ਸਿਖਾਇਆ
ਸੱਜਣ ਠੱਗ ਜਿਹੇ ਭਟਕਿਆਂ ਨੂੰ
ਸਿੱਧੇ ਰਸਤੇ ਗੁਰੂ ਨੇ ਪਾਇਆ
ਭਟਕਣ ਉਹਦੀ ਦੂਰ ਹੋ ਜਾਵੇ
ਗੁਰੂ ਦਾ ਦੱਸਿਆ ਰਾਹ ਜੋ ਫੜਦਾ
ਗੁਰੂ ਨਾਨਕ ਦੇ ਰਾਹ ਜੋ ਤੁਰਦਾ
ਗੁਰੂ ਜਿਊਣਾ ਮਰਨਾ ਉਹਦਾ ਸੌਖਾ ਕਰਦਾ।

ਗੁਰੂ ਤੇਰਾ ਤੇਰਾ ਤੋਲ ਗਿਆ
ਭੁੱਲਿਆਂ ਨੂੰ ਰਾਹ ਪਾ ਗਿਆ ਸੀ
ਮਲਕ ਭਾਗੋ ਦੀ ਰੋਟੀ ਵਿਚੋਂ
ਕੱਢ ਕੇ ਖੂਨ ਦਿਖਾ ਗਿਆ ਸੀ।
ਵਹਿਮਾਂ ਭਰਮਾਂ 'ਚੋਂ ਲੋਕਾਂ ਨੂੰ ਕੱਢ ਕੇ
ਜੀਵਨ ਲੋਕਾਂ ਦਾ ਸੀ ਸਫਲਾ ਕਰਦਾ
ਗੁਰੂ ਨਾਨਕ ਦੇ ਰਾਹ ਜੋ ਤੁਰਦਾ
ਗੁਰੂ ਜਿਊਣਾ ਮਰਨਾ ਉਹਦਾ ਸੌਖਾ ਕਰਦਾ।

ਲੋਕੀ ਬਹੁਤੇ ਭਟਕ ਗਏ ਨੇ
ਕਲਯੁਗ ਨੇ ਮੱਤ ਐਸੀ ਮਾਰੀ
ਇਹ ਵੀ ਭੁੱਲ ਗਏ ਇੱਥੇ ਸਦਾ ਨਹੀਂ ਰਹਿਣਾ
ਜਾਣਾ ਪੈਣਾ ਜਦ ਆ ਗਈ ਵਾਰੀ
ਮੋਹ ਮਾਇਆ ਦੇ ਜਾਲ 'ਚ ਫਸ ਕੇ
ਰਸਤਾ ਫੜਕੇ ਗੁਰੂ ਤੇਰੇ ਘਰ ਦਾ
ਗੁਰੂ ਨਾਨਕ ਦੇ ਰਾਹ ਜੋ ਤੁਰਦਾ
ਗੁਰੂ ਜਿਊਣਾ ਮਰਨਾ ਉਹਦਾ ਸੌਖਾ ਕਰਦਾ।

ਸਤਿਗੁਰੂ ਨਾਨਕ ਮੁੜ ਕੇ ਆ ਜਾਊ
ਜਾਤਾਂ ਪਾਤਾਂ ਦੇ ਭੇਤ ਮੁਕਾ ਜਾਊ
ਪੈਸੇ ਪਿੱਛੇ ਲੱਗ ਗਈ ਦੁਨੀਆਂ
ਇਹ ਗੱਲ ਨਹੀਂ ਜਾਣਾ ਗੱਲ ਸਮਝਾ ਜਾਊ
ਭਟਕ ਗਏ ਲੋਕੀ ਰਸਤਾ ਤੇਰਾ
ਆ ਕੇ ਆਪਣੇ ਰਸਤੇ ਪਾ ਜਾਊ
ਕਲਯੁਗ ਵਿਚ ਕੱਢ ਜਾਊ ਸਾਨੂੰ
'ਧਾਮੀ' ਇਹੋ ਅਰਦਾਸਾ ਕਰਦਾ
ਗੁਰੂ ਨਾਨਕ ਦੇ ਰਾਹ ਜੋ ਤੁਰਦਾ
ਗੁਰੂ ਜਿਊਣਾ ਮਰਨਾ ਉਹਦਾ ਸੌਖਾ ਕਰਦਾ।

**ਜੁਗਿੰਦਰ ਸਿੰਘ 'ਧਾਮੀ' ਪਿੱਪਲਾਂਵਾਲੀਆ**
**530-644-0987**

## ਧੁੰਦਲਾ ਲੱਗਦਾ

ਚਾਹੇ ਨਜ਼ਰ ਚਮਕਦੀ, ਦਿਲ ਧੁੰਦਲਾ ਲਗਦਾ ਏ।
ਚਾਹੇ ਹੋਠਾਂ 'ਤੇ ਮੁਸਕਾਨ, ਮਨ ਧੁੰਦਲਾ ਲਗਦਾ ਏ।

ਚੰਗੀ ਭਲੀ ਨਣਾਨ ਨੇ ਸ਼ੈਤਾਨੀ ਕੀਤੀ ਰੱਜ ਕੇ,
ਕੱਚੇ ਨੂੰ ਪੱਕਾ ਦਿਖਾਉਣਾ, ਬੇਤਹਾਸ਼ਾ ਧੁੰਦਲਾ ਲਗਦਾ ਏ।

ਏਸੇ ਤਰ੍ਹਾਂ ਕਿਸੇ ਦੀ, ਤੰਗਦਿਲੀ ਖਰਾਬ ਕਰਦੀ,
ਹੋਣਾ ਨੁਕਸਾਨ ਤੇ ਨੁਕਸਾਨ, ਵਕਤ ਧੁੰਦਲਾ ਲਗਦਾ ਏ।

ਚਾਹੇ ਕੋਈ ਕੱਲਾ ਚਾਹੇ ਕੋਈ ਕਾਰਵਾਨ 'ਚ ਹੋਵੇ,
ਅਕਸਰ ਧੁੰਦਲਾ ਅਕਸ, ਧੁੰਦਲਾ ਹੀ ਲੱਗਦਾ ਏ।
ਸਿਆਲ 'ਚ ਧੁੰਦ ਦਾ ਜ਼ੋਰ ਜਦ ਪੈਂਦਾ ਸੱਜਣੋ,
ਸੂਰਜ ਦਾ ਸੋਹਣਾ ਮੁਖੜਾ ਵੀ ਧੁੰਦਲਾ ਲਗਦਾ ਏ।



ਬੇਸ਼ੱਕ ਹੀਰ ਰਾਂਝੇ ਦੀ ਮੁਹੱਬਤ ਸੀ ਸਿਖਰ 'ਤੇ,
ਖਾਮੋਸ਼ੀ 'ਚ ਕੈਦੋ ਦਾ ਹੱਸਣਾ ਵੀ ਧੁੰਦਲਾ ਲਗਦਾ ਏ।

ਧੁੰਦਲਾ ਬਨਾਮ ਅਧੂਰਾ ਬਨਾਮ ਹੁੰਦੀ ਖੁਸ਼ੀ 'ਕਮਲ'
ਧੂੜ ਪਈ ਤੇ ਨਵਾਂ ਸ਼ੀਸ਼ਾ ਵੀ ਧੁੰਦਲਾ ਲੱਗਦਾ ਏ।

**-ਕਮਲ ਬੰਗਾ ਸੈਕਰਾਮੈਂਟੋ**
**916-897-8570**

## ਪੰਜਾਬੀਓ

ਬੋਲੀ ਨਾ ਰਹੀ ਤਾਂ ਕਵਿਤਾਵਾਂ ਰੁਲ ਜਾਣੀਆਂ
ਮਾਵਾਂ ਦੀਆਂ ਲੋਰੀਆਂ ਦੁਆਵਾਂ ਰੁਲ ਜਾਣੀਆਂ
ਦਿੱਤੀਆਂ ਸ਼ਹਾਦਤਾਂ ਨਾ ਮਿੱਟੀ 'ਚ ਮਿਲਾ ਦਿਓ
ਕਿਤੇ ਪੰਜਾਬੀਓ ਪੰਜਾਬੀ ਨਾ ਭੁਲਾ ਦਿਓ।

ਪੁੱਤਰਾਂ ਪੰਜਾਬੀਆਂ ਨੇ ਵਾਰੀਆਂ ਜਵਾਨੀਆਂ
ਸੀਸ ਕਟਵਾ ਕੇ ਸਾਨੂੰ ਦਿੱਤੀਆਂ ਨਿਸ਼ਾਨੀਆਂ
ਐਡੇ ਮਹਿੰਗੇ ਮੁੱਲ ਵਾਲੀ ਚੀਜ਼ ਨਾ ਗਵਾ ਦਿਓ...

ਗੁਰੂਆਂ ਪੰਜਾਬ ਦੀਆਂ ਨੀਹਾਂ ਹੱਥੀਂ ਰੱਖੀਆਂ
ਪੁੱਤ ਚਿਣਵਾ ਕੇ ਨੀਹਾਂ ਕੀਤੀਆਂ ਨੇ ਪੱਕੀਆਂ
ਕਿਤੇ ਭੁੱਲ ਚੁੱਕ ਵਿਚ ਨੀਹਾਂ ਨਾ ਹਿਲਾ ਦਿਓ..



ਅੱਖਰਾਂ 'ਚ ਲਹੂ ਦੀ ਕਹਾਣੀ ਘੁਲੀ ਹੋਈ ਏ
ਸਾਡੀ ਬੋਲੀ ਵਿਚ ਸੱਚੀ ਬਾਣੀ ਘੁਲੀ ਹੋਈ ਏ
ਸਹੁੰ ਸਾਰੇ ਬੱਚਿਆਂ ਨੂੰ ਬਾਣੀ ਦੀ ਖੁਆ ਦਿਓ ...

ਬੁੱਲ੍ਹੇ ਦੀਆਂ ਕਾਫੀਆਂ 'ਚ ਬਾਹੂ ਵਾਲੀ 'ਹੂ' ਵਿਚ
ਵੈਣਾਂ 'ਚ ਸੁਹਾਗਾਂ ਵਿਚ ਵਸੇ ਸਾਡੀ ਰੂਹ ਵਿਚ
ਪੰਜਾਬ ਦੇ ਸਰੀਰ ਵਿਚੋਂ ਰੂਹ ਨਾ ਗਵਾ ਦਿਓ ...

ਬੋਲੀ ਆਪਣੀ ਤੇ 'ਕੰਗ' ਮਾਣ ਹੋਣਾ ਚਾਹੀਦਾ
ਬੋਲੇ ਜਦੋਂ ਬੰਦਾ ਤਾਂ ਪਛਾਣ ਹੋਣਾ ਚਾਹੀਦਾ
ਆਪਣੀ ਪਛਾਣ ਵਾਲਾ ਦੀਵਾ ਨਾ ਬੁਝਾ ਦਿਓ..

**– ਹਰਜਿੰਦਰ ਕੰਗ**

## ਪਾਇ ਕੁਹਾੜਾ ਮਾਰਿਆ !

ਧੁੱਸ ਦੇ ਕੇ ਤੁਰੇ ਰਹਿਣਾ ਕਰਨੀ ਵਿਚਾਰ ਨਾਹੀਂ
ਕਿਹੜਾ ਆਗੂ ਦਾਨਾ ਅਤੇ ਕਿਹੜਾ ਐ ਹੰਕਾਰਿਆ।

ਖੁਸ਼ੀਆਂ ਮਨਾ ਲੈਂਦੇ ਨੇ ਜਿੱਤੇ ਕਿਸੇ ਹਾਰੇ ਦੀਆਂ
ਹੁੰਦਾ ਐ ਅਸਲ 'ਚ 'ਪੰਜਾਬ ਸਿਹੁੰ' ਈ ਹਾਰਿਆ।

ਵਾਰੀ ਸਿਰ 'ਦੋਹਾਂ' ਨੂੰ ਜਿਤਾਉਣ ਬਾਅਦ ਸੋਚਦੇ ਨੇ
ਤੀਸਰੇ ਬਦਲ ਤਾਈਂ ਕਾਹਤੋਂ ਸੀ ਵਿਸਾਰਿਆ।

ਰਾਜਿਆਂ ਦੇ ਰਗੜੇ ਸਹਾਰਦਿਆਂ ਪਛੋਤਾਉਂਦੇ
ਰੈਲੀਆਂ 'ਚ ਜਾ ਜਾ ਐਵੇਂ ਬਾਹਾਂ ਨੂੰ ਉਲਾਰਿਆ।

ਵਾਅਦੇ ਪੂਰੇ ਕਰੇ ਨਾ ਤੇ ਟੈਕਸ ਵੀ ਨਵੇਂ ਠੋਕੇ
ਫਿਰ ਪਤਾ ਲਗਦਾ ਐ ਕਿਹਨੇ ਸਾਨੂੰ ਚਾਰਿਆ।



ਸੋਹੰਦੇ ਨੇ ਉਹ ਲੋਕ ਸਰਕਾਰ ਕੋਲੋਂ ਦੁਖੀ ਹੁੰਦੇ
ਜਿਨ੍ਹਾਂ ਨੇ ਕੁਹਾੜਾ ਹੋਵੇ ਆਪ ਪੈਰੀਂ ਮਾਰਿਆ!

**– ਤਰਲੋਚਨ ਸਿੰਘ 'ਦੁਪਾਲਪੁਰ'**
**001- 408-915-1268**

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355



## ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗੁ ਚਾਨਣੁ ਹੋਆ

**Sri Guru Nanak Dev Ji'sParkash Utsav**

**By Shri Guru Ravidass Sabha (CA)**

**On November 5, 2017**

**at 2150 Crestview Drive, Pittsburg CA 94565**

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 5 ਨਵੰਬਰ 2017 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਉਣ ਜਾ ਰਹੀ ਹੈ। ਸ੍ਰੀ ਅਖੰਡ ਪਾਠ ਸਾਹਿਬ 3 ਨਵੰਬਰ ਨੂੰ ਸਵੇਰੇ 11 ਵਜੇ ਪ੍ਰਾਬੰਧ ਹੋਣਗੇ ਅਤੇ 5 ਨਵੰਬਰ ਨੂੰ ਪਾਠ ਦੇ ਭੋਗ ਪਾਏ ਜਾਣਗੇ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਸਮੂਹ ਸਾਧ ਸੰਗਤ ਨੂੰ ਸਭਾ ਵੱਲੋਂ ਬੇਨਤੀ ਹੈ ਕਿ ਤਿੰਨੇ ਦਿਨ ਗੁਰ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

Sri Guru Nanak Dev Ji'sParkashUtsav willbe celebrated at our Gurughar on November 5, 2017. Akhand path will start on Friday 11/3/2017, at 10:00 AM and will be concluded with Bhog ceremony on Sunday morning 11/05/2017. Path and Langar sewa will be hosted by Bhai Varinder Kumar Sudhir and family. He is inviting all the SANGAT to come and get Guru Sahib's blessings.

Jatha of GianiSuveg Singh, Giani Ompal Singh and GianiGurnam Singh Ji will adorn the occasion with Shabad Kirtan along withother Kirtankar.

Guru Nanak Sahib Ji (The founder of Sikhism) was born in 1469 at Talwandi, now known as Nankana Sahib. Sri Guru Nanak Dev ji was the founder of Sikh religion, who set up a unique spiritual, social and political platform based on equality, fraternal love, goodness and virtue.His firm belief that God is formless, infinite and all pervasive, dwelling within us awakened the entire mankind.The best tribute we can pay to Guru Nanak Dev Ji is to adopt his noble teachings as a way of our lives. The entire Sangat is humbly requested to participate in this "Gurupurb" and do the SEWA with TAN, MAN and DHAN.

**For food & other stalls, please contact the management committee. We have a limited space, so please call as soon as possible to reserve the stall space or for any other sewa. First come, first choice.**

**"NANAK NAM CHARDI KALA TERE BHANE SARBAT DA BHALA"**

www.srigurude ravidasstemple.com

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |
| | 925.366.3618 | 408.460.0262 | 209.834.4641 | 408.718.2506 |



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ)
ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 5 ਨਵੰਬਰ 2017 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਉਣ ਜਾ ਰਹੀ ਹੈ। ਸ੍ਰੀ ਅਖੰਡ ਪਾਠ ਸਾਹਿਬ 3 ਨਵੰਬਰ ਨੂੰ ਸਵੇਰੇ 11 ਵਜੇ ਪ੍ਰਾਬੰਧ ਹੋਣਗੇ ਅਤੇ 5 ਨਵੰਬਰ ਨੂੰ ਪਾਠ ਦੇ ਭੋਗ ਪਾਏ ਜਾਣਗੇ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਸਮੂਹ ਸਾਧ ਸੰਗਤ ਨੂੰ ਸਭਾ ਵੱਲੋਂ ਬੇਨਤੀ ਹੈ ਕਿ ਤਿੰਨੇ ਦਿਨ ਗੁਰ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ

## ਕਸ਼ਮੀਰੀ ਭਾਟੀਆ ਅਤੇ ਸਮੂਹ ਭਾਟੀਆ ਪਰਿਵਾਰ






# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈ**



ONE | REALTYONEGROUP
AMERICAN

# ਜਗਦੇਵ ਸਿੰਘ

**510-689-4625**



ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ, ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ

CalBre # 01423409

**42820 Albrae St.,**
**Fremont, CA 94538**

ਜਗਦੇਵ ਸਿੰਘ








ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ **ਲੱਖ-ਲੱਖ ਵਧਾਈ**

# ਜਸਇੰਦਰਪਾਲ ਸਿੰਘ ਵਿਰਕ (ਕੈਨੀ ਵਿਰਕ)

## ਅਤੇ ਸਮੂਹ ਵਿਰਕ ਪਰਿਵਾਰ








ਤੀਰਥ ਸਿੰਘ ਸੋਹਲ

# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਗੱਦੀ ਦਿਵਸ ਅਤੇ ਨਗਰ ਕੀਰਤਨ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ


# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

## ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

## WASH, LUBE, BRAKES

Call:

650-642-0697

# 3525 Highway 99, West Corning, CA 96021

Across the Street from TA Truck Stop

# ਸਿੱਖ ਟੈਂਪਲ ਟਾਇਰਾ ਬੁਇਨਾ ਵਿਖੇ ਹੋਏ ਰਸ ਭਿੰਨੇ ਆਤਮ ਰਸ ਕੀਰਤਨ ਦੀਆਂ ਕੁਝ ਝਲਕੀਆਂ



















## ਜਨਮ ਦਿਨ ਮੁਬਾਰਕ



ਨਵਜੰਮੇ ਬੱਚੇ ਗੁਰਕਰਮ ਕੌਰ ਪੁੱਤਰ ਮਨਪ੍ਰੀਤ ਬਾਂਸਲ ਅਤੇ ਮਾਤਾ ਹਰਮਨਦੀਪ ਕੌਰ ਬਾਂਸਲ, ਦਾਦਾ ਅਮਰਜੀਤ ਬਾਂਸਲ, ਦਾਦੀ ਰਮੇਸ਼ ਕੌਰ ਬਾਂਸਲ ਨੂੰ ਨਵਜੰਮੇ ਬੱਚੇ ਦੇ ਜਨਮ ਦੀ ਵਧਾਈ।



ਬੱਚੇ ਬਲਰਾਜ ਸਿੰਘ ਪੁੱਤਰ ਬਲਕਾਰ ਸਿੰਘ, ਮਾਤਾ ਰਾਜਵਿੰਦਰ ਕੌਰ, ਮਾਮਾ/ਮਾਮੀ ਸੰਤੋਖ ਸਿੰਘ ਗਿੱਲ, ਵਾਈਸ ਪ੍ਰਧਾਨ ਮਹਾਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ), ਜਸਵਿੰਦਰ ਕੌਰ ਗਿੱਲ (ਅਮਰੀਕਾ) ਨੂੰ ਬੱਚੇ ਬਲਰਾਜ ਸਿੰਘ ਦੇ ਜਨਮ ਦਿਨ ਦੀ ਵਧਾਈ। ਜਨਮ ਦਿਨ 30 ਅਕਤੂਬਰ 2017






ੴ ਪ੍ਰੂਜਾ ਅਕਾਲ ਕੀ ਪਰਚਾ ਸ਼ਬਦ ਕਾ ਦੀਦਾਰ ਖਾਲਸੇ ਕਾ

## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# ਸਿੱਖ ਟੈਂਪਲ (ਗੁਰਦੁਆਰਾ ਸਾਹਿਬ) ਯੂਬਾ ਸਿਟੀ

**2468 Tierra Buena Rd., Yuba City, CA 95993**

## 38ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 5 ਨਵੰਬਰ 2017 ਦਿਨ ਐਤਵਾਰ



38ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 5 ਨਵੰਬਰ 2017 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂਘਰ ਦੀਆਂ ਰੌਣਕਾਂ ਵਧਾਉ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ

## ਪ੍ਰੋਗਰਾਮ ਦਾ ਵੇਰਵਾ:-

**ਅਖੰਡ ਪਾਠ ਸਾਹਿਬ ਦੀ ਲੜੀ:-** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 2 ਸਤੰਬਰ ਤੋਂ ਸ਼ੁਰੂ ਹੈ ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸਾਧ ਸੰਗਤ ਵੱਲੋਂ 3 ਨਵੰਬਰ ਸ਼ੁਕਰਵਾਰ ਤੋਂ ਆਰੰਭ ਹੋ ਕੇ 5 ਨਵੰਬਰ ਦਿਨ ਐਤਵਾਰ ਨੂੰ ਸਵੇਰੇ 7:30 ਵਜੇ ਨਵੇਂ ਟਾਇਮ ਮੁਤਾਬਿਕ ਭੋਗ ਪੈਣਗੇ ਜੀ।

**ਆਤਿਸ਼ਬਾਜੀ:-** ਨਗਰ ਕੀਰਤਨ ਦੀਆਂ ਖੁਸ਼ੀਆਂ ਵਿੱਚ 3 ਨਵੰਬਰ ਦਿਨ ਸ਼ੁਕਰਵਾਰ ਨੂੰ ਰਾਤ 8 ਵਜੇ ਆਤਿਸ਼ਬਾਜੀ ਹੋਵੇਗੀ ਜੀ।

ਅਮ੍ਰਿੰਤ ਸੰਚਾਰ:- 4 ਨਵੰਬਰ ਦਿਨ ਸ਼ਨੀਵਾਰ ਸਵੇਰੇ 5 ਵਜੇ ਅਮ੍ਰਿੰਤ ਸੰਚਾਰ ਅਰੰਭ ਹੋਵੇਗਾ ਅਮ੍ਰਿੰਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਸਾਹਿਬ ਸਿੰਘ ਜੀ ਹੈੱਡ ਗ੍ਰੰਥੀ ਕੋਲ ਲਿਖਵਾ ਕੇ ਕੱਕਾਰ ਪ੍ਰਾਪਤ ਸਕਦੀਆ ਹਨ ਜੀ।

**ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ:-** ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 4 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਸਮੂਹ ਸੰਗਤ ਵੱਲੋਂ ਹੋਵੇਗੀ ਜੀ।

**ਵਿਸ਼ੇਸ਼ ਸਮਮਾਨ ਸਮਾਰੋਹ:-** ਸਵੇਰੇ 11 ਵਜੇ ਸਮੂਹ ਸਾਧ ਸੰਗਤ ਵੱਲੋਂ ਪੰਥ ਦੀ ਸਿਰਮੋਰ ਹਸਤੀ ਸ.ਦੀਦਾਰ ਸਿੰਘ ਬੈਂਸ ਦਾ ਗੋਲਡ ਮੈਡਲ (GOLD MEDAL) ਨਾਲ ਸਨਮਾਨ ਕੀਤਾ ਜਾਵੇਗਾ, ਉਪਰੰਤ ਹੋਰਨਾਂ ਪਤਵੰਤੇ ਸੱਜਣਾ ਦਾ ਵੀ ਸਨਮਾਨ ਕੀਤਾ ਜਾਵੇਗਾ।

**ਲੈਕਚਰ ਸ਼ੈਸ਼ਨ :-** ਨਵੰਬਰ 4 ਦਿਨ ਸ਼ਨੀਵਾਰ ਨੂੰ ਮੇਨ ਹਾਲ ਵਿੱਚ ਬਾਅਦ ਦੁਪਿਹਰ 1 ਵਜੇ ਤੋਂ 4 ਵਜੇ ਤੱਕ ਲੈਕਚਰ ਸ਼ੈਸ਼ਨ ਹੋਵੇਗਾ,ਜਿਸ ਵਿੱਚ ਹੋਰਨਾਂ ਬੁਲਾਰਿਆਂ ਤੋਂ ਇਲਾਵਾ ਵਿਸ਼ੇਸ਼ ਸੱਦੇ ਤੇ ਇੰਡੀਆ ਤੋਂ ਡਾ.ਹਰਸ਼ਿੰਦਰ ਕੋਰ ਅਤੇ ਇੰਗਲੈਂਡ ਤੋਂ ਪਹੁੰਚ ਰਹੇ ਡਾ.ਇਕਤਿਦਾਰ ਕਰਾਮਤ ਚੀਮਾ ਵੀ ਹਿੱਸਾ ਲੈਣਗੇ।

**ਰੈਣ ਸਬਾਈ ਕੀਰਤਨ:-** 4 ਨਵੰਬਰ ਸ਼ਨੀਵਾਰ ਨੂੰ ਰੈਣ ਸਬਾਈ ਕੀਰਤਨ ਸ਼ਾਮ 6.00 ਵਜੇ ਤੋਂ ਰਾਤ 1.00 ਵੱਜੇ ਤੱਕ ਹੋਵੇਗਾ ਜਿਸ ਵਿੱਚ ਪ੍ਰਸਿੱਧ ਰਾਗੀ ਜੱਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ ਜੀ।

### ਪਹੁੰਚ ਰਹੇ ਰਾਗੀ ਜੱਥੇ ਅਤੇ ਪ੍ਰਚਾਰਕ

(1) ਭਾਈ ਮਨਜੀਤ ਸਿੰਘ ਜੀ ਪਠਾਨਕੋਟ ਵਾਲੇ, ਭਾਈ ਹਰਚਰਨ ਸਿੰਘ ਜੀ ਖਾਲਸਾ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅਮ੍ਰਿੰਤਸਰ ਸਾਹਿਬ,ਭਾਈ ਮਨੋਹਰ ਸਿੰਘ ਜੀ ਦਿੱਲੀ ਵਾਲੇ ਹਜੂਰੀ ਰਾਗੀ ਗੁਰਦਵਾਰਾ ਸਾਹਿਬ ਯੂਬਾ ਸਿਟੀ ਗਿਆਨੀ ਲਖਵਿੰਦਰ ਸਿੰਘ ਜੀ ਸੋਹਲ ਦਾ ਢਾਢੀ ਜੱਥਾ, ਭਾਈ ਮਹਿਲ ਸਿੰਘ ਜੀ ਦਾ ਕਵੀਸ਼ਰੀ ਜੱਥਾ ਆਪ ਸਮੂਹ ਸਾਧ ਸੰਗਤ ਨੂੰ ਨਿਹਾਲ ਕਰਨ ਲਈ ਪਹੁੰਚ ਰਹੇ ਹਨ ਜੀ।

ਨੋਟ:- ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ,ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ ਤੇ ਹੀ ਕੀਤੀ ਜਾਵੇ ਜੀ.ਹੈਂਡੀਕੈਪਡ ਵਾਸਤੇ ਪਾਰਕਿੰਗ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ ਜੀ। ਰਿਵਰ ਵੈਲੀ ਹਾਈ ਸਕੂਲ 801 El Margarita Rd, Yuba City, CA 95993 ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ।

### ਹੋਰ ਜਾਣਕਾਰੀ ਲੈਣ ਲਈ ਇਨ੍ਹਾਂ ਨੰਬਰਾਂ ਤੇ ਕਾਲ ਕਰ ਸਕਦੇ ਹੋ ਜੀ

ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਜੀ:- 530-673-9918, ਚੇਅਰਮੈਨ ਨਗਰ ਕੀਰਤਨ ਸ. ਗੁਰਨਾਮ ਸਿੰਘ ਪੰਮਾ 530-682-6444, ਸ: ਬਲਬੀਰ ਸਿੰਘ ਸੋਹਲ ਪ੍ਰਧਾਨ 530-682-9300, ਸ. ਬਲਰਾਜ ਸਿੰਘ ਢਿਲੋਂ ਸੀਨੀਅਰ ਵਾਈਸ ਪ੍ਰਧਾਨ 530-682-3979, ਸ. ਦਲਵੀਰ ਸਿੰਘ ਗਿੱਲ ਵਾਈਸ ਪ੍ਰਧਾਨ 530-713-4256, ਸ: ਹਰਮਨਦੀਪ ਸਿੰਘ ਸੰਧੂ ਸੈਕਟਰੀ 530-632-2899, ਸ. ਗੁਰਮੇਜ ਸਿੰਘ ਗਿੱਲ ਸੀਨੀਅਰ ਵਾਈਸ ਸੈਕਟਰੀ 530-681-3112 ਸ. ਪਲਵਿੰਦਰ ਸਿੰਘ ਮਾਹੀ ਵਾਈਸ ਸੈਕਟਰੀ 530-237-7084, ਸ: ਸੁਖਵਿੰਦਰ ਸਿੰਘ, ਖਜਾਨਚੀ 530-713-2805, ਸ. ਹਰਭਜਨ ਸਿੰਘ ਢੇਰੀ ਸੀਨੀਅਰ ਵਾਈਸ ਖਜਾਨਚੀ 530-755-6011 ਸ. ਹਰਨਰਿੰਦਰਪਾਲ ਸਿੰਘ ਵਾਈਸ ਖਜਾਨਚੀ 530-682-2911